# ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਬੀ. ਏ. (ਪੰਜਾਬੀ ਲਾਜ਼ਮੀ)** **ਸਮੈਸਟਰ ਪਹਿਲਾ**

**ਪੇਪਰ : ਪੰਜਾਬੀ ਲਾਜ਼ਮੀ** **ਯੂਨਿਟ : 1**

**ਪਾਠ ਨੰ.**


1.1 : ਤਾਸ਼ ਦੀ ਆਦਤ, ਭਾਬੀ ਮੈਨਾ, ਪੇਮੀ ਦੇ ਨਿਆਣੇ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.2 : ਖ਼ਸਮਾਂ ਖਾਣੇ ਅਤੇ ਰਾਸ-ਲੀਲ੍ਹਾ ਕਹਾਣੀ ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ ਪਰਖ

1.3 : ਦਸੌਂਧਾ ਸਿੰਘ ਅਤੇ ਖੱਬਲ ਕਹਾਣੀ ਦਾ ਸਾਰ/ਵਿਸ਼ਾ ਵਸਤੂ ਅਤੇ ਆਲੋਚਨਾਤਮਕ ਪਰਖ

1.4 : ਸਵੇਰ ਹੋਣ ਤੱਕ, ਛਵ੍ਹੀਆਂ ਦੀ ਰੁੱਤ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.5 : ਭਾਗਾਂ ਦੀ ਡੋਰ ਅਤੇ ਮੋਤੀ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.6 : ਬਾਜ਼ਾਰ ਦਾ ਮਾਤਮ, ਕਰੀਰ ਦੀ ਢਿੰਗਰੀ ਅਤੇ ਠੱਗੀ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.7 : ਕਰਾਮਾਤ ਅਤੇ ਇੱਕ ਹਉਕਾ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.8 : ਸੂਲੀ ਉੱਤੇ ਲਟਕੇ ਪਲ ਅਤੇ ਮਰਨ-ਰੁੱਤ ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ

1.9 : ਮਾਈ ਸੱਧਰਾਂ, ਆਪਣੀ ਆਪਣੀ ਸੀਮਾ ਅਤੇ ਮੈਨੂੰ ਟੈਗੋਰ ਬਣਾ ਦੇ, ਮਾਂ.....! ਕਹਾਣੀ ਦਾ ਸਾਰ/ਵਿਸ਼ਾ-ਵਸ਼ਤੂ ਅਤੇ ਆਲੋਚਨਾਤਮਕ ਪਰਖ



**Website : www.pbidde.org**

---

**ਪਾਠ ਨੰਬਰ : 1.1** **ਲੇਖਕ : ਡਾ. ਹਰਦੀਪ ਕੌਰ**

---

## ਤਾਸ਼ ਦੀ ਆਦਤ, ਭਾਬੀ ਮੈਨਾ ਅਤੇ ਪੇਮੀ ਦੇ ਨਿਆਣੇ ਕਹਾਣੀ ਦਾ ਸਾਰ/ਵਿਸ਼ਾ ਵਸਤੂ ਅਤੇ ਆਲੋਚਨਾਤਮਕ-ਪਰਖ

1.1.1 ਪਾਠ ਦਾ ਉਦੇਸ਼

1.1.2. ਭੂਮਿਕਾ

1.1.3 ਪਾਠ ਦੀ ਰੂਪ-ਰੇਖਾ

**1.1.3.1 ਤਾਸ਼ ਦੀ ਆਦਤ-ਨਾਨਕ ਸਿੰਘ**

1.1.3.1.1 ਕਹਾਣੀਕਾਰ ਨਾਨਕ ਸਿੰਘ ਨਾਲ਼ ਜਾਣ-ਪਛਾਣ

1.1.3.1.2 ਤਾਸ਼ ਦੀ ਆਦਤ ਕਹਾਣੀ ਦਾ ਸਾਰ/ਵਿਸ਼ਾ ਵਸਤੂ

1.1.3.1.3 ਤਾਸ਼ ਦੀ ਆਦਤ ਕਹਾਣੀ ਦੀ ਆਲੋਚਨਾਤਮਕ ਪਰਖ

**1.1.3.2 ਭਾਬੀ ਮੈਨਾ-ਗੁਰਬਖ਼ਸ਼ ਸਿੰਘ**

1.1.3.2.1 ਕਹਾਣੀਕਾਰ ਗੁਰਬਖ਼ਸ਼ ਸਿੰਘ ਨਾਲ਼ ਜਾਣ-ਪਛਾਣ

1.1.3.2.2 ਭਾਬੀ ਮੈਨਾ ਕਹਾਣੀ ਦਾ ਸਾਰ/ਵਿਸ਼ਾ ਵਸਤੂ

1.1.3.2.3 ਭਾਬੀ ਮੈਨਾ ਕਹਾਣੀ ਦੀ ਆਲੋਚਨਾਤਮਕ ਪਰਖ

**1.1.3.3 ਪੇਮੀ ਦੇ ਨਿਆਣੇ-ਸੰਤ ਸਿੰਘ ਸੇਖੋਂ**

1.1.3.3.1 ਕਹਾਣੀਕਾਰ ਸੰਤ ਸਿੰਘ ਸੇਖੋਂ ਨਾਲ਼ ਜਾਣ-ਪਛਾਣ

1.1.3.3.2 ਪੇਮੀ ਦੇ ਨਿਆਣੇ ਕਹਾਣੀ ਦਾ ਸਾਰ/ਵਿਸ਼ਾ ਵਸਤੂ

1.1.3.3.3 ਪੇਮੀ ਦੇ ਨਿਆਣੇ ਕਹਾਣੀ ਦੀ ਆਲੋਚਨਾਤਮਕ ਪਰਖ

1.1.4 ਸਿੱਟਾ

1.1.5 ਅਭਿਆਸ ਲਈ ਪ੍ਰਸ਼ਨ

1.1.6 ਸਹਾਇਕ ਪੁਸਤਕ ਸੂਚੀ

### 1.1.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਤੁਹਾਨੂੰ ਸੰਪਾਦਕ ਡਾ. ਹਰਭਿਜਨ ਸਿੰਘ ਦੀ ਪੁਸਤਕ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿੱਚ ਆਈਆਂ ਕਹਾਣੀਆਂ ਦੇ ਕਹਾਣੀਕਾਰਾਂ ਦੀ ਜਾਣ ਪਛਾਣ, ਉਹਨਾਂ ਦੀਆਂ ਕਹਾਣੀਆਂ ਦਾ ਸਾਰ/ਵਿਸ਼ਾ ਵਸਤੂ ਸੰਬੰਧੀ ਸਿਧਾਂਤਕ ਸੂਝ ਦੇਣਾ ਹੈ।

### 1.1.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ. ਏ ਭਾਗ ਪਹਿਲਾ ਪਰਚਾ ਪੰਜਾਬੀ ਲਾਜ਼ਮੀ ਦੇ ਸਿਲੇਬਸ ਵਿੱਚ ਡਾ. ਹਰਿਭਜਨ ਸਿੰਘ ਦੀ ਸੰਪਾਦਿਤ ਪੁਸਤਕ 'ਕਥਾ ਪੰਜਾਬ' ਵਿਚਲੀਆਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਹਨਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਭੇਜੀ ਜਾ ਰਹੀ ਹੈ। 'ਕਥਾ ਪੰਜਾਬ' ਪੁਸਤਕ ਵਿੱਚ ਵੱਖੋ-ਵੱਖਰੇ ਵਿਸ਼ਿਆਂ ਨਾਲ਼ ਸੰਬੰਧਿਤ ਕਹਾਣੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਕੁੱਲ 21 ਕਹਾਣੀਆਂ ਦਰਜ ਹਨ। ਇਸ ਪੁਸਤਕ ਨੂੰ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੁਆਰਾ ਪਹਿਲੀ ਵਾਰ 1970 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

### 1.1.3 ਪਾਠ ਦੀ ਰੂਪ-ਰੇਖਾ

### 1.1.3.1 ਤਾਸ਼ ਦੀ ਆਦਤ-ਨਾਨਕ ਸਿੰਘ

#### 1.1.3.1.1 ਕਹਾਣੀਕਾਰ ਨਾਨਕ ਸਿੰਘ ਨਾਲ਼ ਜਾਣ-ਪਛਾਣ

ਨਾਨਕ ਸਿੰਘ ਪੰਜਾਬੀ ਦਾ ਸਿਰਮੌਰ ਗਲਪਕਾਰ ਸੀ। ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਨੂੰ ਪਿੰਡ ਚੱਕ ਹਮੀਦ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਸ੍ਰੀ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲੱਛਮੀ ਦੀ ਕੁੱਖੋਂ, ਬਤੌਰ ਹੰਸ ਰਾਜ, ਹੋਇਆ। ਉਸ ਦੀ ਰੁਚੀ ਵਧੇਰੇ ਕਰਕੇ ਉਪਨਿਆਸ-ਲੇਖਨ ਵਲ ਰਹੀ ਸੀ। ਸ਼ਹਿਰੀ ਮਧ-ਵਰਗ ਦੀ ਗਰੀਬੀ ਦੇ ਕਰੁਣ ਚਿਤ੍ਰ ਨਾਨਕ ਸਿੰਘ ਦੇ ਗਲਪ-ਰਚਨਾ ਦਾ ਉੱਘਾ ਲੱਛਣ ਹਨ। ਸੰਘਣੀ ਘਟਨਾ-ਬੁਣਤੀ ਇਹਨਾਂ ਦਾ ਮੁਖ ਕਲਾ-ਸਾਧਨ ਹੈ। ਕਹਾਣੀਆਂ ਵਿਚ ਘਟਨਾ-ਬੁਣਤੀ ਰਤਾ ਕੁ ਵਿਰਲ ਹੋ ਜਾਂਦੀ ਹੈ। ਸ਼ਾਇਦ ਇਸੇ ਕਰਕੇ ਹੀ ਨਾਨਕ ਸਿੰਘ ਨੇ ਕਹਾਣੀਆਂ ਕਦੇ ਕਦਾਈਂ ਹੀ ਲਿਖੀਆਂ ਸਨ। ਉਹਨਾਂ ਦੇ ਪ੍ਰਸਿੱਧ ਕਹਾਣੀ-ਸੰਗ੍ਰਹਿ ਹੰਝੂਆਂ ਦੇ ਹਾਰ, ਸਧਰਾਂ ਦੇ ਹਾਰ, ਮਿੱਧੇ ਹੋਏ ਫੁੱਲ, ਠੰਡੀਆਂ ਛਾਵਾਂ, ਸੁਨਹਿਰੀ ਜਿਲਦ, ਸੁਫ਼ਨਿਆਂ ਦੀ ਕਬਰ, ਤਸਵੀਰ ਦੇ ਦੋਵੇਂ ਪਾਸੇ। ਨਾਨਕ ਸਿੰਘ ਨੂੰ ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ 1961 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਅਤੇ 1968 ਵਿੱਚ 'ਪਵਿੱਤਰ ਪਾਪੀ' ਦੇ ਅਧਾਰਿਤ ਇੱਕ ਹਿੰਦੀ ਫ਼ਿਲਮ ਵੀ ਬਣ ਚੁੱਕੀ ਹੈ ਜਿਹੜੀ ਕਿ ਚਰਚਿਤ ਹੋਈ।

#### 1.1.3.1.2 ਤਾਸ਼ ਦੀ ਆਦਤ ਕਹਾਣੀ ਦਾ ਸਾਰ/ਵਿਸ਼ਾ ਵਸਤੂ

ਤਾਸ਼ ਦੀ ਆਦਤ ਕਹਾਣੀ ਪੰਜਾਬੀ ਦੇ ਸਿਰਮੌਰ ਨਾਵਲਕਾਰ ਨਾਨਕ ਸਿੰਘ ਦੀ ਲਿਖੀ ਹੋਈ ਹੈ। ਤਾਸ਼ ਦੀ ਆਦਤ ਘਟਨਾ ਦੀ ਸੰਭਾਵਨਾ ਉੱਪਰ ਉੱਸਰੀ ਕਹਾਣੀ ਹੈ ਜੋ ਮੱਧ ਵਰਗੀ ਚਰਿੱਤਰ ਉੱਪਰ ਕਿਸੇ ਇੱਕ ਅੱਧ ਉਕਤੀ ਰਾਹੀਂ ਨਹੀਂ ਸਗੋਂ ਸਮੁੱਚੀ ਕਥਾ ਬਣਤਰ ਰਾਹੀ ਵਿਅੰਗ ਕਰਦੀ ਹੈ। ਕਹਾਣੀਕਾਰ ਇਸ ਕਹਾਣੀ ਦੇ

ਮਾਧਿਅਮ ਰਾਹੀਂ ਮਾਪਿਆਂ ਦਾ ਆਪਣੇ ਬੱਚਿਆਂ ਪ੍ਰਤੀ ਅੜਬਾਈ ਭਰੇ ਰਵੱਈਏ ਤੇ ਬੁਰੇ ਚਰਿੱਤਰ ਦਾ ਬੱਚਿਆਂ ਉੱਪਰ ਪੈਂਦੇ ਪ੍ਰਭਾਵ ਨੂੰ ਵਿਅਕਤ ਕੀਤਾ ਹੈ। ਇਸ ਕਹਾਣੀ ਦੇ ਵਿਸ਼ੇ ਰਾਹੀਂ ਲੇਖਕ ਨੇ ਸਾਡੇ ਸਮਾਜ-ਪ੍ਰਬੰਧ ਵਿੱਚ ਕਨੂੰਨ ਦੇ ਨਿਯਮਾਂ ਦੀ ਉਲੰਘਣਾ, ਰਿਸ਼ਵਤਖ਼ੋਰੀ ਦੀਆਂ ਵੱਖ-ਵੱਖ ਪਰਤਾਂ ਨੂੰ ਉਘਾੜਕੇ ਤਿੱਖੇ ਵਿਅੰਗਾਤਮਿਕ ਸੁਰ ਵਿੱਚ ਬਿਆਨ ਕੀਤਾ ਹੈ। ਇਸ ਤੋਂ ਇਲਾਵਾ ਮਸੂਮ ਬੱਚੇ ਉੱਤੇ ਰੋਹਬ ਪਾਉਣਾ, ਜੂਆ ਖੇਡਣ ਵਾਲਿਆਂ ਨੂੰ ਉਤਸ਼ਾਹਿਤ ਕਰਨਾ ਅਤੇ ਸਧਾਰਨ ਲੋਕਾਂ 'ਤੇ ਝੂਠੇ ਕੇਸ ਪਾਉਣਾ ਆਦਿ ਵਿਸ਼ਿਆਂ ਨੂੰ ਪੇਸ਼ ਕਰਦਾ ਹੈ। ਕਹਾਣੀ ਵਿੱਚ ਸ਼ੇਖ਼ ਅਬਦੁਲ ਹਮੀਦ ਜੋ ਆਪਣੇ ਪੁੱਤਰ ਨੂੰ ਸਮਝਾਉਣ ਲਈ ਉਸ ਦੀ ਉਮਰ ਦੇਖੇ ਬਿਨਾਂ ਮੋਹ ਪਿਆਰ ਤੋਂ ਸੱਖਣਾ ਹੋ ਕੇ ਕੁੜੱਤਣ ਭਰੇ ਰਵਈਏ ਨੂੰ ਅਪਣਾਉਦਾ ਹੈ। ਸ਼ੇਖ਼ ਅਬਦੁੱਲ ਆਪਣੇ ਪੁੱਤਰ ਬਸ਼ੀਰ ਉੱਪਰ ਆਪਣੇ ਪੁਲਿਸ ਅਫ਼ਸਰ ਵਾਲੇ ਵਿਵਹਾਰ ਨੂੰ ਲਾਗੂ ਕਰਦਾ ਹੈ।

ਕਹਾਣੀ ਦੀ ਸ਼ੁਰੂਆਤ-ਸ਼ੇਖ਼ ਅਬਦੁੱਲ ਹਮੀਦ ਦੁਆਰਾ ਆਪਣੇ ਨੌਕਰ ਰਹੀਮੇ ਨੂੰ ਆਵਾਜ਼ ਮਾਰਨ ਦੁਆਰਾ ਹੁੰਦੀ ਹੈ। ਸ਼ੇਖ਼ ਅਬਦੁੱਲ ਹਮੀਦ ਸਬ-ਇੰਸਪੈਕਟਰ ਨੇ ਆਪਣੇ ਘਰ ਦਾ ਬੂਹਾ ਵੜਦਿਆਂ ਹੀ ਆਪਣੇ ਨੌਕਰ ਰਹੀਮੇ ਨੂੰ ਆਵਾਜ਼ ਦਿੱਤੀ ਅਤੇ ਨਾਲ ਹੀ ਆਪਣੇ ਪੁੱਤਰ ਬਸ਼ੀਰ ਨੂੰ ਬੁਲਾਉਣ ਲਈ ਕਿਹਾ। ਸ਼ੇਖ਼ ਅਬਦੁਲ ਆਪਣੇ ਪ੍ਰਾਈਵੇਟ ਕਮਰੇ ਵਿੱਚ ਪਹੁੰਚ, ਕੋਟ ਤੇ ਪੇਟੀ ਲਾ ਕੇ ਕਿੱਲੀ ਤੇ ਟੰਗ ਮੇਜ਼ ਦੇ ਅੱਗੇ ਜਾ ਬੈਠਾ। ਮੇਜ਼ ਉੱਤੇ ਬਹੁਤ ਸਾਰਾ ਸਮਾਨ ਖਿੱਲਰਿਆ ਪਿਆ ਸੀ। ਇੱਕ ਨੁੱਕਰੇ ਮੋਟੀਆਂ-ਪਤਲੀਆਂ ਕਾਨੂੰਨੀ, ਗੈਰ- ਕਾਨੂੰਨੀ ਕਿਤਾਬਾਂ ਤੇ ਕਾਗ਼ਜ਼ਾਂ ਨਾਲ ਧੁੱਸੀਆਂ ਹੋਈਆਂ ਕਈ ਫਾਈਲਾਂ ਪਈਆਂ ਸਨ। ਵਿਚਕਾਰ ਕਲਮਦਾਨ ਤੇ ਉਸਦੇ ਲਾਗੇ ਕਰਕੇ ਅੱਜ ਦੀ ਆਈ ਹੋਈ ਡਾਕ ਪਈ ਸੀ, ਜਿਸ ਵਿੱਚ ਪੰਜ ਛੇ ਲਿਫ਼ਾਫ਼ੇ, ਦੋ ਤਿੰਨ ਪੋਸਟ ਕਾਰਡ ਤੇ ਇੱਕ ਦੋ ਅਖ਼ਬਾਰਾਂ ਵੀ ਸਨ। ਪਿੰਨ-ਕੁਸ਼ਨ, ਬਲਾਟਿੰਗ, ਪੇਪਰ ਵੇਟ, ਟੈਗਾਂ ਦਾ ਇੱਕ ਮੁੱਠਾ ਤੇ ਹੋਰ ਇਹੋ ਜਿਹਾ ਬਥੇਰਾ ਨਿਕਲ ਸੁੱਕੜ ਥਾਉਂ ਥਾਈਂ ਪਿਆ ਸੀ।

ਸ਼ੇਖ਼ ਅਬਦੁਲ ਹਮੀਦ ਆਪਣੀ ਕੁਰਸੀ 'ਤੇ ਬੈਠਾ ਤੇ ਪੰਜ ਸਾਲਾਂ ਦਾ ਉਹਨਾਂ ਦਾ ਪੁੱਤਰ ਬਸ਼ੀਰ ਵੀ ਸਾਹਮਣੇ ਆ ਕੇ ਬੈਠ ਗਿਆ। ਸ਼ੇਖ਼ ਅਬਦੁਲ ਨੇ ਉਸ ਨੂੰ ਬੜੇ ਗੁੱਸੇ ਨਾਲ ਪੁੱਛਿਆ ਕਿ ਕੀ ਉਸਨੇ ਅੱਜ ਤਾਸ਼ ਖੇਡੀ ਸੀ? ਬਸ਼ੀਰ ਵੇਖਣ ਤੋਂ ਬੜਾ ਚੁਸਤ ਚਲਾਕ ਤੇ ਸ਼ਰਾਰਤੀ ਜਿਹਾ ਸੀ, ਪਰ ਪਿਓ ਦੇ ਕਮਰੇ ਵਿੱਚ ਵੜਦਿਆਂ ਹੀ ਉਸਦਾ ਸੁਭਾਉ ਇੱਕਦਮ ਬਦਲ ਗਿਆ, ਚੰਚਲ ਤੇ ਫੁਰਤੀਲੀਆਂ ਅੱਖਾਂ ਨਿਉਂ ਗਈਆਂ, ਸਰੀਰ ਵਿੱਚ ਜਿਵੇਂ ਸਾਹ ਸੱਤ ਹੀ ਨਹੀਂ ਸੀ। ਸ਼ੇਖ਼ ਸਾਹਿਬ ਦੇ ਪੁੱਛਣ ਤੇ ਪਹਿਲਾ ਤਾਂ ਉਸਨੇ ਇਨਕਾਰ ਕਰ ਦਿੱਤਾ ਪਰ ਜਦੋਂ ਸ਼ੇਖ਼ ਸਾਹਿਬ ਨੇ ਉਸ ਨੂੰ ਤਾਸ਼ ਖੇਡਦਿਆਂ ਅੱਖੀਂ ਦੇਖਿਆ ਹੈ, "ਕਿਹਾ ਤਾਂ ਉਹ ਮੰਨ ਗਿਆ।"

ਸ਼ੇਖ਼ ਸਾਹਿਬ ਨੇ ਆਪਣੇ ਬੱਚੇ ਨੂੰ ਸਮਝਾਉਣ ਲਈ ਪਿਆਰ ਭਰੇ ਵਿਹਾਰ ਨੂੰ ਨਾ ਅਪਣਾ ਕੇ ਉਸ ਨੂੰ ਆਪਣੇ ਪੁਲਿਸ ਅਫ਼ਸਰੀ ਆਹੁੱਦੇ ਵਾਲੇ ਵਰਤਾਓ ਰਾਹੀਂ ਸਿੱਖਿਆ ਦਿੱਤੀ ਕਿ ਇੱਕ ਗੁਨਾਹ ਕਈ ਗੁਨਾਹਾਂ ਨੂੰ ਜਨਮ ਦਿੰਦਾ ਹੈ, ਫਿਰ ਸ਼ੇਖ਼ ਸਾਹਿਬ ਨੇ ਦੱਸਿਆ ਕਿ ਤਾਸ਼ ਇੱਕ ਕਿਸਮ ਦਾ ਜੂਆ ਹੈ। ਇਸ ਦੀ ਭੈੜੀ ਆਦਤ ਇੱਕ ਆਦਮੀ ਤੋਂ ਦੂਜੇ ਤੱਕ ਫੈਲਦੀ ਜਾਂਦੀ ਹੈ ਪ੍ਰੰਤੂ ਬਸ਼ੀਰ ਉਹਨਾਂ ਦੀਆਂ ਸਾਰੀਆਂ ਗੱਲਾਂ ਨੂੰ ਬੜੀ ਬੇਧਿਆਨੀ ਨਾਲ ਸੁਣ ਰਿਹਾ ਸੀ ਤੇ ਉਹ ਆਪਣੀ ਮਸਤੀ ਵਿੱਚ ਮੇਜ਼ ਉੱਪਰ ਪਈਆਂ ਚੀਜ਼ਾਂ ਨੂੰ ਛੇੜਨ ਜਾਂ ਖ਼ਰਾਬ ਕਰਨ ਵਿੱਚ ਰੁੱਝਾ ਹੋਇਆ ਸੀ।

ਸ਼ੇਖ਼ ਅਬਦੁੱਲ ਸਾਹਿਬ ਨੂੰ ਵਿਚਕਾਰ ਹੀ ਬਾਬੂ ਪ੍ਰਸ਼ੋਤਮ ਦਾਸ ਦਾ ਟੈਲੀਫ਼ੋਨ ਆ ਜਾਂਦਾ ਹੈ, ਜਿਸ ਤੋਂ ਸ਼ੇਖ਼ ਸਾਹਿਬ ਨੇ ਲਾਟਰੀ ਦੀਆਂ ਟਿਕਟਾਂ ਲਈਆਂ ਸਨ ਤੇ ਨਾਲ ਹੀ ਕਿਹਾ, ਕਿ ਉਹ ਉਹਨਾਂ ਦੀ ਹੀ ਲਾਟਰੀ

ਕੱਢੇ। ਸ਼ੇਖ਼ ਅਬਦੁਲ ਨੇ ਆਪਣੀਆਂ ਫਾਈਲਾਂ ਤੇ ਵਾਰੰਟਾਂ ਦੇ ਮਜਬੂਨਾਂ ਵੱਲ ਧਿਆਨ ਦਿੰਦਿਆਂ ਹੋਇਆ ਨਾਲ ਹੀ ਬਸ਼ੀਰ ਨੂੰ ਦੁਬਾਰਾ ਕਹਿਣਾ ਸ਼ੁਰੂ ਕਰ ਦਿੱਤਾ ਕਿ ਤਾਸ਼ ਤੋਂ ਜੂਆ ਅਤੇ ਜੂਏ ਤੋਂ ਚੋਰੀ ਦੀ ਆਦਤ ਪੈਂਦੀ ਹੈ, ਜਿਸ ਦੇ ਕਾਰਨ ਆਦਮੀ ਜੇਲ੍ਹ ਵਿੱਚ ਚਲਾ ਜਾਂਦਾ ਹੈ। ਸ਼ੇਖ਼ ਅਬਦੁਲ ਜਦੋਂ ਦੇਖਦਾ ਹੈ ਕਿ ਬਸ਼ੀਰ ਮੇਜ਼ ਉੱਪਰ ਪਈਆਂ ਚੀਜ਼ਾਂ ਨੂੰ ਖ਼ਰਾਬ ਕਰਨ ਲੱਗਾ ਹੋਇਆ ਹੈ। ਉਸ ਨੂੰ ਉਸ ਦੀਆਂ ਨਸੀਹਤਾਂ ਵਿੱਚ ਰੁਚੀ ਨਾ ਦੇਖਦਾ ਹੋਇਆ। ਉਸ ਨੂੰ ਚੰਗੀ ਤਰ੍ਹਾਂ ਡਾਂਟਦਾ ਹੈ। ਸ਼ੇਖ਼ ਅਬਦੁੱਲ ਪੁਲਿਸ ਅਫ਼ਸਰੀ ਵਾਲਾ ਰੋਹਬ ਮਾਰਦਾ ਹੋਇਆ ਕਹਿੰਦਾ ਹੈ ਕਿ ਸਰਕਾਰ ਉਨ੍ਹਾਂ ਨੂੰ ਇੰਨੀਆਂ ਤਨਖ਼ਾਹਾਂ ਕਿਉਂ ਦਿੰਦੀ ਹੈ? ਸਿਰਫ਼ ਇਸ ਲਈ ਕਿ ਅਸੀਂ ਮੁਲਕ ਵਿੱਚ ਜੁਰਮ ਦਾ ਖ਼ਾਤਮਾ ਕਰੀਏ ਪਰ ਜੇ ਸਾਡੇ ਬੱਚੇ ਜੂਏ ਤੇ ਤਾਸ਼ ਖੇਡਣ ਲੱਗ ਪਏ ਤਾਂ ਦੁਨੀਆ ਕੀ ਕਹੇਗੀ?

ਸ਼ੇਖ਼ ਅਬਦੁਲ ਨੇ ਆਪਣੇ ਘਰ ਦੇ ਕੰਮਾਂ ਲਈ ਦੋ ਤਿੰਨ ਵਫ਼ਾਦਾਰ ਸਿਪਾਹੀ ਘਰ ਵਿੱਚ ਰੱਖੇ ਹੋਏ ਸਨ। ਇਹਨਾਂ ਵਿੱਚੋਂ ਇੱਕ ਡੰਗਰਾਂ ਲਈ ਅਤੇ ਤੀਜਾ ਜਿਹੜਾ ਅੰਦਰ ਸੀ, ਜਿਸ ਨੂੰ ਕਿ ਉਹਨਾਂ ਨੇ ਅਸਾਮੀਆਂ ਨਾਲ ਰਕਮਾਂ ਖਰੀਆਂ ਕਰਨ ਲਈ ਰੱਖਿਆ ਹੋਇਆ ਸੀ। ਉਸਨੇ ਦੱਸਿਆ ਕਿ ਬੁੱਗੀ ਬਦਮਾਸ਼ ਦੇ ਆਦਮੀ ਦੁਸ਼ਹਿਰੇ ਵਿੱਚ ਡੈਸ਼ (ਜੂਏ ਖਾਨੇ) ਦਾ ਅੱਡਾ ਲਾਉਣਾ ਚਾਹੁੰਦੇ ਹਨ। ਉਸ ਨੇ ਸ਼ੇਖ਼ ਸਾਹਿਬ ਲਈ 250 ਰੁਪਏ ਦੀ ਮੰਗ ਕੀਤੀ ਪਰ ਹੁਣ ਸ਼ੇਖ਼ ਸਾਹਿਬ ਆਪ ਹੀ ਗੱਲ ਕਰਨ ਲਈ ਆਏ ਸਨ। ਸ਼ੇਖ਼ ਸਾਹਿਬ ਉਹਨਾਂ ਨਾਲ ਗੱਲ ਕਰਨ ਸਮੇਂ ਬਾਹਰ ਜਾਣ ਲਈ ਉੱਠਦੇ ਹਨ ਤਾਂ ਉਹਨਾਂ ਨੇ ਬਸ਼ੀਰ ਵੱਲ ਤੱਕਿਆ। ਉਹ ਊਂਘ ਰਿਹਾ ਸੀ, ਜੋ ਝਟ-ਪਟ ਉਹ ਦਬਕਾ ਮਾਰ ਕੇ ਉਸ ਨੂੰ ਜਗਾ ਨਾ ਦਿੰਦੇ ਤਾਂ ਉਸ ਦਾ ਮੱਥਾ ਮੇਜ਼ ਨਾਲ ਵੱਜਣਾ ਸੀ। ਸ਼ੇਖ਼ ਸਾਹਿਬ ਨੇ ਕਿਹਾ ਕਿ ਉਹ ਫਿਰ ਤਾਸ਼ ਨਾ ਖੇਡੇ ਉਹਨਾਂ ਦੇ ਜਾਣ ਮਾਰਗੋਂ ਬਸ਼ੀਰ ਨੇ ਖੜੇ ਹੋ ਕੇ ਇੱਕ, ਦੋ ਆਕੜਾਂ ਤੇ ਉਬਾਸੀਆਂ ਲਈਆਂ, ਅੱਖਾਂ ਮਲੀਆਂ ਤੇ ਫਿਰ ਨੱਚਦਾ ਭੁੜਕਦਾ ਬਾਹਰ ਨਿਕਲ ਗਿਆ।

### 1.1.3.1.3 ਤਾਸ਼ ਦੀ ਆਦਤ ਕਹਾਣੀ ਦੀ ਆਲੋਚਨਾਤਮਕ ਪਰਖ

ਨਾਨਕ ਸਿੰਘ ਪੰਜਾਬੀ ਦਾ ਸਿਰਮੌਰ ਗਲਪਕਾਰ ਹੋਣ ਕਰਕੇ ਉਹਨਾਂ ਦੀ ਵਧੇਰੇ ਰੁਚੀ ਨਾਵਲ ਲਿਖਣ ਵੱਲ ਹੀ ਰਹੀ ਸੀ ਪਰ ਸੰਘਣੀ ਘਟਨਾ ਬੁਣਤੀ ਇਹਨਾਂ ਦੀ ਮੁੱਖ ਕਲਾ ਸਾਧਨ ਹੈ। ਨਾਨਕ ਸਿੰਘ ਨੇ ਭਾਵੇਂ ਕਹਾਣੀਆਂ ਕਦੇ ਕਦਾਈ ਹੀ ਲਿਖੀਆਂ ਹਨ ਪਰ ਉਹਨਾਂ ਦੀ ਕਹਾਣੀ ਇੱਕ ਸੁਆਦਲੀ ਤੇ ਰੌਚਕ ਕਹਾਣੀ ਦਾ ਦਰਜਾ ਰੱਖਦੀ ਹੈ। ਕਹਾਣੀਕਾਰ ਕਹਾਣੀ ਨੂੰ ਰੋਚਕ ਭਰਪੂਰ ਵਿਸ਼ੇ ਵਜੋਂ ਉਭਾਰਦਾ ਹੈ। ਕਹਾਣੀ ਵਿੱਚ ਸ਼ੇਖ਼ ਅਬਦੁਲ ਆਪਣੇ ਬੱਚੇ ਨੂੰ ਜਿੱਥੇ ਨਸੀਹਤਾਂ ਦੇ ਕੇ ਉਸਦੇ ਚਰਿੱਤਰ ਨੂੰ ਨੇਕ ਰੱਖਣਾ ਚਾਹੁੰਦਾ ਹੈ ਪਰ ਉਹ ਆਪ ਇੱਕ ਭ੍ਰਿਸ਼ਟ ਕਿਰਦਾਰ ਵਾਲਾ ਵਿਅਕਤੀ ਹੈ, ਜਿਸ ਕਰਕੇ ਉਸ ਦੀਆਂ ਨਸੀਹਤਾਂ ਦਾ ਕੋਈ ਵੀ ਅਸਰ ਉਸਦੇ ਬੱਚੇ ਉੱਪਰ ਨਹੀਂ ਪੈਂਦਾ। ਕਹਾਣੀ ਵਿਚਲੀ ਸਾਰੀ ਘਟਨਾ ਚੁਸਤ ਤੇ ਵਾਰਤਾਲਾਪੀ ਅੰਸ਼ ਨਾਲ ਭਰਪੂਰ ਹੈ। ਕਹਾਣੀ ਦਾ ਕਥਾਨਕ ਬੜੇ ਹੀ ਯਥਾਰਥਕ ਤੇ ਪ੍ਰਭਾਵਸ਼ਾਲੀ ਢੰਗ ਦਾ ਹੈ ਤੇ ਅੰਤ ਸੁਝਾਊ ਰੂਪ ਵਿੱਚ ਪੇਸ਼ ਹੋਇਆ ਹੈ।

ਇਸ ਕਹਾਣੀ ਰਾਹੀਂ ਕਹਾਣੀਕਾਰ ਨੇ ਮਾਪਿਆਂ ਦਾ ਆਪਣੇ ਬੱਚਿਆਂ ਪ੍ਰਤੀ ਵਿਵਹਾਰ ਨੂੰ ਬੜੇ ਹੀ ਮਨੋਵਿਗਿਆਨਕ ਤੇ ਵਿਅੰਗਾਤਮਿਕ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਮਾਪਿਆ ਨੂੰ ਇਹ ਨਸ਼ੀਅਤ ਦੇਣਾ ਚਾਹੁੰਦਾ ਹੈ ਕਿ ਬੱਚਿਆਂ ਪ੍ਰਤੀ ਸਾਰਥਿਕ ਤੇ ਕੋਮਲ ਰਵੱਈਆ ਅਪਣਾ ਕੇ ਉਹਨਾਂ ਨੂੰ ਇੱਕ ਸਹੀ ਦਿਸ਼ਾ ਵੱਲ ਤੋਰਿਆ ਜਾ ਸਕਦਾ ਹੈ। ਕਹਾਣੀ ਦਾ ਸਿਰਲੇਖ ਵਿਸ਼ੇ ਦੇ ਅਨੁਸਾਰ ਬਹੁਤ ਢੁਕਵਾਂ ਹੈ ਕਿਉਂਕਿ ਕਹਾਣੀ ਵਿੱਚ ਇੱਕ ਬੱਚੇ ਦੇ ਮਾਧਿਅਮ ਰਾਹੀਂ ਵਿਸ਼ੇ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚਲੀ ਵਾਰਤਾਲਾਪ ਤੇ

ਬੋਲੀ ਕਹਾਣੀ ਦੇ ਵਿਸ਼ੇ ਅਨੁਸਾਰ ਢੁਕਵੀਂ ਹੈ ਤੇ ਉਸਦੇ ਪਾਤਰਾਂ ਦੇ ਸੁਭਾਅ ਦਾ ਚਿਤਰਨ ਵੀ ਉਸਾਰੂ ਢੰਗ ਦੇ ਨਾਲ ਹੋਇਆ ਹੈ। ਕਹਾਣੀ ਵਿਚਲੇ ਪਾਤਰਾਂ ਦੇ ਅਨੁਸਾਰ ਹੀ ਬੋਲੀ ਅਪਣਾਈ ਗਈ ਹੈ।

**ਸਵੈ ਮੁਲਾਂਕਣ**

1. ਬਸ਼ੀਰ ਕਿਸ ਕਹਾਣੀ ਦਾ ਪਾਤਰ ਹੈ?

..........................................................................................................
..........................................................................................................

2. ਸ਼ੇਖ਼ ਅਬਦੁਲ ਹਮੀਦ ਦਾ ਸੁਭਾਅ ਕਿਹੋ ਜਿਹਾ ਸੀ?

..........................................................................................................
..........................................................................................................

### 1.1.3.2 ਭਾਬੀ ਮੈਨਾ-ਗੁਰਬਖ਼ਸ਼ ਸਿੰਘ

#### 1.1.3.2.1 ਕਹਾਣੀਕਾਰ ਗੁਰਬਖ਼ਸ਼ ਸਿੰਘ ਨਾਲ਼ ਜਾਣ-ਪਛਾਣ

ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬ ਦੇ ਇੱਕ ਮਹਾਨ ਲੇਖਕ ਅਤੇ ਸਾਹਿਤਕਾਰ ਸਨ। ਉਹਨਾਂ ਦੀਆਂ ਰਚਨਾਵਾਂ ਵਿੱਚ ਕਹਾਣੀਆਂ, ਲੇਖ ਤੇ ਕਵਿਤਾਵਾਂ ਸ਼ਾਮਲ ਹਨ। ਉਹ ਆਪਣੀਆਂ ਰਚਨਾਵਾਂ ਰਾਹੀਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਲ਼-ਨਾਲ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਿਆਨ ਕਰਦੇ ਸਨ। ਉਹਨਾਂ ਦੀਆਂ ਰਚਨਾਵਾਂ ਵਿਚ ਉਹਨਾਂ ਦੀ ਵਿਆਖਿਆਤਮਕ ਦ੍ਰਿਸ਼ਟੀ ਤੇ ਸਮਾਜਿਕ ਜਾਗਰੂਕਤਾ ਦੀ ਝਲਕ ਮਿਲਦੀ ਹੈ। ਪ੍ਰੀਤਲੜੀ ਦਾ ਸਾਹਿਤਕ ਖੇਤਰ ਪਾਏ ਯੋਗਦਾਨ ਸਦਕਾਂ ਉਹਨਾਂ ਦੀਆਂ ਰਚਨਾਵਾਂ ਜਿੱਥੇ ਪਾਠਕਾਂ ਵੱਲੋਂ ਵੱਡੇ ਪੱਧਰ 'ਤੇ ਪੜ੍ਹੀਆਂ ਜਾਂਦੀਆਂ ਹਨ ਉੱਥੇ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਵੀ ਬਣਦੀਆਂ ਹਨ। ਇਹਨਾਂ ਦਾ ਜਨਮ 1895-1977 ਨੂੰ ਹੋਇਆ ਮੰਨਿਆ ਜਾਂਦਾ ਹੈ। ਉਹਨਾਂ ਨੇ ਬੀ. ਐਸ. ਸੀ, ਸੀ. ਈ. ਦੀ ਵਿਦਿਆ (ਮਿਚੀਗਨ, ਯੂ. ਐਸ. ਏ.) ਤੋਂ ਪ੍ਰਾਪਤ ਕੀਤੀ। ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਪ੍ਰੀਤ ਕਹਾਣੀਆਂ, ਨਾਗ ਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ, ਵੀਣਾ ਵਿਨੋਦ, ਸ਼ਬਨਮ, ਭਾਬੀ ਮੈਨਾ ਤੇ ਹੋਰ ਕਹਾਣੀਆਂ, ਆਖ਼ਰੀ ਸਬਕ ਪ੍ਰੀਤਾਂ ਦੇ ਪਹਿਰੇਦਾਰ, ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ ਤੇ ਜ਼ਿੰਦਗੀ ਵਾਰਸ ਹੈ। ਪ੍ਰੀਤਲੜੀ ਨਾਗਰਿਕ ਸੂਖਮਤਾ ਦਾ ਕਲਾਕਾਰ ਸੀ। ਇਸ ਨੇ ਪਹਿਲੀ ਵਾਰ ਪੰਜਾਬੀ ਗਲਪ ਨੂੰ ਨਿਸ਼ਚਿਤ ਜੀਵਨ-ਦਰਸ਼ਨ ਦਾ ਆਧਾਰ ਦੇਣ ਦਾ ਯਤਨ ਕੀਤਾ। ਬਹੁਤ ਵਾਰ ਕਹਾਣੀ ਦਰਸ਼ਨ ਨੂੰ ਸਚਿਤਰਦੀ ਹੈ ਅਤੇ ਕਦੀ ਕਦੀ ਦਰਸ਼ਨ ਕਹਾਣੀ ਨੂੰ ਗਹਿਰਾਈ ਵੀ ਦਿੰਦਾ ਹੈ।

#### 1.1.3.2.2 ਭਾਬੀ ਮੈਨਾ ਕਹਾਣੀ ਦਾ ਸਾਰ/ਵਿਸ਼ਾ ਵਸਤੂ

'ਭਾਬੀ ਮੈਨਾ' ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਚਰਚਿਤ ਕਹਾਣੀ ਹੈ। ਇਸ ਕਹਾਣੀ ਵਿਚ ਸਹਿਜ ਪ੍ਰੀਤ ਇਕ ਬੱਚੇ ਦੇ ਮਾਧਿਅਮ ਰਾਹੀਂ ਪੇਸ਼ ਹੋਈ ਹੈ। ਮੱਧ-ਉਮਰ ਦੇ ਪ੍ਰੇਮ ਨੂੰ ਬਾਲ-ਉਮਰ ਦੇ ਸੰਬੰਧ ਰਾਹੀਂ ਪੇਸ਼ ਕਰਨਾ

ਗੁਰਬਖ਼ਸ਼ ਸਿੰਘ ਦੀ ਵਿਸ਼ੇਸ਼ ਕਲਾ-ਜੁਗਤ ਹੈ ਜੋ ਕਈ ਕਹਾਣੀਆਂ ਵਿਚ ਵਰਤੀ ਗਈ ਹੈ। ਇਸੇ ਜੁਗਤ ਰਾਹੀਂ ਪਿਆਰ ਨੂੰ ਸੁੱਚਿਆਂ ਰਹਿਣ ਦਾ ਮੌਕਾ ਮਿਲਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਰਚਿਤ ਕਹਾਣੀ 'ਭਾਬੀ ਮੈਨਾ' ਦਾ ਵਿਸ਼ਾ ਨੌਜਵਾਨ ਵਿਧਵਾ ਔਰਤ ਦੇ ਮਨ ਦੀਆਂ ਪੀੜਾ ਨੂੰ ਵਿਅਕਤ ਹੀ ਨਹੀਂ ਕਰਦੀ ਸਗੋਂ ਜਾਗੀਰੂ ਸੰਸਕਾਰਾਂ ਦੀ ਲਪੇਟ ਨੂੰ ਸਹਿੰਦੀ ਹੋਈ ਸਮਾਜਿਕ ਬੰਧਨਾਂ ਵਿੱਚ ਜਕੜੀ ਹੋਈ ਇਸਤਰੀ ਹੈ। ਸਮਾਜਿਕ ਤੇ ਧਾਰਮਿਕ ਬਲਗਣਾ ਜੋ ਉਸ ਦੇ ਰਸਤੇ ਦੀ ਰੁਕਾਵਟ ਬਣਦੀਆਂ ਹਨ। ਉਹਨਾਂ ਤੋਂ ਨਿਜਾਤ ਪਾਉਣ ਲਈ ਉਹ ਮੌਤ ਨੂੰ ਗਲ ਲਗਾਉਣਾ ਬਿਹਤਰ ਸਮਝਦੀ ਹੈ।

ਇਸ ਕਹਾਣੀ ਦੀ ਸਾਰੀ ਕਥਾ ਭਾਬੀ ਮੈਨਾ ਦੇ ਦੁਆਲੇ ਕੇਂਦਰਿਤ ਹੈ। ਕਹਾਣੀ ਵਿੱਚ ਅਸੀਂ ਦੇਖਦੇ ਹਾਂ ਕਿ ਸ਼ਹਿਰ ਦੀ ਇੱਕ ਗਲੀ ਦੇ ਦੋ ਆਹਮਣੇ ਸਾਹਮਣੇ ਘਰਾਂ ਵਿਚਕਾਰ ਮਸਾਂ ਤਿੰਨ ਸਾਢੇ ਤਿੰਨ ਗਜ ਦੀ ਵਿੱਥ ਸੀ। ਪਹਿਲੀ ਛੱਤ ਉੱਤੇ ਦੋ ਬਾਰੀਆਂ ਆਹਮੋ ਸਾਹਮਣੇ ਖੁੱਲ੍ਹਦੀਆਂ ਸਨ। ਇੱਕ ਵਾਰੀ ਵਿੱਚੋਂ ਸਾਹਮਣੇ ਕੰਧ ਨਾਲ ਇੱਕ ਵੱਡਾ ਸ਼ੀਸ਼ਾ ਲਟਕਿਆ ਹੋਇਆ ਦਿਖਾਈ ਦਿੰਦਾ ਹੈ। ਇਸ ਕਮਰੇ ਵਿੱਚ ਇੱਕ ਮੰਜੀ, ਇੱਕ ਪੀੜੀ, ਇੱਕ ਆਲ਼ੇ ਵਿੱਚ ਦੋ ਚਾਰ ਕਿਤਾਬਾਂ, ਕੰਘੀ, ਤੇਲ ਤੇ ਕੰਧ ਉੱਤੇ ਇੱਕ-ਦੋ ਤਸਵੀਰਾਂ, ਟੋਕਰੀ ਵਿੱਚ ਦੋ-ਚਾਰ ਕੱਪੜੇ ਪਏ ਦਿਖਾਈ ਦਿੰਦੇ ਹਨ। ਇਸ ਛੋਟੇ ਜਿਹੇ ਕਮਰੇ ਵਿੱਚ ਸਿਵਾਏ ਇੱਕੋ ਇਸਤਰੀ ਦੇ ਹੋਰ ਕੋਈ ਸੂਰਤ ਕਦੇ ਨਹੀਂ ਦੇਖੀ। ਇਹ ਕਦੇ ਕਸੀਦਾ ਕੱਢਦੀ, ਕਦੇ ਕਿਤਾਬ ਪੜ੍ਹਦੀ, ਕਦੇ ਊਂਧੀ ਪਾਈ ਬੈਠੀ ਹੁੰਦੀ-ਤੇ ਕਦੇ ਇਹ ਸ਼ੀਸ਼ੇ ਦੇ ਸਾਹਮਣੇ ਖਲੋ ਕੇ ਆਪਣੇ ਵਾਲਾਂ ਨੂੰ ਕਿੰਨਾ ਚਿਰ ਕੰਘੀ ਕਰਦੀ ਰਹਿੰਦੀ ਸੀ। ਇਸ ਦੇ ਵਾਲ ਬਹੁਤ ਲੰਬੇ ਸਨ। ਅਤੇ ਉਸਨੂੰ ਆਪਣੇ ਵਾਲਾਂ ਉੱਪਰ ਬੜਾ ਮਾਣ ਸੀ। ਇਸ ਦੇ ਨਾਲ ਹੀ ਉਹ ਜਵਾਨ ਅਤੇ ਲੰਬੀ ਸੀ।

ਇਸ ਦਾ ਜੀਵਨ ਬੜਾ ਉਦਾਸ ਸੀ ਤੇ ਉਹ ਆਪਣੀ ਪੀੜਾਂ ਦੇ ਕਾਰਨ ਬਾਰੀ ਦੀ ਰੌਂਸ ਉੱਤੇ ਬੈਠੀ ਹੰਝੂ ਕੇਰਦੀ ਰਹਿੰਦੀ ਪਰ ਕਦੇ ਵੀ ਉਸ ਨੇ ਬਾਰੀ ਵਿੱਚੋਂ ਬਾਹਰ ਵੱਲ ਨਹੀਂ ਸੀ ਦੇਖਿਆ। ਗਲੀ ਵਾਲਿਆਂ ਨੂੰ ਸਿਰਫ਼ ਇਸ ਦੀ ਬੈਠਕ ਦਾ ਅਹਿਸਾਸ ਹੁੰਦਾ ਸੀ ਤੇ ਜਦੋਂ ਉਸਨੂੰ ਕੋਈ ਬੁਲਾਉਂਦਾ ਤਾਂ ਉਹ ਮਿੱਠੇ ਲਹਿਜ਼ੇ ਵਿੱਚ ਹੀ ਆਵਾਜ਼ ਦਿੰਦੀ ਸੀ। ਜਦੋਂ ਇਹ ਕਮਰੇ ਵਿੱਚ ਨਹੀਂ ਹੁੰਦੀ ਸੀ ਤਾਂ ਬਾਰੀ ਬੰਦ ਹੀ ਹੁੰਦੀ ਸੀ ਪਰ ਸਿਆਲ ਵਿੱਚ ਲੌਡੇ ਕੁ ਵੇਲੇ ਤੇ ਗਰਮੀਆਂ ਵਿੱਚ ਬਾਰਾਂ ਕੁ ਵਜੇ ਇਹ ਬਾਰੀ ਜ਼ਰੂਰ ਖੁੱਲ੍ਹਦੀ ਸੀ, ਤੇ ਇਹ ਬਾਰੀ ਵਿੱਚ ਪਾਸਾ ਪਰਤ ਕੇ ਹੀ ਬੈਠਦੀ ਸੀ ਤੇ ਕਦੇ ਹੀ ਗਲੀ ਵੱਲ ਝਾਕ ਲਿਆ ਕਰਦੀ ਸੀ ਸਾਹਮਣੇ ਚੁਬਾਰੇ ਵਾਲੇ ਘਰ ਦਾ ਬੱਚਾ ਬਸਤਾ ਫੜੀ ਗਲੀ ਦਾ ਮੋੜ ਮੁੜਦਾ ਜਦੋਂ ਇਸ ਨੂੰ ਦਿਸ ਪੈਂਦਾ ਤਾਂ ਉਹ ਕੰਮ ਛੱਡ ਕੇ ਉਸਨੂੰ ਦੇਖਣ ਲਈ ਜ਼ਰੂਰ ਆਉਂਦੀ ਸੀ। ਉਹ ਲੜਕਾ (ਕਾਕਾ) ਵੀ ਕਦੇ-ਕਦੇ ਉਤਾਂਹਾਂ ਵੱਲ ਦੇਖਦਾ ਤੇ ਫਿਰ ਆਪਣੇ ਘਰ ਜਾ ਵੜਦਾ। ਉਹ ਕਦੇ ਉਸ ਦੇ ਘਰ ਨਹੀਂ ਸੀ ਗਈ ਸਿਰਫ਼ ਉਸ ਨੂੰ ਆਉਂਦੇ ਨੂੰ ਦੇਖਦੀ ਜਾਂ ਜਦ ਉਹ ਪੌੜੀਆਂ ਚੜ੍ਹਨ ਦੀ ਟੁਪ-ਟੁਪ ਉਸਦੇ ਕੰਨਾਂ ਵਿੱਚ ਹੁੰਦੀ।

ਜਦੋਂ ਕਾਕਾ ਘਰ ਆ ਜਾਂਦਾ ਤਾਂ ਉਹ ਬਸਤਾ ਰੱਖ ਕੇ ਸਾਹਮਣੇ ਬਾਰੀ ਵੱਲ ਜ਼ਰੂਰ ਦੇਖਦਾ ਸੀ ਜਾਂ ਫਿਰ ਕੋਠੇ ਉੱਪਰ ਚੜ੍ਹ ਜਾਂਦਾ ਸੀ। ਕਾਕੇ ਨੂੰ ਇਸ ਤਰ੍ਹਾਂ ਕਰਦਿਆਂ ਤੇਰਾਂ ਸਾਲ ਹੋ ਗਏ ਪਰ ਉਸ ਦੀ ਬਾਰੀ ਵੱਲ ਦਿਲਚਸਪੀ ਵਧਦੀ ਗਈ। ਕਾਕਾ ਆਪਣੀ ਮਾਂ ਤੋਂ ਬਾਰੀ ਬਾਰੇ ਪੁੱਛਦਾ ਹੈ ਤਾਂ ਉਸ ਦੀ ਮਾਂ ਨੇ ਦੱਸਿਆ ਕਿ ਸਾਹਮਣੇ ਚੁਬਾਰੇ ਵਿੱਚ ਤਿੰਨ ਭਾਬੀਆਂ ਰਹਿੰਦੀਆਂ ਹਨ ਤੇ ਉਹਨਾਂ ਤਿੰਨਾਂ ਦੇ ਪਤੀ ਮਰ ਚੁੱਕੇ ਹਨ। ਜਿਹੜੀ ਬਾਰੀ ਵਿੱਚ ਬੈਠਦੀ ਹੈ ਉਸ ਦਾ ਨਾਂ ਮੈਨਾ ਹੈ ਅਤੇ ਉਸ ਦਾ ਇੱਕ ਪੁੱਤਰ ਵੀ ਮਰ ਚੁੱਕਾ ਹੈ। ਜਵਾਨ ਹੋਣ ਕਰਕੇ ਉਸ ਦੀ ਸੱਸ ਉਸ ਦੀ ਬਹੁਤ ਰਾਖੀ ਕਰਦੀ ਹੈ। ਕਾਕੇ ਦੀ ਮਾਂ ਨੇ ਦੱਸਿਆ ਕਿ ਮੈਨਾ ਉਸ ਦੀ ਭਾਬੀ ਲੱਗਦੀ ਹੈ।

ਕੁਝ ਦਿਨਾਂ ਬਾਅਦ ਕਾਕੇ ਦੀ ਬੈਠਕ ਵਿੱਚ ਇੱਕ ਪਿੰਜਰਾ ਟੰਗਿਆ ਹੋਇਆ ਸੀ, ਇਸ ਪਿੰਜਰੇ ਨੂੰ ਕਦੇ ਉਹ ਕੋਠੇ ਤੇ ਨਾਲ ਲੈ ਜਾਂਦਾ। ਕਾਕੇ ਨੇ ਮੈਨਾ ਨੂੰ ਸਿਖਾਇਆ, "ਭਾਬੀ ਮੈਨਾ ਵਾਰੀ ਚ ਬੈਠੀ ਏ।" ਪਰ ਬਾਰੀ ਵਾਲੀ ਮੈਨਾ ਭਾਬੀ ਨੇ ਕਦੇ ਵੀ ਕਾਕੇ ਨਾਲ ਗੱਲ ਨਹੀਂ ਸੀ ਕੀਤੀ ਪਰ ਉਸ ਨੂੰ ਮੈਨਾ ਦੇ ਬੋਲ ਬੜੇ ਚੰਗੇ ਲੱਗਦੇ। ਜਦੋਂ ਉਹ ਕਹਿੰਦੀ ਸੀ। "ਭਾਬੀ ਮੈਨਾ ਬਾਰੀ 'ਚ ਬੈਠੀਏ।"

ਸਿਆਲ ਦੀਆਂ ਰਾਤਾਂ ਵਿੱਚ ਭਾਬੀ ਮੈਨਾ ਆਪਣੇ ਕਮਰੇ ਵਿੱਚ ਸੌਂਦੀ ਸੀ ਪਰ ਕਾਕੇ ਦੇ ਇਮਤਿਹਾਨ ਨੇੜੇ ਹੋਣ ਕਰਕੇ ਉਹ ਵੀ ਆਪਣੀ ਬੈਠਕ ਵਿੱਚ ਸੌਣ ਲੱਗ ਪਿਆ ਸੀ। ਭਾਬੀ ਮੈਨਾ ਨੂੰ ਕਈ ਵਾਰ ਸੁੱਤੇ ਕਾਕੇ ਦੀ ਆਵਾਜ਼ ਆਉਂਦੀ ਸੁਣਾਈ ਦਿੰਦੀ ਤਾਂ ਉਹ ਕਿੰਨਾ ਚਿਰ ਮੰਜੇ ਤੋਂ ਉੱਠ ਕੇ ਕਾਕੇ ਦੀ ਆਵਾਜ਼ ਸੁਣਦੀ ਰਹਿੰਦੀ ਸੀ।

ਭਾਬੀ ਦੀ ਉਮਰ ਪੱਚੀ ਸਾਲਾਂ ਦੀ ਹੋ ਗਈ ਪਰ ਕਾਕਾ ਅਜੇ ਤੇਰਾਂ ਦਾ ਵੀ ਪੂਰਾ ਨਹੀਂ ਸੀ ਹੋਇਆ। ਭਾਬੀ ਦੇ ਦਿਲ ਵਿੱਚ ਆਉਂਦੀ ਸੀ ਕਿ ਉਹ ਕਾਕੇ ਨਾਲ ਗੱਲਾਂ ਕਰੇ ਤੇ ਉਹ ਸਕੂਲੋਂ ਆਉਂਦੇ ਨੂੰ ਬਾਰੀ ਚੋਂ ਸਿਰ ਕੱਢ ਕੇ ਵੇਖ ਸਕਦੀ ਹੋਵੇ ਤੇ ਜੇਕਰ ਇਹ ਕਦੇ ਬਿਮਾਰ ਹੋਵੇ ਤਾਂ ਘਰ ਜਾ ਕੇ ਇਹਦੇ ਮੰਜੇ ਉੱਤੇ ਬੈਠ ਸਕਾਂ। ਪਰ ਫਿਰ ਆਪਣੇ ਹੀ ਮਨ ਵਿੱਚ ਉਹ ਕਹਿੰਦੀ ਕਿ ਮੈਨੂੰ ਇੰਨੀ ਖੁੱਲ ਕਿਸੇ ਨੇ ਨਹੀਂ ਦੇਣੀ ਤੇ ਮੈਂ ਇਸ ਕਮਰੇ ਵਿੱਚ ਹੀ ਬੁੱਢੀ ਹੋ ਜਾਣਾ ਹੈ ਤੇ ਕਾਕੇ ਦਾ ਵਿਆਹ ਹੋ ਜਾਵੇਗਾ ਤੇ ਫਿਰ ਇਹ ਬਾਰੀ ਕਦੇ ਨਹੀਂ ਖੁੱਲ੍ਹਣੀ ਤੇ ਸਾਰੀ ਜ਼ਿੰਦਗੀ ਮੈਂ ਲੰਮੇ ਦਿਨ ਤੇ ਲੰਮੀਆਂ ਰਾਤਾਂ ਕੱਟਿਆ ਕਰਾਂਗੀ।

ਇੱਕ ਰਾਤ ਨੂੰ ਕਾਕੇ ਦੀ ਪਿੰਜਰੇ ਵਾਲੀ ਮੈਨਾ ਨੇ ਭਾਬੀ ਮੈਨਾ ਨੂੰ ਆਵਾਜ਼ ਦਿੱਤੀ ਤਾਂ ਭਾਬੀ ਮੈਨਾ ਚੌਂਕ ਕੇ ਉੱਠੀ, ਉਸ ਸਮੇਂ ਹੀ ਮੈਨਾ ਦੀ ਸੱਸ ਟੱਟੀ-ਪੇਸ਼ਾਬ ਲਈ ਉੱਠੀ ਸੀ ਜਦੋਂ ਉਸ ਨੇ ਮੈਨਾ ਨੂੰ ਆਵਾਜ਼ ਮਾਰੀ ਤਾਂ ਉਹ ਝੱਟ ਬੋਲ ਪਈ। ਉਸ ਨੂੰ ਮੈਨਾ ਉੱਪਰ ਸ਼ੱਕ ਹੋਇਆ ਤੇ ਕਹਿਣ ਲੱਗੀ ਕਿ ਤੂੰ ਕਿਸ ਨਾਲ ਗੱਲਾਂ ਪਈ ਕਰਦੀ ਹੈ। ਉਸ ਦਿਨ ਤੋਂ ਬਾਅਦ ਕਮਰੇ ਦੀ ਬਾਰੀ ਬੰਦ ਰਹਿਣ ਲੱਗ ਪਈ ਤੇ ਭਾਬੀ ਮੈਨਾ ਨੇ ਬਾਰੀ ਵਿੱਚੋਂ ਕਾਕੇ ਨੂੰ ਆਵਾਜ਼ ਦੇ ਕੇ ਜਗਾਇਆ ਤੇ ਉਸ ਨੂੰ ਕਿਹਾ ਕਿ ਉਸਦੇ ਕਮਰੇ ਦੀ ਬਾਰੀ ਬੰਦ ਕਰ ਦਿੱਤੀ ਗਈ ਹੈ। ਜਦੋਂ ਇੱਕ ਰਾਤ ਭਾਬੀ ਮੈਨਾ ਨੇ ਬਾਰੀ ਖੋਲ੍ਹ ਕੇ ਕਾਕੇ ਨੂੰ ਦੱਸਿਆ ਕਿ ਉਸਦਾ ਕਮਰਾ ਉਸਦੀ ਸੱਸ ਦੁਬਾਰਾ ਹਵਾਲਾਤ ਬਣਾ ਦਿੱਤਾ ਗਿਆ ਹੈ। ਇਸ ਲਈ ਉਹ ਹੁਣ ਕੈਦ ਵਾਲੀ ਜ਼ਿੰਦਗੀ ਘਰ ਵਿੱਚ ਬਤੀਤ ਨਹੀਂ ਕਰ ਸਕਦੀ, ਤਾਂ ਕਾਕੇ ਨੇ ਕਿਹਾ ਕਿ ਜਦੋਂ ਮੈਂ ਵੱਡਾ ਹੋ ਗਿਆ ਤਾਂ ਮੇਰਾ ਵਿਆਹ ਹੋ ਜਾਵੇਗਾ। ਮੈਂ ਆਪਣੀ ਵਹੁਟੀ ਨੂੰ ਤੇਰੇ ਕੋਲ ਭੇਜਿਆ ਕਰਾਂਗਾ, ਤੇ ਫਿਰ ਤੇਰੀ ਸੱਸ ਸ਼ੱਕ ਨਹੀਂ ਕਰੇਗੀ। ਭਾਬੀ ਮੈਨਾ ਨੇ ਕਿਹਾ ਕਿ ਉਸ ਦੇ ਵਿਆਹ ਵਿੱਚ ਅਜੇ ਕਈ ਸਾਲ ਰਹਿੰਦੇ ਹਨ, ਤੇ ਉਸ ਨੇ ਪੂਜਣੀ ਜੈਨ ਸਾਧਵੀ ਬਣ ਜਾਣ ਦਾ ਫ਼ੈਸਲਾ ਕਰ ਲਿਆ। ਇਸ ਕਰਕੇ ਉਹ ਨਿਸ਼ਾਨੀ ਵਜੋਂ ਕਾਕੇ ਨੂੰ ਇੱਕ ਰੁਮਾਲ ਸੁੱਟ ਦਿੰਦੀ ਹੈ।

ਕਹਾਣੀ ਉਦੋਂ ਅਹਿਮ ਪੜਾਅ ਵੱਲ ਵਧਦੀ ਹੈ ਜਦੋਂ ਮੈਨਾ ਘਰੋਂ ਜਾਣ ਦਾ ਫ਼ੈਸਲਾ ਕਰਦੀ ਹੈ ਤੇ ਕੁਝ ਦਿਨਾਂ ਬਾਅਦ ਸਾਰਿਆਂ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਹ ਪੂਜਣੀ ਬਣਨ ਲਈ ਰਾਵਲਪਿੰਡੀ ਦੇ ਪਸਾਰੇ ਗਈ ਹੈ। ਇਸ ਤਰ੍ਹਾਂ ਜਦੋਂ ਕਾਕੇ ਨੂੰ ਪਤਾ ਚੱਲਿਆ ਤਾਂ ਉਹ ਮੈਨਾ ਨੂੰ ਪੂਜਣੀ ਬਣਦੀ ਦੇਖਣ ਲਈ ਆਪਣੀ ਮਾਸੀ ਦੇ ਕੋਲ ਰਾਵਲਪਿੰਡੀ ਚਲਾ ਗਿਆ। ਪੂਜਣੀ ਬਣਨ ਲਈ ਭਾਬੀ ਮੈਨਾ ਨੂੰ ਬਹੁਤ ਸੁੰਦਰ ਕੱਪੜੇ ਤੇ ਗਹਿਣੇ ਪਹਿਨਾਏ ਗਏ। ਮੈਨਾ ਦੀ ਡੋਲੀ ਅਗਲੇ ਦਿਨ ਜਦੋਂ ਚੌਂਕ ਕੋਲ ਆਈ ਤਾਂ ਕਾਕਾ ਆਪਣੀ ਮਾਸੀ ਨਾਲੋਂ ਅਲੱਗ ਹੋ ਕੇ ਡੋਲੀ ਦੇ ਨਾਲ ਤੁਰ ਪੈਂਦਾ ਹੈ। ਕਾਕੇ ਨੂੰ ਜਦੋਂ ਪਤਾ ਲੱਗਦਾ ਹੈ ਕਿ ਮੈਨਾ ਦਾ ਉਸ ਵੱਲ ਧਿਆਨ ਹੈ। ਉਹ ਵੀ ਦੂਸਰੇ ਲੋਕਾਂ ਵਾਂਗ ਉਸ ਉੱਪਰ ਫੁੱਲ ਸੁੱਟਦਾ ਹੈ, ਤੇ ਮੈਨਾ ਸਾਰਿਆਂ ਦੇ ਅੱਗੇ ਹੱਥ ਜੋੜ ਰਹੀ ਸੀ। ਮੈਨਾ ਨੂੰ ਵੀ ਭੀੜ ਵਿੱਚੋਂ

ਕਾਕਾ ਦਿਖਾਈ ਨਹੀਂ ਸੀ ਦਿੱਤਾ। ਇੱਕ ਮੋੜ ਤੇ ਡੋਲੀ ਕਾਕੇ ਦੇ ਬਿਲਕੁਲ ਨੇੜੇ ਖਲੋ ਗਈ ਤੇ ਮੈਨਾ ਨੇ ਕਾਕੇ ਨੂੰ ਫੁੱਲ ਸੁੱਟਦੇ ਨੂੰ ਪਛਾਣ ਲਿਆ। ਮੈਨਾ ਨੇ ਡੋਲੀ ਰੁਕਵਾ ਕੇ ਕਾਕੇ ਨੂੰ ਕੋਲ ਸੱਦ ਕੇ ਉਸ ਤੋਂ ਰੁਮਾਲ ਸਣੇ ਫੁੱਲ ਲੈ ਲਏ।

ਅਖੀਰ ਵਿੱਚ ਕਹਾਣੀ ਇੱਕ ਪੜਾਅ 'ਤੇ ਪਹੁੰਚਦੀ ਹੈ ਤੇ ਅੰਤ ਜਲੂਸ ਪਸਾਰੇ ਤੇ ਪਹੁੰਚਾ। ਕੁਝ ਇਸਤਰੀਆਂ ਸਮੇਤ ਮੈਨਾ ਪਸਾਰੇ 'ਤੇ ਚੜ੍ਹ ਗਈ ਤੇ ਮੈਨਾ ਨੇ ਕਾਕੇ ਨੂੰ ਸਾਹਮਣੇ ਹੱਟੀ ਦੇ ਫੱਟੇ 'ਤੇ ਖੜ੍ਹਾ ਦੇਖਿਆ। ਵੱਡੇ ਪੂਜ ਦੇਵ ਨੇ ਮੈਨਾ ਨੂੰ ਪੂਜਣੀ ਬਣਨ ਲਈ ਉਸਦੇ ਸਾਹਮਣੇ ਕੁਝ ਸ਼ਰਤਾਂ ਰੱਖੀਆਂ ਕਿ ਉਸ ਨੂੰ ਆਪਣੇ ਜੀਵਨ ਵਿੱਚ ਸੁੰਦਰ ਕੱਪੜਿਆਂ ਤੇ ਗਹਿਣਿਆਂ ਦਾ ਤਿਆਗ, ਮਰਦ ਦੀ ਛੋਹ ਦਾ ਤਿਆਗ ਤੇ ਖਾਣ-ਪੀਣ ਦਾ ਤਿਆਗ ਕਰਨ ਦੀਆਂ ਕੁਝ ਸ਼ਰਤਾਂ ਦੱਸੀਆਂ, ਜਿਸ ਨੂੰ ਭਾਬੀ ਮੈਨਾ ਨੇ ਪ੍ਰਵਾਨ ਕਰ ਲਿਆ। ਫਿਰ ਵੱਡੇ ਪੂਜ ਦੇਵ ਨੇ ਕਿਹਾ ਕਿ ਉਹ ਅੰਦਰ ਜਾ ਕੇ ਆਪਣੇ ਕੱਪੜੇ ਤੇ ਗਹਿਣੇ ਉਤਾਰ ਕੇ ਨਿਸ਼ਚਿਤ ਕੱਪੜੇ ਪਾ ਲਵੇ ਤੇ ਫਿਰ ਉਸ ਨੂੰ ਵੱਡੀ ਮਾਤਾ ਉਸ ਦੇ ਸਿਰ ਦੇ ਵਾਲ ਕਟਾਉਣ ਅਤੇ ਪੋਟਿਆਂ ਨਾਲ ਇਕੱਲਾ-ਇਕੱਲਾ ਵਾਲ ਪੁੱਟਣ ਦਾ ਢੰਗ ਦੱਸੇਗੀ। ਮੈਨਾ ਨੇ ਵੱਡੇ ਪੂਜ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਆਪਣੇ ਲੰਬੇ ਵਾਲ ਰੱਖਣ ਦੀ ਆਗਿਆ ਦਿੱਤੀ ਜਾਵੇ ਕਿਉਂਕਿ ਉਹ ਆਪਣੇ ਜੀਵਨ ਨੂੰ ਉਹਨਾਂ ਲੰਬੇ ਵਾਲਾਂ ਦੇ ਸਹਾਰੇ ਹੀ ਕੱਟ ਰਹੀ ਸੀ ਪਰ ਪੂਜ ਦੇਵ ਨਾ ਮੰਨਿਆ। ਮੈਨਾ ਨੇ ਆਪਣੇ ਮਨ ਨੂੰ ਸਮਝਾਉਣ ਲਈ ਪੂਜਾ ਦੇਵ ਤੋਂ ਇਕੱਲਿਆਂ ਬੈਠਣ ਦੀ ਆਗਿਆ ਲੈ ਕੇ ਰੌਂਸ ਉੱਤੇ ਆ ਬੈਠੀ, ਤੇ ਫਿਰ ਉਸ ਨੇ ਰੌਂਸ 'ਤੇ ਖੜ੍ਹੇ ਕੇ ਆਪਣੇ ਵਾਲਾਂ ਨੂੰ ਖੋਲਕੇ ਬਾਜ਼ਾਰ ਵਿੱਚ ਛਾਲ ਮਾਰ ਦਿੱਤੀ। ਸਾਰੇ ਉੱਠ ਕੇ ਉਸ ਵੱਲ ਦੌੜੇ। ਮੈਨਾ ਮਰ ਚੁੱਕੀ ਸੀ ਤੇ ਕਾਕਾ ਉਸ ਦੇ ਸਰਹਾਣੇ ਬੈਠਾ ਰੋ ਰਿਹਾ ਸੀ।

### 1.1.3.2.3 ਭਾਬੀ ਮੈਨਾ ਕਹਾਣੀ ਦੀ ਆਲੋਚਨਾਤਮਕ ਪਰਖ

ਕਹਾਣੀਕਾਰ ਨੇ ਇਸ ਵਿਸ਼ੇ ਰਾਹੀਂ ਮਨੁੱਖੀ ਮਨ ਦੀਆਂ ਸੂਖਮ ਤੈਹਾਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ ਪੁਰਾਤਨ ਸਮੇਂ ਸਾਡੇ ਸਮਾਜ ਵਿੱਚ ਵਿਧਵਾ ਔਰਤ ਦੀ ਜੋ ਦਸ਼ਾ ਹੁੰਦੀ ਸੀ ਤੇ ਜਵਾਨ ਉਮਰ ਵਿੱਚ ਵਿਧਵਾ ਹੋਈ ਔਰਤ ਨੂੰ ਆਪਣਾ ਸਾਰਾ ਜੀਵਨ ਅਤ੍ਰਿਪਤੀ, ਇਕੱਲਤਾ ਤੇ ਸਮਾਜਿਕ ਬੰਦਸਾਂ ਦੇ ਵਿੱਚ ਗੁਜ਼ਾਰਨਾ ਪੈਂਦਾ ਸੀ। ਕਹਾਣੀ ਵਿੱਚ ਵਿਸ਼ੇ ਦੇ ਅਨੁਸਾਰ ਉਤਸੁਕਤਾ ਰੌਚਿਕਤਾ ਤੇ ਨਾਟਕੀਅਤਾ ਬਣੀ ਰਹਿੰਦੀ ਹੈ। ਕਹਾਣੀਕਾਰ ਇਸ ਕਹਾਣੀ ਵਿੱਚ ਇਹ ਦੱਸਣਾ ਚਾਹੁੰਦਾ ਹੈ ਕਿ ਔਰਤ ਨੂੰ ਜਨਨੀ ਕਹਿ ਕੇ ਸਮਾਜ ਵਿੱਚ ਜਿਸ ਨੂੰ ਹਮੇਸ਼ਾ ਨਿਮਾਣੀ, ਨਿਤਾਣੀ ਤੇ ਨਿਰਬਲ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ। ਧਰਮ ਦੇ ਠੇਕੇਦਾਰ ਜਾਂ ਸਮਾਜ ਦੇ ਅਲੰਬਰਦਾਰ ਦੋਵੇਂ ਹੀ ਔਰਤ ਨੂੰ ਆਜ਼ਾਦੀ ਦੇਣ ਦੇ ਪੱਖ ਵਿੱਚ ਨਹੀਂ ਸਨ। ਇਸ ਕਾਰਨ ਕਹਾਣੀ ਦੀ ਨਾਇਕਾ ਸਮਾਜ ਵਿੱਚ ਦੋ ਪੁੜਾਂ ਵਿਚਾਲੇ ਪਿਸਦੀ ਹੈ ਜਿਸ ਦੀ ਜ਼ਿੰਦਗੀ ਨੂੰ ਇੱਕ ਪਾਸੇ ਤਾਂ ਸਮਾਜ ਨੇ ਖੋਹ ਲਿਆ ਤੇ ਦੂਜੇ ਪਾਸੇ ਧਰਮ ਨੇ। ਧਾਰਮਿਕ ਸੰਸਕਾਰ ਉਸ ਨੂੰ ਕੈਦਣ ਦਾ ਰੂਪ ਬਖ਼ਸ਼ਦੇ ਹਨ ਤੇ ਧਾਰਮਿਕ ਬਲਗਣਾ ਉਸਦੀ ਆਜ਼ਾਦੀ ਤੇ ਖ਼ੂਬਸੂਰਤੀ ਖੋਂਹਦੀਆਂ ਹਨ। ਭਾਬੀ ਮੈਨਾ ਇਹਨਾਂ ਜ਼ਬਰਦਸਤੀ ਬੰਧਨ ਨੂੰ ਜਿਊਣ ਦੀ ਬਜਾਏ ਆਪਣੀ ਹੋਂਦ ਨੂੰ ਖ਼ਤਮ ਕਰਨ ਲੈਣਾ ਹੀ ਬਿਹਤਰ ਸਮਝਦੀ ਹੈ। ਇੱਥੇ ਇਹ ਵੀ ਗੱਲ ਵਿਚਾਰਨ ਯੋਗ ਹੈ ਕਿ ਭਾਬੀ ਮੈਨਾ ਦੀ ਮਾਨਸਿਕ ਪੀੜਾ ਨੂੰ ਨਾ ਤਾਂ ਸਮਾਜ ਨੇ ਸਮਝਿਆ ਤੇ ਨਾ ਹੀ ਧਰਮ ਉਸ ਦੀਆਂ ਪੀੜਾ ਨੂੰ ਨਿਰਯਾਤ ਦਿਵਾ ਸਕਿਆ। ਬੇਸ਼ੱਕ ਮਨੁੱਖ ਵਿਗਿਆਨਕ ਯੁੱਗ ਦਾ ਧਾਰਨੀ ਹੋ ਗਿਆ ਹੈ ਪਰ ਔਰਤ ਅੱਜ ਵੀ ਸਮਾਜਿਕ ਬੰਧਨਾਂ ਤੇ ਧਾਰਮਿਕ ਬਲਗਣਾ ਵਿੱਚ ਜਕੜੀ ਹੋਈ ਹੈ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਔਰਤ ਨੂੰ ਮੈਨਾ ਦੇ ਰਾਹੀਂ ਪਿੰਜਰੇ ਵਿਚ ਕੈਦ ਹੋ ਕੇ ਨਾ ਦੇਖਣ ਦੀ ਬਜਾਏ ਆਜ਼ਾਦ ਫ਼ਿਜ਼ਾ ਵਿੱਚ ਵਿਚਰਦੀ ਦੇਖਣਾ ਚਾਹੁੰਦਾ ਹੈ, ਤੇ ਨਾਲ ਹੀ ਉਹ ਔਰਤ ਮਨ ਦੀਆਂ ਪੀੜਾਂ ਨੂੰ ਸਮਝਣ ਵੱਲ ਸੁਚੇਤ ਕਰਦਾ ਹੈ। ਕਹਾਣੀਕਾਰ ਨੇ ਆਪਣੇ ਇਸ ਵਿਸ਼ੇ

ਨੂੰ ਕਾਲਪਨਿਕ ਕਥਾਨਕ ਤੇ ਪਾਤਰਾਂ ਰਾਹੀਂ ਰੋਚਕ, ਰੁਮਾਂਚਿਕ ਤੇ ਸੁਆਦਲੇ ਢੰਗ ਨਾਲ ਪੇਸ਼ ਕੀਤਾ ਹੈ। ਕਹਾਣੀ ਵਿਚਲੀ ਪਾਤਰ ਭਾਬੀ ਮੈਨਾ ਦੀ ਮੌਤ ਨਾਲ਼ ਇਸ ਕਹਾਣੀ ਦਾ ਅੰਤ ਦੁਖਾਂਤਕ ਤੇ ਪ੍ਰਭਾਵਸ਼ਾਲੀ ਹੋ ਨਿੱਬੜਦਾ ਹੈ।

**ਸਵੈ ਮੁਲਾਂਕਣ**

1. ਭਾਬੀ ਮੈਨਾ ਕਿਸ ਲੇਖਕ ਦੀ ਕਹਾਣੀ ਹੈ?

   ..........................................................................................................

   ..........................................................................................................

2. ਗੁਰਬਖ਼ਸ਼ ਸਿੰਘ ਦੀਆਂ ਕਿਸੇ ਦੋ ਕਹਾਣੀਆਂ ਦੇ ਨਾਂ ਲਿਖੋ?

   ..........................................................................................................

   ..........................................................................................................

### 1.1.3.3 ਪੇਮੀ ਦੇ ਨਿਆਣੇ-ਸੰਤ ਸਿੰਘ ਸੇਖੋਂ

### 1.1.3.3.1 ਕਹਾਣੀਕਾਰ ਸੰਤ ਸਿੰਘ ਸੇਖੋਂ ਨਾਲ਼ ਜਾਣ-ਪਛਾਣ

ਸੰਤ ਸਿੰਘ ਸੇਖੋਂ ਦਾ ਜਨਮ 1908 ਵਿੱਚ ਸਰਦਾਰ ਹੁਕਮ ਸਿੰਘ ਦੇ ਘਰ ਚੱਕ ਨੰ. 20, ਝੰਗ ਬਰਾਂਚ (ਪਾਕਿਸਤਾਨ) ਵਿਖੇ ਹੋਇਆ। ਉਹਨਾਂ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਤੋਂ ਹੀ ਹਾਸਿਲ ਕੀਤੀ। ਖਾਲਸਾ ਹਾਈ ਸਕੂਲ ਚੱਕ ਨੰ. 41, ਝੰਗ ਬਰਾਂਚ ਤੋਂ ਉਸ ਨੇ ਮੈਟ੍ਰਿਕ ਪਾਸ ਕੀਤੀ। ਗੋਰਮਿੰਟ ਕਾਲਜ, ਲਾਇਲਪੁਰ ਤੋਂ ਐਫ. ਐਸ. ਸੀ. ਕੀਤੀ। ਲਾਹੌਰ ਤੋਂ ਬੀ. ਏ., ਐਮ. ਏ. ਦੀ ਪੜ੍ਹਾਈ ਕੀਤੀ। ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਅੰਗਰੇਜ਼ੀ ਪ੍ਰੋਫੈਸਰ ਵਜੋਂ ਭੂਮਿਕਾ ਨਿਭਾਈ। ਗੁਰੂਸਰ ਸੁਧਾਰ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਵੀ ਅਧਿਆਪਨ ਕਾਰਜ ਕੀਤਾ। ਖਾਲਸਾ ਕਾਲਜ ਪਟਿਆਲਾ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਵਿਖੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਪੰਜਾਬੀ ਸਾਹਿਤ ਵਿੱਚ ਪਾਏ ਯੋਗਦਾਨ ਕਰਕੇ ਇਹਨਾਂ ਨੂੰ ਅਨੇਕਾਂ ਮਾਨ-ਸਨਮਾਨ ਮਿਲੇ। ਸੰਤ ਸਿੰਘ ਸੇਖੋਂ ਪੰਜਾਬੀ ਭਾਸ਼ਾ ਦਾ ਬਹੁਮੁਖੀ ਕ੍ਰਿਤੀਕਾਰ ਹੈ। ਉਸ ਨੇ ਲਗਭਗ ਸਾਰੇ ਸਾਹਿੱਤ-ਰੂਪਾਂ ਉਪਰ ਹੱਥ ਅਜ਼ਮਾਇਆ ਹੈ। ਇਕ ਨਾਵਲ, ਇਕ ਕਾਵਿ-ਸੰਗ੍ਰਹਿ, ਅਨੇਕ ਨਾਟਕ, ਇਕਾਂਗੀ-ਸੰਗ੍ਰਹਿ ਅਤੇ ਕਹਾਣੀ-ਸੰਗ੍ਰਹਿ ਉਸ ਦੀ ਵੰਨ-ਸੁਵੰਨ ਪ੍ਰਤਿਭਾ ਦੇ ਗਵਾਹ ਹਨ। ਸਭ ਤੋਂ ਵੱਧ ਪ੍ਰਸਿੱਧੀ ਆਲੋਚਨਾਤਮਕ ਨਿਬੰਧਾਂ ਸਦਕਾ ਮਿਲੀ। ਪੰਜਾਬੀ ਵਿਚ ਸਾਹਿੱਤ-ਜਗਤ ਦੀ ਸਮਾਜ-ਸ਼ਾਸਤ੍ਰੀ ਵਿਆਖਿਆ ਦੀ ਪਿਰਤ ਸੇਖੋਂ ਨੇ ਹੀ ਪਾਈ। ਇਸ ਤੋਂ ਇਲਾਵਾ ਇਹਨਾਂ ਦੇ ਕਹਾਣੀ-ਸੰਗ੍ਰਹਿ ਸਮਾਚਾਰ, ਕਾਮੇ ਤੇ ਯੋਧੇ, ਬਾਰਾਂਦਰੀ, ਅੱਧੀ ਵਾਟ, ਤੀਜਾ ਪਹਿਰ ਹਨ। 'ਮਿੱਤਰ ਪਿਆਰਾ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਸੰਨ 1997 ਈ. ਵਿੱਚ ਇਸ ਲੇਖਕ ਦਾ ਦੇਹਾਂਤ ਹੋ ਗਿਆ। ਸੰਤ ਸਿੰਘ ਸੇਖੋਂ ਨੂੰ ਬਾਬਾ ਬੋਹੜ ਦੇ ਨਾਲ਼ ਯਾਦ ਕੀਤਾ ਜਾਂਦਾ ਹੈ।

### 1.1.3.3.2 ਪੇਮੀ ਦੇ ਨਿਆਣੇ ਕਹਾਣੀ ਦਾ ਸਾਰ/ਵਿਸ਼ਾ ਵਸਤੂ

ਪੇਮੀ ਦੇ ਨਿਆਣੇ ਕਹਾਣੀ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸੰਤ ਸਿੰਘ ਸੇਖੋਂ ਦੀ ਲਿਖੀ ਹੋਈ ਹੈ। ਇਸ ਕਹਾਣੀ ਦਾ ਵਿਸ਼ਾ ਲੇਖਕ ਨੇ ਛੋਟੇ ਬੱਚਿਆਂ ਦੇ ਮਨ ਅੰਦਰ ਬੈਠੇ ਡਰ ਤੋਂ ਮੁਕਤ ਹੋਣ ਦਾ ਬੜਾ ਪ੍ਰਭਾਵਸ਼ਾਲੀ ਢੰਗ ਬਿਆਨ ਕੀਤਾ ਹੈ ਕਿਉਂਕਿ ਛੋਟੇ ਬੱਚਿਆ ਦੀ ਮਾਨਸਿਕ ਅਵਸਥਾ ਬਹੁਤ ਹੀ ਕੋਮਲ ਹੁੰਦੀ ਹੈ। ਬੱਚਿਆ ਨੂੰ ਛੋਟੇ ਹੁੰਦਿਆਂ ਨਰਕ-ਸੁਰਗ ਦੇ ਡਰਾਂ ਦੀਆਂ ਗੱਲਾਂ ਦੁਆਰਾ ਉਹਨਾਂ ਦੇ ਮਨ ਵਿੱਚ ਡਰ ਦੀ ਭਾਵਨਾ ਪੈਦਾ ਹੋਣਾ

ਸੁਭਾਵਿਕ ਹੀ ਹੁੰਦੀ ਹੈ। ਬੱਚਿਆਂ ਵਿੱਚ ਕਾਲਪਨਿਕ ਗੱਲਾਂ ਤੋਂ ਡਰਨਾ ਤੇ ਮਾਮੂਲੀ ਸਹਾਰੇ ਨਾਲ ਉਹਨਾਂ ਦਾ ਇਸ ਡਰ ਤੋਂ ਮੁਕਤ ਹੋਣਾ ਆਦਿ ਗੱਲਾਂ ਇਸ ਕਹਾਣੀ ਦਾ ਵਿਸ਼ਾ ਵਸਤੂ ਪੇਸ਼ ਕਰਦੀਆਂ ਹਨ।

ਕਹਾਣੀ ਦੀ ਸ਼ੁਰੂਆਤ ਵਿੱਚ ਕਹਾਣੀਕਾਰ ਖ਼ੁਦ ਨਾਲ਼ ਵਾਪਰੀ ਘਟਨਾ ਨੂੰ ਬਿਆਨ ਕਰਦਾ ਹੈ ਕਿ ਵੀਹ ਸਾਲ ਪਹਿਲਾ ਦੀ ਗੱਲ ਹੈ ਜਦੋਂ ਮੇਰੀ ਉਮਰ ਸੱਤ ਕੁ ਵਰ੍ਹੇ ਦੀ ਸੀ ਤੇ ਮੇਰੀ ਵੱਡੀ ਭੈਣ 11 ਵਰ੍ਹੇ ਦੀ ਸੀ। ਕਹਾਣੀਕਾਰ ਦਾ ਖੇਤ ਘਰ ਨਾਲੋਂ ਮੀਲ ਕੁ ਵਿੱਥ 'ਤੇ ਸੀ। ਅੱਧ ਵਿਚਕਾਰ ਇੱਕ ਜਰਨੈਲੀ ਸੜਕ ਲੰਘਦੀ ਸੀ, ਜਿਸ ਵਿੱਚੋਂ ਜਾਂਗਲੀਆਂ, ਪਠਾਣਾ, ਰਾਸ਼ਿਆਂ ਤੇ ਹੋਰ ਪਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਇਸ ਸੜਕ ਨੂੰ ਪਾਰ ਕਰਨਾ ਕਿਸੇ ਸਿਆਣੇ ਦੇ ਸਾਥ ਤੋਂ ਬਿਨਾਂ ਬਹੁਤ ਔਖਾ ਸੀ। ਕਹਾਣੀਕਾਰ ਤੇ ਉਸ ਦੀ ਭੈਣ ਨੂੰ ਹਰ ਰੋਜ਼ ਖੇਤ ਆਪਣੇ ਬਾਪੂ ਦੀ ਰੋਟੀ ਫੜਾਉਣ ਲਈ ਜਾਣਾ ਪੈਂਦਾ ਸੀ ਪਰ ਨਾਲ ਹੀ ਉਹਨਾਂ ਨੂੰ ਇਹ ਜਰਨੈਲੀ ਸੜਕ ਪਾਰ ਕਰਨੀ ਪੈਂਦੀ ਸੀ। ਕਹਾਣੀਕਾਰ ਤੇ ਉਸ ਦੀ ਭੈਣ ਘਰੋਂ ਤਾਂ ਹੌਸਲਾ ਕਰਕੇ ਤੁਰ ਪੈਂਦੇ ਪਰ ਸੜਕ ਤੋਂ ਦੋ ਤਿੰਨ ਘੁਮਾਂ ਉਰੇ ਖੜੇ ਹੋ ਜਾਂਦੇ ਤੇ ਪਿੰਡ ਵੱਲੋਂ ਆਉਂਦੇ ਕਿਸੇ ਸਿਆਣੇ ਦੀ ਉਡੀਕ ਕਰਨ ਲੱਗ ਪੈਂਦੇ।

ਕਹਾਣੀਕਾਰ ਤੇ ਉਸ ਦੀ ਭੈਣ ਨੂੰ ਧਾਰਮਿਕ ਸਿੱਖਿਆ ਵੀ ਕੁਝ ਅਜਿਹੀ ਮਿਲੀ ਸੀ ਕਿ ਅਜਿਹੇ ਡਰ ਅਸਾਡੇ ਸੁਭਾਅ ਦਾ ਹਿੱਸਾ ਬਣ ਗਏ ਸਨ। ਉਹ ਸ਼ਾਮ ਨੂੰ ਹਰ ਰੋਜ਼ ਘਰ ਸਿਆਣਿਆਂ ਬਜ਼ੁਰਗਾਂ ਕੋਲੋਂ ਨਰਕ-ਸੁਰਗ ਦੀਆਂ ਕਹਾਣੀਆਂ ਸੁਣਦੇ। ਉਹ ਖੇਡ ਨੂੰ ਆਪਣਾ ਸਭ ਤੋਂ ਚੰਗਾ ਸਵਰਗ ਤੇ ਸਕੂਲ ਨੂੰ ਸਭ ਤੋਂ ਵੱਡਾ ਨਰਕ ਸਮਝਦੇ ਸਨ। ਛੁੱਟੀ ਵਾਲੇ ਦਿਨ ਕਹਾਣੀਕਾਰ ਤੇ ਉਸ ਦੀ ਭੈਣ ਨੂੰ ਖੇਤ ਰੋਟੀ ਫੜਾਉਣ ਜਾਣਾ ਨਰਕ ਹੀ ਦਿਖਾਈ ਦਿੰਦਾ ਸੀ। ਕਹਾਣੀਕਾਰ ਦੱਸਦਾ ਹੈ ਕਿ ਸਿਆਲ ਦੇ ਦਿਨ ਅਸੀਂ ਦੋਵੇਂ ਭੈਣ ਭਰਾ ਦੁਪਹਿਰ ਦੀ ਰੋਟੀ ਲੈ ਕੇ ਖੇਤ ਨੂੰ ਚੱਲ ਪਏ, ਨਿੱਘੀ-ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਤੁਰੇ ਜਾਂਦੇ ਵੀ ਸਿਆਲ ਦੀ ਧੁੱਪ ਵਿੱਚ ਨੀਂਦ ਦਾ ਨਿੱਘ ਲੈ ਰਹੇ ਸਾਂ, ਪਰ ਦਿਲ ਵਿੱਚ ਸੜਕ ਲੰਘਣ ਦਾ ਡਰ ਚੂਹੇ ਵਾਕਰ ਕੁਤਰ ਰਿਹਾ ਸੀ ਪਰ ਇਸ ਡਰ ਨੂੰ ਦਬਾਉਣ ਲਈ ਕਹਾਣੀਕਾਰ ਦੀ ਭੈਣ ਨੇ ਆਪਣੇ ਭਰਾ ਨੂੰ ਰਾਜੇ ਰਾਣੀ ਦੀ ਕਹਾਣੀ ਸੁਣਾਉਣ ਲੱਗ ਪਈ। ਪ੍ਰੰਤੂ ਕਹਾਣੀਕਾਰ ਦਾ ਮਨ ਕਹਾਣੀ ਸੁਣਨ ਵਿੱਚ ਨਹੀਂ ਲੱਗ ਰਿਹਾ ਸੀ। ਭੈਣ ਕਹਾਣੀ ਸੁਣਾ ਰਹੀ ਸੀ, ਕਿ ਇੱਕ ਰਾਜਾ ਤੇ ਰਾਣੀ ਸਨ ਰਾਣੀ ਦੇ ਦੋ ਪੁੱਤਰ ਸਨ। ਜਦੋਂ ਰਾਣੀ ਮਰਨ ਲੱਗੀ ਤਾਂ ਉਸ ਨੇ ਰਾਜੇ ਤੋਂ ਬਚਨ ਲਿਆ ਤੇ ਉਹ ਉਸਦੇ ਮਰਨ ਮਗਰੋਂ ਦੂਸਰਾ ਵਿਆਹ ਨਾ ਕਰਵਾਵੇ ਕਿਉਂਕਿ ਮਤਰੇਈ ਮਾਂ ਉਸ ਦੇ ਪੁੱਤਰਾਂ ਨੂੰ ਦੁਖੀ ਕਰੇਗੀ। ਰਾਜੇ ਨੇ ਇਕਰਾਰ ਦੇ ਦਿੱਤਾ ਪਰ ਪਿੱਛੋਂ ਛੇਤੀ ਹੀ ਰਾਜੇ ਨੇ ਦੂਜਾ ਵਿਆਹ ਕਰਵਾ ਲਿਆ। ਭੈਣ ਕਹਾਣੀ ਸੁਣਾ ਰਹੀ ਸੀ ਪਰ ਦੋਹਾਂ ਦੇ ਮਨ ਵਿੱਚ ਜਰਨੈਲੀ ਸੜਕ ਪਾਰ ਕਰਨ ਦਾ ਡਰ ਵੀ ਸਤਾ ਰਿਹਾ ਸੀ ਜਦੋਂ ਉਹਨਾਂ ਨੇ ਪਿੱਛੇ ਦੇਖਿਆ ਤਾਂ ਇੱਕ ਆਦਮੀ ਦਿਸਿਆ ਜਿਸ ਨਾਲ ਉਹਨਾਂ ਨੂੰ ਸੁਖ ਦਾ ਸਾਹ ਲਿਆ ਤੇ ਉਸਨੂੰ ਨਾਲ ਰਲਾਉਣ ਲਈ ਉਹ ਦੋਵੇਂ ਉੱਥੇ ਹੀ ਖੜ ਗਏ ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਚਲਾ ਗਿਆ। ਦੋਵੇਂ ਭੈਣ-ਭਰਾ ਕਹਾਣੀ ਦੇ ਕਾਰਨ ਉਨਾਂ ਦਾ ਖ਼ਿਆਲ ਸੀ ਕਿ ਉਹ ਸੜਕ ਪਾਰ ਕਰ ਜਾਣਗੇ ਤੇ ਉਹਨਾਂ ਨੂੰ ਡਰ ਨਹੀਂ ਲੱਗੇਗਾ ਪਰ ਇਸ ਡਰ ਕਾਰਨ ਉਹਨਾਂ ਦੀ ਕਹਾਣੀ ਵੀ ਖਲੋ ਗਈ। ਜਦੋਂ ਕਹਾਣੀਕਾਰ ਤੇ ਉਸ ਦੀ ਭੈਣ ਨੇ ਦਸ-ਵੀਹ ਕਦਮ ਹੋਰ ਪੁੱਟੇ ਤਾਂ ਉਨਾਂ ਨੇ ਸੜਕ ਦੇ ਇੱਕ ਪਾਸੇ ਇੱਕ ਕਾਲੇ ਸੂਫ਼ ਦੀ ਵਾਸਕਟ ਪਾਈ ਤੇ ਪਠਾਣਾ ਵਰਗੀ ਖੁੱਲ੍ਹੀ ਸਲਵਾਰ ਵਾਲਾ ਆਦਮੀ ਲੰਮਾ ਪਿਆ ਸੀ। ਉਸ ਨੇ ਪਾਸਾ ਪਰਤਿਆ ਤਾਂ ਦੋਵੇਂ ਡਰ ਗਏ ਤੇ ਉਹਨਾਂ ਸਮਝਿਆ ਕਿ ਉਹ ਉਹਨਾਂ ਨੂੰ ਫੜ ਲਵੇਗਾ। ਉਨਾਂ ਨੇ ਸੁਣਿਆ ਹੋਇਆ ਸੀ ਕਿ ਜੇਕਰ ਡਰ ਲੱਗੇ ਤਾਂ ਵਾਹਿਗੁਰੂ ਦਾ ਨਾਮ ਲੈਣਾ ਚਾਹੀਦਾ ਹੈ ਫਿਰ ਡਰ ਹਟ ਜਾਂਦਾ ਹੈ। ਦੋਵਾਂ ਭੈਣ-ਭਰਾਵਾਂ ਨੇ ਵਾਹਿਗੁਰੂ ਦਾ ਨਾਮ ਲੈਣ ਬਾਰੇ ਸੋਚਿਆ। ਅਸੀਂ ਰਾਤ ਨੂੰ ਘਰੋਂ ਬਾਹਰ ਤਾਂ ਘਟ ਹੀ ਕਦੀ ਨਿਕਲੇ ਸਾਂ ਪਰ ਇਹ ਸੁਣਿਆ ਹੋਇਆ ਸੀ। ਸਾਡੀ ਮਾਂ ਸਾਨੂੰ ਸਾਡੇ ਮਾਮੇ

ਦੀ ਗੱਲ ਸੁਣਾਉਂਦੀ ਹੁੰਦੀ ਸੀ। ਇਕ ਵਾਰੀ ਸਾਡਾ ਮਾਮਾ ਤੇ ਬ੍ਰਾਹਮਣ ਕਿਤੇ ਰਾਤ ਨੂੰ ਕਿਸੇ ਪਿੰਡ ਦੇ ਸਿਵਿਆਂ ਵਿਚ ਲੰਘ ਰਹੇ ਸਨ ਕਿ ਉਹਨਾਂ ਦੇ ਪੈਰਾ ਵਿਚ ਵੱਡੇ-ਵੱਡੇ ਦਗਦੇ ਅੰਗਿਆਰ ਡਿੱਗਣ ਲਗ ਪਏ। ਬ੍ਰਾਹਮਣ ਨੇ ਸਾਡੇ ਮਾਮੇ ਨੂੰ ਪੁੱਛਿਆ, 'ਕੀ ਕਰੀਦੇ?' ਉਸ ਨੇ ਕਿਹਾ ਪੰਡਤ ਜੀ, ਵਾਹਿਗੁਰੂ ਦਾ ਨਾਮ ਲਵੋ। ਅਸਾਡਾ ਮਾਮਾ ਵਾਹਿਗੁਰੂ-ਵਾਹਿਗੁਰੂ ਕਰਨ ਲਗ ਪਿਆ, ਪੰਡਤ ਰਾਮ-ਰਾਮ। ਅੰਗਿਆਰ ਡਿਗਦੇ ਤਾਂ ਰਹੇ ਪਰ ਉਹਨਾਂ ਤੋਂ ਦੂਰ। ਸਾਨੂੰ ਇਸ ਗੱਲ ਕਰਕੇ ਆਪਣੇ ਮਾਮੇ ਤੇ ਬੜਾ ਮਾਣ ਸੀ। ਪਰ ਕਹਾਣੀਕਾਰ ਦੀ ਭੈਣ ਨੇ ਕਿਹਾ ਵਾਹਿਗੁਰੂ ਤੋਂ ਤਾਂ ਭੂਤ ਪ੍ਰੇਤ ਹੀ ਡਰਦੇ ਹਨ, ਆਦਮੀ ਨਹੀਂ ਡਰਦੇ। ਦੋਵੇਂ ਭੈਣ ਭਰਾ ਪੰਜ-ਸੱਤ ਮਿੰਟ ਉੱਥੇ ਹੀ ਸਹਿਮ ਕੇ ਖਲੋਤੇ ਰਹੇ। ਉਨਾਂ ਦਾ ਖ਼ਿਆਲ ਸੀ, ਕਿ ਹਜੇ ਵੀ ਰਾਸ਼ੇ ਨੂੰ ਡਰਾਉਣ ਵਾਲਾ ਕੋਈ ਆਦਮੀ ਉਹਨਾਂ ਦੇ ਨਾਲ ਆ ਕੇ ਜ਼ਰੂਰ ਰਲੇਗਾ। ਉਹਨਾਂ ਦੀ ਇਹ ਆਸ ਪੂਰੀ ਹੁੰਦੀ ਦਿਖਾਈ ਨਹੀਂ ਦੇ ਰਹੀ ਸੀ।

ਕੁਝ ਕੁ ਮਿੰਟਾਂ ਬਾਅਦ ਕਹਾਣੀਕਾਰ ਦਾ ਰੋਣ ਨਿਕਲ ਪਿਆ ਪ੍ਰੰਤੂ ਕਹਾਣੀਕਾਰ ਦੀ ਭੈਣ ਨੇ ਪੱਲੇ ਨਾਲ ਉਸ ਦੇ ਅੱਥਰੂ ਪੂੰਝਦੇ ਆਖਿਆ ਵੀਰ ਰੋਣਾ ਨਹੀਂ ਆਪਾਂ ਇੱਥੇ ਹੀ ਖੜ੍ਹੋਨੇ ਆਂ, ਹੁਣੇ ਪਿੰਡੋਂ ਕੋਈ ਆ ਜਾਊ। "ਕਹਾਣੀਕਾਰ ਤੇ ਉਸ ਦੀ ਭੈਣ ਨੇ ਕੁਝ ਕਦਮ ਸੜਕ ਵੱਲ ਪੁੱਟੇ ਫਿਰ ਖਲੋ ਗਏ, ਫਿਰ ਉਵੇਂ ਹੀ ਪੰਜ ਕਦਮ ਮੁੜ ਆਏ। ਅੰਤ ਮੇਰੀ ਭੈਣ ਨੇ ਕੁਝ ਚਿਰ ਬਾਅਦ ਕਿਹਾ ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ ਆਂ ਸਾਨੂੰ ਨਾ ਫੜ।"

ਕਹਾਣੀਕਾਰ ਨੇ ਜਦ ਆਪਣੀ ਭੈਣ ਦੇ ਮੂੰਹੋਂ ਪੇਮੀ ਸ਼ਬਦ ਸੁਣਿਆ ਤਾਂ ਉਸ ਨੂੰ ਬਹੁਤ ਮਿੱਠਾ ਲੱਗਿਆ। ਕਹਾਣੀਕਾਰ ਨੂੰ ਆਪਣੀ ਭੈਣ ਖ਼ੁਦ ਪੇਮੀ ਬਣੀ ਹੋਈ ਦਿਖਾਈ ਦਿੱਤੀ। ਉਸ ਦੇ ਮਨ ਨੂੰ ਹੌਸਲਾ ਹੋ ਗਿਆ ਕਿ ਉਹ ਕਿ ਰਾਸ਼ੇ ਨੂੰ ਜਦੋਂ ਪਤਾ ਲੱਗੇਗਾ ਕਿ ਅਸੀਂ ਪ੍ਰੇਮੀ ਦੇ ਨਿਆਣੇ ਹਾਂ ਤਾਂ ਉਹ ਸਾਨੂੰ ਕੁਝ ਨਹੀਂ ਕਹੇਗਾ। ਅੰਤ ਵਿੱਚ ਕਹਾਣੀਕਾਰ ਤੇ ਉਸ ਦੀ ਭੈਣ ਪੇਮੀ ਦਾ ਨਾਮ ਲੈ ਕੇ ਜਰਨੈਲੀ ਸੜਕ ਪਾਰ ਕਰ ਗਏ। ਰਾਸ਼ਾ ਉਸੇ ਤਰ੍ਹਾਂ ਉੱਥੇ ਹੀ ਪਿਆ ਰਿਹਾ। ਲੇਖਕ ਇਸ ਕਹਾਣੀ ਰਾਹੀਂ ਸਾਡੇ ਸਮਾਜ ਵਿੱਚ ਜਿਹੜੇ ਅੰਧ ਵਿਸ਼ਵਾਸ ਅਤੇ ਧਾਰਮਿਕ ਸਿੱਖਿਆ ਦੁਆਰਾ ਬੱਚਿਆਂ ਨੂੰ ਨਰਕ-ਸੁਰਗ ਦੇ ਡਰ ਦੀਆਂ ਗੱਲਾਂ ਦੱਸ ਕੇ ਉਹਨਾਂ ਦੇ ਮਾਣ ਵਿੱਚ ਡਰ ਦੀ ਭਾਵਨਾ ਨੂੰ ਪੈਦਾ ਕਰਨਾ ਮਾਮੂਲੀ ਸਹਾਰੇ ਨਾਲ ਉਹਨਾਂ ਵਿੱਚੋਂ ਇਸ ਡਰ ਨੂੰ ਮੁਕਤ ਕਰਨਾ ਕਹਾਣੀ ਦਾ ਵਿਸ਼ਾ ਹੈ।

### 1.1.3.3.3 ਪੇਮੀ ਦੇ ਨਿਆਣੇ ਕਹਾਣੀ ਦੀ ਆਲੋਚਨਾਤਮਕ ਪਰਖ

ਸੰਤ ਸਿੰਘ ਸੇਖੋਂ ਪੰਜਾਬੀ ਭਾਸ਼ਾ ਦੇ ਇੱਕ ਬਹੁਮੁਖੀ ਕਿਰਤੀਕਾਰ ਹਨ। ਸੇਖੋਂ ਦੀ ਵਿਸ਼ੇਸ਼ਤਾ ਹੈ ਇਹ ਹੈ ਕਿ ਉਸ ਦੀਆਂ ਕੁਝ ਕਹਾਣੀਆਂ ਭਾਵਕ ਹੋਏ ਬਿਨਾਂ ਭਾਵਨਾਤਮਕ ਵਾਤਾਵਰਨ ਦਾ ਸਿਰਜਣ ਕਰ ਜਾਂਦੀਆਂ ਹਨ, ਪੇਮੀ ਦੇ ਨਿਆਣੇ ਵੀ ਉਹਨਾਂ ਵਿੱਚੋਂ ਇੱਕ ਹੈ। ਇਸ ਪ੍ਰਕਾਰ ਕਹਾਣੀ ਦਾ ਵਿਸ਼ਾ ਬਾਲ ਮਨੋਵਿਗਿਆਨ ਨਾਲ ਸੰਬੰਧਿਤ ਹੈ। ਸੰਤ ਸਿੰਘ ਸੇਖੋਂ ਨੇ ਕਹਾਣੀ ਦੇ ਵਿਸ਼ੇ ਨੂੰ ਯਥਾਰਥਕ ਕਥਾਨਕ ਪਾਤਰਾਂ ਤੇ ਵਾਤਾਵਰਨ ਦੀ ਸਿਰਜਨਾ ਨਾਲ ਬੜੇ ਹੀ ਰੋਚਕਤਾ ਨਾਲ ਪੇਸ਼ ਕੀਤਾ ਹੈ। ਸੇਖੋਂ ਇਸ ਕਹਾਣੀ ਰਾਹੀਂ ਇਹ ਵੀ ਬਿਆਨ ਕਰਦਾ ਹੈ ਕਿ ਡਰ ਦੀ ਮਾਨਸਿਕ ਪੀੜਾ ਬੱਚੇ ਦੇ ਵਿਕਾਸ ਵਿੱਚ ਰੁਕਾਵਟ ਪੈਦਾ ਕਰਦੀ ਹੈ। ਸਾਨੂੰ ਬੱਚਿਆਂ ਦੇ ਮਨ ਵਿੱਚੋਂ ਡਰ ਨੂੰ ਦੂਰ ਕਰਕੇ ਉਹਨਾਂ ਨੂੰ ਹਿੰਮਤੀ ਤੇ ਉੱਦਮੀ ਬਣਾਉਣਾ ਚਾਹੀਦਾ ਹੈ। ਬੱਚਿਆਂ ਦੇ ਮਨਾਂ ਵਿੱਚੋਂ ਡਰ ਨੂੰ ਦੂਰ ਕਰਨ ਲਈ ਉਹਨਾਂ ਨੂੰ ਹੌਸਲਾ ਤੇ ਪ੍ਰੇਰਨਾ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਵਿੱਚ ਡਰਦੇ ਕਾਰਨ ਮਾਨਸਿਕ ਵਿਕਾਸ ਵਿੱਚ ਰੁਕਾਵਟ ਪੈਦਾ ਨਾ ਹੋਵੇ। ਇਸ ਕਹਾਣੀ ਵਿੱਚ ਕਹਾਣੀਕਾਰ ਤੇ ਉਸ ਦੀ ਭੈਣ ਦੀ ਨਿਡਰ ਸੋਚ ਕਾਰਨ ਉਹ ਸੜਕ ਪਾਰ ਕਰ ਜਾਂਦੇ ਹਨ ਤੇ ਕਹਿੰਦੇ ਹਨ ਕਿ ਜੇਕਰ ਉਹਨਾਂ ਨੂੰ ਕੋਈ ਫੜੇਗਾ ਤਾਂ ਉਹ

ਆਪਣੇ ਆਪ ਨੂੰ ਪੇਮੀ ਦੇ ਨਿਆਣੇ ਕਹਿ ਦੇਣਗੇ। ਜਿਸ ਕਾਰਨ ਰਾਸ਼ਾ ਉਨਾਂ ਨੂੰ ਨਹੀਂ ਫੜੇਗਾ। ਇਸ ਪ੍ਰਕਾਰ ਕਹਾਣੀ ਦਾ ਵਿਸ਼ਾ ਅਤਿਅੰਤ ਮਹੱਤਵਪੂਰਨ ਹੈ।

**ਸਵੈ ਮੁਲਾਂਕਣ**

1. ਪੇਮੀ ਦੇ ਨਿਆਣੇ ਕਹਾਣੀ ਦਾ ਮੁੱਖ ਪਾਤਰ ਕੌਣ ਹੈ?

   ..........................................................................................................

   ..........................................................................................................

2. ਪੇਮੀ ਦੇ ਨਿਆਣੇ ਕਹਾਣੀ ਦਾ ਵਿਸ਼ਾ ਕਿਸ ਨਾਲ ਸਬੰਧਿਤ ਹੈ?

   ..........................................................................................................

   ..........................................................................................................

### 1.1.4 ਸਿੱਟਾ

ਇਸ ਕਹਾਣੀ ਸੰਗ੍ਰਹਿ ਕਥਾ-ਪੰਜਾਬ ਵਿੱਚ ਸ਼ਾਮਿਲ ਕਹਾਣੀਆਂ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਕਹਾਣੀਆਂ ਦੇ ਵਿਸ਼ਿਆਂ ਅਧੀਨ ਸਥਿਤੀਆਂ, ਪ੍ਰਸਥਿਤੀਆਂ, ਘਟਨਾਵਾਂ, ਮਨੋਅਵਸਥਾਵਾਂ ਅਤੇ ਭਾਵਨਾਵਾਂ ਨੂੰ ਅਪਣਾ ਕੇ ਪੇਸ਼ ਕੀਤਾ ਗਿਆ ਹੈ। ਵੱਖ-ਵੱਖ ਕਹਾਣੀਕਾਰਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਮੌਜੂਦਾ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਕਹਾਣੀਆਂ ਦੀ ਵਸਤੂ-ਸਮੱਗਰੀ ਵਜੋਂ ਵਰਤਿਆ ਹੈ। ਕਹਾਣੀਕਾਰਾਂ ਨੇ ਆਪੋ-ਆਪਣੀ ਵੇਦਨਾ ਦੇ ਅਨੁਸਾਰ ਉਦੇਸ਼ ਨੂੰ ਉਭਾਰਿਆ ਹੈ।

### 1.1.5 ਅਭਿਆਸ ਲਈ ਪ੍ਰਸ਼ਨ

**ਛੋਟੇ ਪ੍ਰਸ਼ਨ**

1. ਤਾਸ਼ ਕਹਾਣੀ ਦਾ ਵਿਸ਼ਾ ਕੀ ਹੈ?
2. ਤਾਸ਼ ਕਹਾਣੀ ਵਿਚਲੇ ਪਾਤਰਾਂ ਦੇ ਨਾਂ ਲਿਖੋ।
3. ਸ਼ੇਖ ਅਬਦੁਲ ਹਮੀਦ ਕੌਣ ਸੀ?
4. ਬਸ਼ੀਰ ਕਿਹੜੀ ਖੇਡ ਖੇਡਣ ਦਾ ਸ਼ੌਕੀਨ ਸੀ।
5. ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕੋਈ ਦੋ ਕਹਾਣੀਆਂ ਦੇ ਨਾਂ ਲਿਖੋ।
6. ਭਾਬੀ ਮੈਨਾ ਕਹਾਣੀ ਵਿਚਲੇ ਪਾਤਰਾਂ ਦੇ ਨਾਂ ਲਿਖੋ।
7. ਪੇਮੀ ਦੇ ਨਿਆਣੇ ਕਹਾਣੀ ਵਿੱਚ ਭੈਣ ਭਰਾ ਕਿੱਥੇ ਜਾ ਰਹੇ ਸਨ?
8. ਬੱਚੇ ਜਰਨੈਲੀ ਸੜਕ ਪਾਰ ਕਰਨ ਤੋਂ ਕਿਉਂ ਡਰ ਰਹੇ ਸਨ?
9. ਸੜਕ ਕੋਲ ਜਾ ਕੇ ਬੱਚਿਆਂ ਨੂੰ ਸੜਕ ਤੇ ਕੌਣ ਨਜ਼ਰ ਆਇਆ?

10. ਪੇਮੀ ਦੇ ਨਿਆਣੇ ਕਹਾਣੀ ਵਿੱਚ ਭੈਣ ਦੁਆਰਾ ਸੁਣਾਈ ਜਾ ਰਹੀ ਕਹਾਣੀ ਵਿੱਚ ਰਾਣੀ ਨੇ ਰਾਜੇ ਤੋਂ ਕੀ ਵਰ ਮੰਗਿਆ?

11. ਅੰਤ ਵਿੱਚ ਬੱਚਿਆਂ ਨੇ ਸੜਕ ਕਿਵੇਂ ਪਾਰ ਕੀਤੀ?

**ਵੱਡੇ ਪ੍ਰਸ਼ਨ**

1. ਤਾਸ਼ ਦੀ ਆਦਤ ਕਹਾਣੀ ਦਾ ਸਾਰ ਲਿਖੋ।
2. ਤਾਸ਼ ਦੀ ਆਦਤ ਕਹਾਣੀ ਸਬੰਧੀ ਆਪਣੇ ਵਿਚਾਰਾਂ ਨੂੰ ਪ੍ਰਗਟ ਕਰੋ।
3. ਭਾਬੀ ਮੈਨਾ ਕਹਾਣੀ ਦਾ ਵਿਸ਼ਾ ਵਸਤੂ ਲਿਖੋ।
4. ਭਾਬੀ ਮੈਨਾ ਕਹਾਣੀ ਦਾ ਸਾਰ ਲਿਖੋ।
5. ਪੇਮੀ ਦੇ ਨਿਆਣੇ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
6. ਪੇਮੀ ਦੇ ਨਿਆਣੇ ਕਹਾਣੀ ਦਾ ਵਿਸ਼ਾ ਵਸਤੂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ।

## 1.1.6 ਸਹਾਇਕ ਪੁਸਤਕ ਸੂਚੀ


1. ਡਾ. ਹਰਿਭਜਨ ਸਿੰਘ, 'ਕਥਾ ਪੰਜਾਬ' ਨੈਸ਼ਨਲ ਬੁੱਕ ਟਰੱਸਟ, ਦਿੱਲੀ ਇੰਡੀਆ
2. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਸਾਹਿਤ ਅਕਾਦਮੀ, ਦਿੱਲੀ।
3. ਡਾ. ਬਲਦੇਵ ਸਿੰਘ ਧਾਲੀਵਾਲ, ਆਉ ਕਹਾਣੀ ਪੜ੍ਹੀਏ, ਗਰੇਸ਼ੀਅਸ ਪਬਲੀਸਰਜ਼ ਪਟਿਆਲਾ।
4. ਡਾ. ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ, ਪੰਜਾਬੀ ਰਾਈਟਰਜ, ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ।

**ਪਾਠ ਨੰਬਰ : 1.2** **ਲੇਖਕ : ਡਾ. ਹਰਦੀਪ ਕੌਰ**

## ਖ਼ਸਮਾਂ ਖਾਣੇ ਅਤੇ ਰਾਸ ਲੀਲ੍ਹਾ ਕਹਾਣੀ ਦਾ ਸਾਰ/ਵਿਸ਼ਾ ਵਸਤੂ ਅਤੇ ਆਲੋਚਨਾਤਮਕ-ਪਰਖ

1.2.1 ਪਾਠ ਦਾ ਉਦੇਸ਼

1.2.3 ਭੂਮਿਕਾ

1.2.3 ਪਾਠ ਦੀ ਰੂਪ-ਰੇਖਾ

**1.2.3.1 ਖ਼ਸਮਾਂ ਖਾਣੇ-ਗੁਰਮੁਖ ਸਿੰਘ ਮੁਸਾਫ਼ਿਰ**

1.2.3.1.1 ਕਹਾਣੀਕਾਰ ਗੁਰਮੁਖ ਸਿੰਘ ਮੁਸਾਫ਼ਿਰ ਨਾਲ਼ ਜਾਣ-ਪਛਾਣ

1.2.3.1.2 ਖ਼ਸਮਾਂ ਖਾਣੇ ਕਹਾਣੀ ਦਾ ਸਾਰ/ਵਿਸ਼ਾ ਵਸਤੂ

1.2.3.1.3 ਖ਼ਸਮਾਂ ਖਾਣੇ ਕਹਾਣੀ ਦੀ ਆਲੋਚਨਾਤਮਕ ਪਰਖ

**1.2.3.1 ਰਾਸ-ਲੀਲ੍ਹਾ-ਸੁਜਾਨ ਸਿੰਘ**

1.2.3.1.1 ਕਹਾਣੀਕਾਰ ਸੁਜਾਨ ਸਿੰਘ ਨਾਲ਼ ਜਾਣ-ਪਛਾਣ

1.2.3.1.2 ਰਾਸ-ਲੀਲ੍ਹਾ ਕਹਾਣੀ ਦਾ ਸਾਰ/ਵਿਸ਼ਾ ਵਸਤੂ

1.2.3.1.3 ਰਾਸ-ਲੀਲ੍ਹਾ ਕਹਾਣੀ ਦੀ ਆਲੋਚਨਾਤਮਕ ਪਰਖ

1.2.4 ਸਿੱਟਾ

1.2.5 ਅਭਿਆਸ ਲਈ ਪ੍ਰਸ਼ਨ

1.2.6 ਸਹਾਇਕ ਪੁਸਤਕ ਸੂਚੀ

### 1.2.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਤੁਹਾਨੂੰ ਸੰਪਾਦਕ ਡਾ. ਹਰਭਿਜਨ ਸਿੰਘ ਦੀ ਪੁਸਤਕ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿੱਚ ਆਈਆਂ ਕਹਾਣੀਆਂ ਦੇ ਕਹਾਣੀਕਾਰਾਂ ਦੀ ਜਾਣ ਪਛਾਣ, ਉਹਨਾ ਦੀਆਂ ਕਹਾਣੀਆਂ ਦਾ ਸਾਰ/ਵਿਸ਼ਾ ਵਸਤੂ ਸੰਬੰਧੀ ਸਿਧਾਂਤਕ ਸੂਝ ਦੇਣਾ ਹੈ।

## 1.2.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ. ਏ ਭਾਗ ਪਹਿਲਾ ਪਰਚਾ ਪੰਜਾਬੀ ਲਾਜ਼ਮੀ ਦੇ ਸਿਲੇਬਸ ਵਿੱਚ ਡਾ. ਹਰਿਭਜਨ ਸਿੰਘ ਦੀ ਪੁਸਤਕ 'ਕਥਾ ਪੰਜਾਬ' ਵਿਚਲੀਆਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਹਨਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਭੇਜੀ ਜਾ ਰਹੀ ਹੈ। 'ਕਥਾ ਪੰਜਾਬ' ਪੁਸਤਕ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤੀ ਹੈ, ਜਿਸ ਵਿੱਚ ਵੱਖੋ-ਵੱਖਰੇ ਵਿਸ਼ਿਆਂ ਨਾਲ਼ ਸੰਬੰਧਿਤ ਕਹਾਣੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਕੁੱਲ 21 ਕਹਾਣੀਆਂ ਨੂੰ ਦਰਜ ਹਨ। ਇਸ ਪੁਸਤਕ ਨੂੰ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੁਆਰਾ ਪਹਿਲੀ ਵਾਰ 1970 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

## 1.2.3 ਪਾਠ ਦੀ ਰੂਪ-ਰੇਖਾ

### 1.2.3.1 ਖ਼ਸਮਾਂ ਖਾਣੇ-ਗੁਰਮੁਖ ਸਿੰਘ ਮੁਸਾਫ਼ਿਰ

#### 1.2.3.1.1 ਕਹਾਣੀਕਾਰ ਗੁਰਮੁਖ ਸਿੰਘ ਮੁਸਾਫ਼ਿਰ ਨਾਲ਼ ਜਾਣ-ਪਛਾਣ

ਗੁਰਮੁਖ ਸਿੰਘ ਮੁਸਾਫ਼ਿਰ ਦਾ ਜਨਮ 15 ਜਨਵਰੀ 1899 ਨੂੰ ਪੱਛਮੀ ਪੰਜਾਬ ਦੇ ਕੈਂਬਲਪੁਰ ਜ਼ਿਲ੍ਹੇ ਦੇ ਅੱਧਵਾਲ ਨਾਂਅ ਦੇ ਕਸਬੇ ਵਿੱਚ ਸ: ਸੁਜਾਨ ਸਿੰਘ ਦੇ ਘਰ ਹੋਇਆ। ਇਹਨਾਂ ਦੇ ਪਿਤਾ ਜੀ ਖੇਤੀਬਾੜੀ ਦੇ ਨਾਲ ਸ਼ਾਹੁਕਾਰਾ ਦਾ ਕਿੱਤਾ ਕਰਦੇ ਸਨ। ਮੁਸਾਫ਼ਿਰ ਇੱਕ ਪੰਜਾਬੀ ਕਵੀ, ਕਹਾਣੀਕਾਰ, ਆਜ਼ਾਦੀ ਘੁਲਾਟੀਆ ਅਤੇ ਸਿਆਸਤਦਾਨ ਸੀ। ਗੁਰਮੁਖ ਸਿੰਘ ਮੁਸਾਫਿਰ ਪੰਜਾਬ ਦਾ ਰਾਜਨੀਤਕ ਆਗੂ ਤੇ ਸਾਹਿਤਕਾਰ ਵੀ ਸੀ। ਉਹ ਕਵੀ ਤੇ ਕਹਾਣੀਕਾਰ ਹੁੰਦਿਆਂ ਉਸ ਨੇ ਆਪਣੇ ਜੀਵਨ ਨਾਲ ਸੰਬੰਧਿਤ ਕੁਝ ਸੰਸਮਰਣ ਵੀ ਲਿਖੇ ਸਨ। ਉਸ ਦੀਆਂ ਕਹਾਣੀਆਂ ਵਧੇਰੇ ਕਰਕੇ ਉਸ ਦੇ ਰਾਜਨੀਤਿਕ ਅਨੁਭਵਾਂ ਦੇ ਪ੍ਰਤੀਬਿੰਬ ਹਨ, ਜਿਨ੍ਹਾਂ ਵਿਚ ਰਾਜਨੀਤਕ ਜੀਵਨ ਦੇ ਸਰਲ ਸੱਚ ਮਿਲਦੇ ਹਨ। ਉਹਨਾਂ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਸਸਤਾ ਤਮਾਸ਼ਾ, ਸਭ ਅੱਛਾ, ਵੱਖਰੀ ਦੁਨੀਆ, ਆਲ੍ਹਣੇ ਦੇ ਵੋਟ ਗੁਟਾਰ, ਕੰਧਾਂ ਬੋਲ ਪਈਆਂ। ਇਹਨਾਂ ਨੂੰ ਸੰਨ 1978 ਵਿੱਚ ਨਿੱਕੀ ਕਹਾਣੀ ਸੰਗ੍ਰਹਿ 'ਉਰਵਾਰ ਪਾਰ' ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਇਹਨਾਂ ਦਾ ਮਿਤੀ 18 ਜਨਵਰੀ 1976 ਨੂੰ ਦਿਹਾਂਤ ਹੋ ਗਿਆ।

#### 1.2.3.1.2 ਖ਼ਸਮਾਂ ਖਾਣੇ ਕਹਾਣੀ ਦਾ ਸਾਰ/ਵਿਸ਼ਾ ਵਸਤੂ

ਗੁਰਮੁਖ ਸਿੰਘ ਮੁਸਾਫ਼ਿਰ ਦੁਆਰਾ ਰਚਿਤ ਕਹਾਣੀ 'ਖ਼ਸਮਾਂ ਖਾਣੇ' ਸੰਨ 1947 ਦੇ ਉਜਾੜੇ ਨਾਲ ਸੰਬੰਧਿਤ ਹੈ। ਇਸ ਕਹਾਣੀ ਵਿੱਚ ਸੰਨ 1947 ਈ ਦੇ ਉਜਾੜੇ ਨਾਲ ਸੰਬੰਧਿਤ ਲੋਕਾਂ ਦੁਆਰਾ ਆਪਣੇ ਆਪ ਨੂੰ ਦੁਬਾਰਾ ਸਥਾਪਿਤ ਕਰਨ ਦੀਆਂ ਸਥਿਤੀਆਂ ਪੇਸ਼ ਕਰਨਾ ਤੇ ਸਮੱਸਿਆ ਵਿੱਚ ਗੁਜਰ ਰਹੇ ਲੋਕਾਂ ਦੀ ਤਸਵੀਰ ਰੂਪਮਾਨ ਕੀਤਾ ਗਿਆ ਹੈ। ਸਮਾਜ ਲਈ ਕੁਝ ਕਰ ਵਿਖਾਉਣ ਦਾ ਜਜ਼ਬਾ ਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਲੋਕਾਂ ਦੀ ਵੀਰਤਾ ਨੂੰ ਉਭਾਰਿਆ ਗਿਆ ਹੈ ਅਤੇ ਦੂਜੇ ਪਾਸੇ ਸਵਾਰਥੀ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਦਾ ਕੇਂਦਰੀ ਧੁਰਾ ਫ਼ਿਰਕੂ ਮਾਰ-ਧਾੜ ਵਲ ਨਹੀਂ ਆਪਣੇ ਨਿਕਟ ਵਰਤਮਾਨ ਵਿਚ ਵਿਆਪਕ ਰਹੇ ਭ੍ਰਿਸ਼ਟ ਚਰਿੱਤਰ ਪ੍ਰਤੀ ਹੈ। ਪੰਜਾਬੀ ਦਾ ਸਾਹਿਤਕ ਚਰਿੱਤਰ ਵਾਪਰ ਚੁੱਕੇ ਕਸ਼ਟ ਨੂੰ ਭੁੱਲ ਜਾਂਦਾ ਹੈ, ਵਾਪਰ ਰਹੇ ਕਸ਼ਟ ਦੀ ਚੂੰਢੀ ਮਹਿਸੂਸ ਕਰਦਾ ਹੈ। ਖ਼ਸਮਾਂ ਖਾਣੇ ਕਹਾਣੀ ਦੇਸ਼ ਦੀ ਵੰਡ ਸਮੇਂ ਸ਼ਰਨਾਰਥੀਆਂ

ਦਾ ਦੁਖਾਂਤ ਜਿਸ ਵਿੱਚ ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਇੰਨਾ ਸਮੱਸਿਆ ਨੂੰ ਹੱਲ ਕਰਨ ਲਈ ਉਹ ਆਸਰੇ ਭਾਲ ਰਹੇ ਹਨ। ਇਸ ਕਹਾਣੀ ਵਿਚਲੀ ਪੂਰੀ ਵਾਰਤਾ ਸ਼ਰਨਾਰਥੀਆਂ ਦੇ ਦੁਖਾਂਤ ਨੂੰ ਉਘਾੜਦੀ ਹੈ।

ਗੁਰਮੁਖ ਸਿੰਘ ਮੁਸਾਫ਼ਿਰ ਕਹਾਣੀ ਦੀ ਸ਼ੁਰੂਆਤ ਵਿੱਚ ਲਿਖਦੇ ਹਨ ਕਿ ਜਾਗੋ ਮੀਟੋ ਵਿਚ ਧਰੋਪਤੀ ਨੇ ਕਿਹਾ, ਨਹੀਂ ਉਹਦੇ ਮੂੰਹ ਵਿਚੋਂ ਨਿਕਲ ਗਿਆ, 'ਖ਼ਸਮਾ ਖਾਣੇ'। ਹਾਰਨ ਦੀ ਖਹੁਰੀ ਅਵਾਜ਼ ਨਾਲ ਉਸ ਦੇ ਕੰਨ ਜੋ ਪਾਟਣ ਨੂੰ ਆਏ ਸਨ। ਅੱਜ ਤੱਕ ਹਾਰਨ ਦੀਆਂ ਜਿਤਨੀਆਂ ਵੀ ਆਵਾਜ਼ਾਂ ਉਸ ਦੇ ਕੰਨਾਂ ਵਿਚ ਪਈਆਂ ਸਨ, ਇਹ ਸਭਨਾਂ ਨਾਲੋਂ ਖਹੁਰੀ ਸੀ। 'ਗਣੇਸ਼ਾ ਟੈਕਸੀ ਵਾਲਾ ਨਹੀਂ, ਚਾਨਣ ਸ਼ਾਹ ਉਰੀ ਹੋਣਗੇ। ਆਪਣੇ ਪਤੀ ਭਗਤ ਰਾਮ ਦੇ ਮੂੰਹ ਚਾਨਣ ਸ਼ਾਹ ਦਾ ਨਾਮ ਸੁਣ ਕੇ ਧਰੋਪਤੀ ਕੁਝ ਸ਼ਰਮਾ ਜਿਹੀ ਗਈ, 'ਹਾਏ ਕਿਤੇ ਸ਼ਾਹ ਹੁਰਾਂ ਸੁਣ ਹੀ ਨਾ ਲਿਆ ਹੋਵੇ। 'ਤਿੰਨ ਚਾਰ ਦਿਨ ਹੀ ਪਹਿਲਾਂ ਮੂੰਹ ਹਨੇਰੇ ਗਣੇਸ਼ੇ ਦੀ ਟੈਕਸੀ ਦੀ ਹਾਰਨ ਸੁਣ ਕੇ ਧਰੋਪਤੀ ਦੇ ਮੂੰਹੋਂ ਨਿਕਲਿਆ ਸੀ, "ਖ਼ਸਮਾਂ ਖਾਇਆਂ ਨੂੰ ਖ਼ਬਰੇ ਨੀਂਦਰ ਹੀ ਨਹੀਂ ਪੈਂਦੀ।" ਉਦੋਂ ਭਗਤ ਰਾਮ ਦੇ ਸਮਝਾਣ 'ਤੇ ਕਿ 'ਇਸ ਟੈਕਸੀ ਵਾਲੇ ਗ਼ਰੀਬ ਦਾ ਚਾਲਾਨ ਹੋ ਗਿਆ ਹੈ, ਵਿਚਾਰਾ ਸ਼ਰਨਾਰਥੀ ਹੈ, ਸਿਫ਼ਾਰਸ਼ ਲਈ ਆਖਦਾ ਹੈ" ਧਰੋਪਤੀ ਨੇ ਹੋਰ ਉੱਚਾ ਆਖਿਆ ਸੀ, 'ਖਾਏ ਖ਼ਸਮਾਂ' ਨੂੰ। ਗਣੇਸ਼ੇ ਨੇ ਇਹ ਗੱਲ ਸੁਣ ਲਈ ਸੀ, ਪਰ ਗਰਜ਼ਮੰਦ ਕੀ ਆਖਦਾ? ਅੱਜ ਚਾਨਣ ਸ਼ਾਹ ਦਾ ਲਿਹਾਜ਼ ਭਗਤਰਾਮ ਨੂੰ ਧਰੋਪਤੀ ਦੀ ਝਿੜਕ ਤੋਂ ਬਚਾ ਗਿਆ। ਮੋਟਰ ਬੂਹੇ ਅੱਗੇ ਖੜੀ ਕਰਕੇ ਚਾਨਣ ਸ਼ਾਹ ਸਿੱਧਾ ਭਗਤ ਰਾਮ ਦੇ ਸੌਣ ਕਮਰੇ ਵਿਚ ਹੀ ਆ ਗਿਆ। ਧਰੋਪਤੀ ਨੇ 'ਜੀ ਆਇਆ' ਆਖ ਕੇ ਕੁਰਸੀ ਅੱਗੇ ਕੀਤੀ।

ਦਿੱਲੀ ਦੇ ਸ਼ਰਨਾਰਥੀ ਨੇਤਾ ਲਾਲਾ ਭਗਤ ਰਾਮ ਦੀ ਪਤਨੀ ਧਰੋਪਤੀ ਨੂੰ ਆਪਣੇ ਘਰ ਦੇ ਬਾਹਰ ਵੱਜਿਆ ਹਾਰਨ ਸੁਣ ਕੇ ਉਸਦੇ ਕੰਨ ਝਿੜ ਆਈ ਤੇ ਉਸ ਨੇ ਹਾਰਨ ਦੀ ਆਵਾਜ਼ ਸੁਣ ਕੇ ਕਿਹਾ, 'ਖ਼ਸਮਾਂ ਖਾਣੇ'। ਇਸ ਸਮੇਂ ਚਾਨਣ ਸ਼ਾਹ ਉਸ ਦੇ ਪਤੀ ਨੂੰ ਸਵੇਰੇ-ਸਵੇਰੇ ਆਪਣੀ ਕਾਰ ਵਿੱਚ ਬਿਠਾ ਕੇ ਅੰਬਾਲੇ ਲਿਜਾਣ ਲਈ ਉੱਥੇ ਆ ਗਿਆ ਜਿੱਥੇ ਉਸ ਨੇ ਉਹਨਾਂ ਦੀ ਸਿਫ਼ਾਰਸ਼ ਨਾਲ ਡਿਪਟੀ ਕਮਿਸ਼ਨਰ ਤੋਂ ਇੱਕ ਕੰਮ ਕਰਵਾਉਣਾ ਸੀ। ਉਸ ਨੇ ਲਾਲਾ ਜੀ ਨੂੰ ਨਾ ਰਾਤ ਲਈ ਦਵਾਈ ਲੈਣ ਦਿੱਤੀ ਤੇ ਨਾ ਹੀ ਕੋਈ ਭਾਰੀ ਕੱਪੜਾ, ਉਹ ਕਹਿ ਰਿਹਾ ਸੀ ਕਿ ਉਹ ਛੇ ਘੰਟਿਆਂ ਵਿੱਚ ਦਿੱਲੀ ਤੋਂ ਪਰਤ ਕੇ ਵਾਪਸ 12 ਵਜੇ ਤੱਕ ਘਰ ਪੁੱਜ ਜਾਣਗੇ। ਜੇਕਰ ਲਾਲਾ ਜੀ ਨੇ ਉੱਥੋਂ ਦੇ ਸਰਨਾਰਥੀ ਕੈਂਪ ਵਿੱਚ ਦੋ ਢਾਈ ਘੰਟੇ ਲਾਉਣੇ ਹੋਣ ਤਾਂ ਉਹ ਤਿੰਨ ਵਜੇ ਤੱਕ ਘਰ ਜ਼ਰੂਰ ਵਾਪਸ ਪੁੱਜ ਜਾਣਗੇ। ਲਾਲਾ ਜੀ ਦੇ ਜਾਣ ਤੋਂ ਬਾਅਦ ਉਨਾਂ ਦੇ ਘਰ ਜਿਹੜਾ ਵੀ ਸ਼ਰਨਾਰਥੀ ਆਉਂਦਾ ਧਰੋਪਤੀ ਨੇ ਆਪਣੇ ਪਤੀ ਦੀ ਹਦਾਇਤ ਅਨੁਸਾਰ ਉਹਨਾਂ ਨੂੰ ਤਿੰਨ ਵਜੇ ਆਉਣ ਦਾ ਸਮਾਂ ਦੇ ਦਿੱਤਾ। ਸ਼ਰਨਾਰਥੀਆਂ ਨੂੰ ਰਹਿਣ ਲਈ ਮਕਾਨ ਤੇ ਕਰਜ਼ਿਆਂ ਲਈ ਲਾਲਾ ਜੀ ਦੀ ਸਿਫ਼ਾਰਸ਼ ਦੀ ਲੋੜ ਪੈਂਦੀ ਸੀ। ਪੁੱਤਰ ਤੇ ਪਤਨੀ ਤੋਂ ਵਾਂਝੀ ਹੋਈ ਤੇ ਪੱਤ ਨੂੰ ਖ਼ਤਰੇ ਵਿੱਚ ਪਈ ਦੇਖ ਕੇ ਦੁਖੀ ਹੋਈ ਇੱਕ ਸ਼ਰਨਾਰਥਣ ਦੀ ਦਰਦ ਭਰੀ ਕਥਾ ਸੁਣ ਕੇ ਧਰੋਪਤੀ ਰੋਣ ਲੱਗ ਪਈ। ਇੰਨੇ ਨੂੰ ਇੱਕ ਮੈਲੇ ਤੇ ਪਾਟੇ ਕੱਪੜਿਆਂ ਵਾਲੀ ਸਰਨਾਰਥ ਧਰੋਪਤੀ ਦੇ ਬੂਹੇ ਵਿੱਚ ਆ ਡਿੱਗੀ। ਧਰੋਪਤੀ ਨੇ ਪਹਿਲੀ ਸ਼ਰਨਾਰਥਣ ਦੀ ਸਹਾਇਤਾ ਨਾਲ ਉਸ ਨੂੰ ਚੁੱਕ ਕੇ ਕਮਰੇ ਵਿੱਚ ਦਰੀ ਉੱਪਰ ਲਟਾਇਆ, ਉਸਨੇ ਕਮਰੇ ਵਿੱਚ ਬੈਠੇ ਸਾਰਿਆਂ ਨੂੰ ਤਿੰਨ ਵਜੇ ਆਉਣ ਦਾ ਕਹਿ ਕੇ ਉਠਾ ਦਿੱਤਾ। ਇੰਨੇ ਨੂੰ ਗਣੇਸ਼ਾ ਟੈਕਸੀ ਲੈ ਕੇ ਆ ਗਿਆ। ਧਰੋਪਤੀ ਨੇ ਉਸ ਰਾਹੀ ਲੇਡੀ ਡਾਕਟਰ ਕਰਤਾਰ ਕੌਰ ਨੂੰ ਬੁਲਾਇਆ। ਇੰਨੇ ਨੂੰ ਸ਼ਰਨਾਰਥਣ ਇੱਕ ਬੱਚੇ ਨੂੰ ਜਨਮ ਦੇ ਚੁੱਕੀ ਸੀ, ਕਰਤਾਰ ਕੌਰ ਨੇ ਧਰੋਪਤੀ ਦੀ ਜ਼ਨਾਨੀ ਨਾਲ ਹਮਦਰਦੀ ਦੀ ਸਿਫ਼ਤ ਕੀਤੀ ਤੇ ਆਪਣਾ ਰੋਣਾ ਵੀ ਰੋਇਆ ਕਿ ਜਿਸ ਗੈਰਜ ਵਿੱਚੋਂ ਕੰਮ ਕਰਦੀ ਸੀ। ਉਹ ਬਖ਼ਸ਼ੀ ਖ਼ੁਸ਼ਹਾਲ ਚੰਦ ਐਡਵੋਕੇਟ ਨੇ ਆਪਣੇ ਅਲਾਟ ਕਰਵਾ ਲਿਆ ਹੈ। ਉਹ ਆਪਣੀ ਮੁਸ਼ਕਿਲ ਨੂੰ ਦੂਰ ਕਰ ਲਈ ਲਾਲਾ ਜੀ ਦੀ ਮਦਦ ਚਾਹੁੰਦੀ ਸੀ।

ਧਰੋਪਤੀ ਨੇ ਉਸ ਨੂੰ ਵੀ ਕਿਹਾ ਕਿ ਉਹ ਤਿੰਨ ਵਜੇ ਆਉਣਗੇ। ਸਾਰਾ ਦਿਨ ਬੀਤ ਗਿਆ ਲਾਲਾ ਜੀ ਪੰਜ ਵਜੇ ਤੱਕ ਵੀ ਨਾ ਆਏ ਤੇ ਉਹਨਾਂ ਦੇ ਘਰ ਸ਼ਰਨਾਰਥੀਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਆ ਰਹੇ ਲੋਕਾਂ ਦੀ ਭੀੜ ਲੱਗ ਗਈ। ਇਸ ਸਮੇਂ ਉਹਨਾਂ ਦਾ ਇਹ ਦੋਸ਼ ਕੇ ਲਾਲਾ ਜੀ ਸਰਮਾਏਦਾਰਾਂ ਦੇ ਕੰਮ ਕਰਦੇ ਹਨ। ਧਰੋਪਤੀ ਨੂੰ ਚੰਗਾ ਨਾ ਲੱਗਿਆ। ਅੰਤ ਵਿੱਚ ਦਰੋਪਤੀ ਨੇ ਕੋਸ਼ਿਸ਼ ਕਰਕੇ ਚਾਨਣ ਸ਼ਾਹ ਦੀ ਕੋਠੀ ਟੈਲੀਫ਼ੋਨ ਕੀਤਾ, ਜਿੱਥੋਂ ਪਤਾ ਲੱਗਾ ਕਿ ਸ਼ਾਹ ਹੁਰੀ ਅੰਬਾਲੇ ਤੋਂ ਆ ਚੁੱਕੇ ਹਨ ਤੇ ਉਹ ਬਾਹਰ ਬਗੀਚੇ ਵਿੱਚ ਬੈਠੇ ਇੱਕ ਪਾਰਟੀ ਵਿੱਚ ਹਿੱਸਾ ਲੈ ਰਹੇ ਹਨ। ਘਰ ਵਾਲਿਆਂ ਨੇ ਸ਼ਾਹ ਜੀ ਤੋਂ ਪੁੱਛ ਕੇ ਧਰੋਪਤੀ ਨੂੰ ਦੱਸਿਆ ਕਿ ਲਾਲਾ ਜੀ ਡਿਪਟੀ ਕਮਿਸ਼ਨਰ ਦੀ ਕੋਠੀ ਤੋਂ ਹੀ ਸਨਾਰਥੀ ਕੈਂਪ ਵਿੱਚ ਚਲੇ ਗਏ ਸਨ ਤੇ ਸ਼ਾਹ ਜੀ ਉੱਥੇ ਆਪਣਾ ਕੁਝ ਹੋਰ ਕੰਮ ਕਰਦੇ ਸਨ। ਮੋਟਰ ਵਿੱਚ ਪੈਟਰੋਲ ਥੋੜ੍ਹਾ ਹੋਣ ਕਰਕੇ, ਉਹ ਲਾਲਾ ਜੀ ਨੂੰ ਸ਼ਰਨਾਰਥੀ ਕੈਂਪ ਵਿੱਚ ਨਾ ਲੈ ਸਕੇ। ਨਾਲ ਹੀ ਘਰ ਵਿੱਚ ਚਾਹ ਪਾਰਟੀ ਹੋਣ ਕਰਕੇ ਉਹਨਾਂ ਨੂੰ ਵਾਪਸੀ ਦੀ ਕਾਹਲੀ ਸੀ। ਧਰੋਪਤੀ ਨੇ ਗੱਲਾਂ ਸੁਣ ਕੇ ਰਸੀਵਰ ਵਗਾ ਕੇ ਮਾਰਿਆ ਤੇ ਕਿਹਾ, 'ਖ਼ਸਮਾਂ ਖਾਣੇ' ਸਭ ਨੂੰ ਗੱਲ ਪਤਾ ਲੱਗ ਗਈ ਤੇ ਉਹ ਆਪਣੇ ਆਪਣੇ ਘਰ ਪਰਤ ਗਏ। ਧਰੋਪਤੀ ਦੀ ਸਾਰੀ ਰਾਤ ਪਤੀ ਦੇ ਫ਼ਿਕਰ ਵਿੱਚ ਤੇ ਜ਼ਨਾਨੀ ਸ਼ਰਨਾਰਥਣ ਦੀ ਦੇਖਭਾਲ ਵਿੱਚ ਕਰਦਿਆਂ ਲੰਘ ਗਈ। ਸਵੇਰੇ-ਸਵੇਰੇ ਗਣੇਸ਼ਾ ਟੈਕਸੀ ਵਿੱਚ ਲਾਲਾ ਭਗਤ ਰਾਮ ਨੂੰ ਲੈ ਕੇ ਆਇਆ ਉਹਨਾਂ ਨੇ ਇੱਕ ਅਤਿ ਮੈਲੇ ਕੰਬਲ ਦੀ ਇੱਕ ਬੁੱਕਲ ਮਾਰੀ ਹੋਈ ਸੀ ਜਿਹੜਾ ਕਿ ਰੇਲ ਵਿੱਚ ਬੈਠਣ ਸਮੇਂ ਸ਼ਰਨਾਰਥੀਆਂ ਨੇ ਮੱਲੋ ਮੱਲੀ ਉਹਨਾਂ ਦਿਵਾਲੇ ਲਪੇਟ ਦਿੱਤਾ ਸੀ। ਗਣੇਸ਼ੇ ਨੂੰ ਜਾਂਦਿਆਂ ਦੇਖ ਕੇ ਧਰੋਪਤੀ ਨੇ ਕਿਹਾ, 'ਇਸ ਗ਼ਰੀਬ ਨੂੰ ਦੇਖੋ ਤੇ ਉਹ 'ਖ਼ਸਮਾਂ ਖਾਣੇ'।

### 1.2.3.1.3 ਖ਼ਸਮਾਂ ਖਾਣੇ ਕਹਾਣੀ ਦੀ ਆਲੋਚਨਾਤਮਕ ਪਰਖ

ਗੁਰਮੁਖ ਸਿੰਘ ਮੁਸਾਫ਼ਿਰ ਨੇ ਕਹਾਣੀ ਵਿੱਚ ਸੰਨ 1947 ਦੀ ਵੰਡ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। ਉਸ ਸਮੇਂ ਦੁਖਾਂਤਕ ਪੀੜਾ ਦੇ ਕਾਰਨ ਲੋਕਾਂ ਨੂੰ ਜਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਉਹ ਅਸਹਿਣਯੋਗ ਸੀ। ਵਟਵਾਰੇ ਦੌਰਾਨ ਲੋਕਾਂ ਦਾ ਆਪਣੇ ਆਪ ਨੂੰ ਦੂਜੀਆਂ ਥਾਵਾਂ 'ਤੇ ਦੁਬਾਰਾ ਵੱਸਣਾ ਕਿਸੇ ਜ਼ਖ਼ਮ ਭਰਨ ਦੇ ਬਰਾਬਰ ਸੀ। ਕਹਾਣੀ ਦੇ ਪਾਤਰ ਲਾਲਾ ਭਗਤ ਰਾਮ ਤੇ ਉਹਨਾਂ ਦੀ ਪਤਨੀ ਧਰੋਪਤੀ ਦੁਆਰਾ ਸ਼ਰਨਾਰਥੀ ਲੋਕਾਂ ਲਈ ਕੁਝ ਕਰ ਦਿਖਾਉਣ ਦਾ ਜਜ਼ਬਾ। ਕਹਾਣੀ ਵਿਚਲੇ ਪਾਤਰ ਚਾਨਣ ਸ਼ਾਹ ਤੇ ਘੁਮੰਡਾ ਸਿੰਘ ਵਰਗੇ ਸਰਮਾਏਦਾਰਾਂ ਵਿੱਚ ਆਪਣਾ ਕੰਮ ਨਿਕਲਣ ਤੋਂ ਬਾਅਦ 'ਤੂੰ ਕੌਣ ਤੇ ਮੈਂ ਕੌਣ' ਵਾਲਾ ਵਿਹਾਰ ਬਣ ਜਾਂਦਾ ਹੈ। ਕਹਾਣੀਕਾਰ ਨੇ ਇਸ ਕਹਾਣੀ ਰਾਹੀਂ ਇਤਿਹਾਸਿਕ, ਦੁਖਾਂਤਕ ਅਤੇ ਖ਼ੁਦਗ਼ਰਜ਼ੀ ਭਰੇ ਵਤੀਰੇ ਵਰਗੇ ਵਿਸ਼ਿਆਂ ਨੂੰ ਉਬਾਰਕੇ ਕਹਾਣੀ ਨੂੰ ਦਿਲ ਟੁੰਬਵਾਂ ਬਣਾਇਆ ਹੈ। ਸਾਰੀ ਕਹਾਣੀ ਸ਼ਰਨਾਰਥੀਆਂ ਦੇ ਦੁਖਾਂਤ ਦੀ ਵਾਰਤਾ ਨੂੰ ਚਿਤਰਦੀ ਹੈ।

### ਸਵੈ ਮੁਲਾਂਕਣ

1. ਗੁਰਮੁਖ ਸਿੰਘ ਮੁਸਾਫਿਰ ਦੀਆਂ ਦੋ ਕਹਾਣੀਆਂ ਦੇ ਨਾਂ ਲਿਖੋ।

   ..........................................................................................................

   ..........................................................................................................

2. ਧਰੋਪਤੀ ਦੇ ਸੁਭਾਅ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।

..............................................................................................................

..............................................................................................................

### 1.2.3.1 ਰਾਸ-ਲੀਲ੍ਹਾ-ਸੁਜਾਨ ਸਿੰਘ

#### 1.2.3.1.1 ਕਹਾਣੀਕਾਰ ਸੁਜਾਨ ਸਿੰਘ ਨਾਲ਼ ਜਾਣ-ਪਛਾਣ

ਪ੍ਰਿੰਸੀਪਲ ਸੁਜਾਨ ਸਿੰਘ ਦਾ ਜਨਮ 5 ਜਨਵਰੀ 1909 ਨੂੰ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਖੇ, ਪਿਤਾ ਸ. ਹਾਕਮ ਸਿੰਘ ਦੇ ਘਰ ਹੋਇਆ। ਆਪ ਐਮ. ਏ ਪੰਜਾਬੀ ਕਰਨ ਤੋਂ ਬਾਅਦ ਸਕੂਲ ਅਧਿਆਪਕ ਨਿਯੁਕਤ ਹੋ ਗਏ। ਆਰਥਿਕ ਤੰਗੀ ਵਾਲੇ ਜੀਵਨ ਬਦਲਣ ਦੀ ਖਾਹਿਸ ਨੇ ਉਸ ਨੂੰ ਮਾਰਕਸਵਾਦ ਦੇ ਅਧਿਐਨ ਵੱਲ ਤੋਰਿਆ ਅਤੇ ਛੇਤੀ ਹੀ ਉਹ ਸਾਹਿਤ ਦੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਬਣ ਗਿਆ। ਆਪ ਨੂੰ ਅੰਗਰੇਜ਼ੀ, ਉਰਦੂ ਤੇ ਬੰਗਾਲੀ ਭਾਸ਼ਾਵਾਂ ਦਾ ਵੀ ਗਿਆਨ ਹੈ। ਸੁਜਾਨ ਸਿੰਘ ਪੰਜਾਬੀ ਦੇ ਮੋਢੀ ਕਹਾਣੀਕਾਰਾਂ ਵਿਚੋਂ ਇਕ ਹੈ। ਸੁਜਾਨ ਸਿੰਘ ਦੁਆਰਾ ਲਿਖੀ ਪੰਜਾਬੀ ਕਹਾਣੀ ਲੋਕ ਕਹਾਣੀ ਤੇ ਵਿਚਾਰਧਾਰਕ ਦਾ ਰੂਪ ਧਾਰਨ ਕਰ ਜਾਂਦੀ ਹੈ। ਸੁਜਾਨ ਸਿੰਘ ਦੇ ਵਿਚਾਰ ਅਨੁਸਾਰ ਅਮਲ (Action) ਤੋਂ ਬਿਨਾਂ ਕੋਈ ਕਹਾਣੀ, ਕਹਾਣੀ ਨਹੀਂ ਹੁੰਦੀ। ਉਸ ਦੀਆਂ ਕਹਾਣੀਆਂ ਵਿਚ ਸਿਰਫ ਹੱਡੀ ਹੰਢਾਈ ਗਰੀਬੀ ਦਾ ਪ੍ਰਮਾਣਿਕ ਬਿਆਨ ਹੀ ਨਹੀਂ ਹੁੰਦਾ, ਸਗੋਂ ਗਰੀਬੀ ਪਿਛੇ ਕੰਮ ਕਰ ਰਹੇ ਪ੍ਰੇਰਕਾ ਵੱਲ ਸੰਕੇਤ ਵੀ ਹੁੰਦਾ ਹੈ। ਉਸ ਦੀਆਂ ਕਹਾਣੀਆਂ ਲਾਹਨਤ ਭਰੇ ਜੀਵਨ ਪ੍ਰਤੀ ਨਫਰਤ ਦੇ ਭਾਵ ਪੈਦਾ ਕਰਕੇ, ਇਸ ਨੂੰ ਬਦਲਣ ਦੀ ਪ੍ਰੇਰਨਾ ਵੀ ਦਿੰਦੀਆਂ ਹਨ। ਇਹ ਕਾਰਨ ਹੈ ਕਿ ਕਈ ਵਾਰ ਉਸ ਤੇ ਪ੍ਰਚਾਰਕ ਹੋਣ ਦਾ ਦੋਸ ਵੀ ਲਗਦਾ ਹੈ। ਸੁਜਾਨ ਸਿੰਘ ਦੀਆਂ ਕਹਾਣੀਆ ਦੇ ਪਿਛੇ ਉਸ ਦਾ ਆਪਣਾ ਜੀਵਨ ਅਤੇ ਉਸ ਦੇ ਸਮਕਾਲੀ ਸਮਾਜਿਕ ਜੀਵਨ ਨਾਲ ਉਸ ਦਾ ਅਮਲੀ ਅਨੁਭਵ ਤੇ ਸਾਂਝ ਹੈ। ਸੁਜਾਨ ਸਿੰਘ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ ਜਿੰਨਾ ਵਿੱਚ ਦੁੱਖ-ਸੁੱਖ, ਸਭ ਰੰਗ, ਨਰਕਾ ਦੇ ਦੇਵਤੇ, ਨਵਾਂ ਰੰਗ, ਡੇਢ ਆਦਮੀ, ਮਨੁੱਖ ਤੇ ਪਸ਼ੂ, ਸਵਾਲ ਜਵਾਬ, ਪੱਤਣ ਤੇ ਸਰਾਂ, ਸੱਤ ਸੁਰਾਂ ਸਾਮਲ ਹਨ। ਉਹਨਾ ਦੀ ਕਹਾਣੀ ਸ਼ਹਿਰ ਤੇ ਗ੍ਰਾਂ ਕਹਾਣੀ ਸੰਗ੍ਰਹਿ ਨੂੰ 1986 ਵਿਚ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ।

#### 1.2.3.1.2 ਰਾਸ-ਲੀਲ੍ਹਾ ਕਹਾਣੀ ਦਾ ਸਾਰ/ਵਿਸ਼ਾ ਵਸਤੂ

ਰਾਸ ਲੀਲ੍ਹਾ ਕਹਾਣੀ ਦੇ ਲੇਖਕ ਨੇ ਵਿਸ਼ੇ ਵਿੱਚ ਔਰਤ ਦੇ ਅਣਜੋੜ ਵਿਆਹ ਦੀ ਸਮੱਸਿਆ ਨੂੰ ਰੂਪਮਾਨ ਕੀਤਾ ਹੈ। ਕਹਾਣੀ ਵਿਚਲੀ ਪਾਤਰ ਰਾਧਾ ਦਾ ਵੱਡੀ ਉਮਰ ਦੇ ਵਿਅਕਤੀ ਨਾਲ ਵਿਆਹ ਹੋ ਜਾਣ ਕਾਰਨ ਉਸ ਦੀਆਂ ਭਾਵਨਾਵਾਂ ਦਾ ਮਰ ਜਾਣਾ ਅਤੇ ਔਰਤ ਦੀ ਪਿਆਰ ਭਾਵਨਾ ਨੂੰ ਪੇਸ਼ ਕੀਤਾ ਗਿਆ ਹੈ। ਔਰਤ ਦੇ ਆਪਣੇ ਹਾਣੀ ਨਾਲ ਪਿਆਰ ਤੇ ਵਿਆਹ ਕਰਵਾਉਣ ਦੀਆਂ ਇੱਛਾਵਾਂ ਦਾ ਦੱਬ ਜਾਣਾ, ਰਿਸਤਿਆਂ ਦੇ ਜੋੜ ਲਈ ਪੈਸੇ ਨਾਲ ਖਰੀਦਣ ਵਰਗੀਆਂ ਸਮੱਸਿਆਵਾਂ ਨੂੰ ਉਘਾੜਿਆ ਗਿਆ ਹੈ। ਕਹਾਣੀਕਾਰ ਖ਼ੁਦ ਮੈਂ ਪਾਤਰ ਦੇ ਵਜੋਂ ਇਸ ਵਿੱਚ ਲਿਖਦਾ ਹੈ ਕਿ ਜਦੋਂ ਮੇਰੀ ਉਮਰ ਨੌਂ-ਦਸ ਸਾਲਾਂ ਦੀ ਸੀ। ਉਹ ਅੰਮ੍ਰਿਤਸਰ ਵਿਖੇ ਇੱਕ ਖੁੱਲ੍ਹੀ ਕੋਠੀ ਤਿੰਨ ਪਰਿਵਾਰ ਇਕੱਠੇ ਰਹਿੰਦੇ ਸਨ। ਉਸ ਕੋਠੀ ਦੇ ਇੱਕ ਹਿੱਸੇ ਵਿੱਚ 60-65 ਸਾਲ ਦਾ ਇੱਕ ਵਪਾਰੀ ਰਹਿੰਦਾ ਸੀ, ਜਿਸ ਨੇ ਪੈਸੇ ਦੇ ਕੇ ਵਿਆਹ ਕਰਵਾਇਆ ਸੀ। ਕਹਾਣੀਕਾਰ ਉਸ ਨੂੰ ਬਾਬਾ ਕਹਿਕੇ ਸੱਦਦਾ ਹੁੰਦਾ ਸੀ। ਕਹਾਣੀਕਾਰ ਜਦੋਂ ਸਕੂਲੋਂ ਪਰਤ ਕੇ ਵਾਪਸ ਆਇਆ ਤਾਂ ਉਸ ਨੇ ਕਿਹਾ ਕਿ ਉਹ ਉਸ ਨੂੰ 'ਚਾਚਾ' ਕਿਹਾ ਕਰੇ।

ਜਦੋਂ ਕਹਾਣੀਕਾਰ ਘਰ ਆ ਗਿਆ ਉਸਨੇ ਆਪਣੀ ਝਾਈ (ਮਾਂ) ਤੋ ਦੁੱਧ ਦਾ ਗਿਲਾਸ ਪੀਤਾ ਤੇ ਉਸ ਦੀ ਮਾਂ ਨੇ ਕਿਹਾ ਕਿ ਉਹ ਉਸ ਲਈ ਨਿੱਕੀ ਜਿਹੀ ਪਰੌਂਠੀ ਬਣਾਉਂਦੀ ਹੈ। ਇੰਨੇ ਨੂੰ ਉਹ ਚਾਚੇ ਦੀ ਨੌਕਰਾਣੀ ਦੇ ਬੁਲਾਉਣ ਤੇ ਮੁੜ ਉਸਦੇ ਘਰ ਪੁੱਜਾ। ਚਾਚਾ ਕਹਾਣੀਕਾਰ ਨੂੰ ਕੁੱਛੜ ਚੁੱਕ ਕੇ ਆਪਣੀ ਪਤਨੀ ਕੋਲ ਲੈ ਗਿਆ। ਜਦੋਂ ਕਹਾਣੀਕਾਰ ਉਸਦੇ ਘਰ ਗਿਆ ਤਾਂ ਉਹ ਸ਼ੀਸ਼ੇ ਅੱਗੇ ਖਲੋ ਕੇ ਆਪਣੇ ਵਾਲ ਸਵਾਰ ਰਹੀ ਸੀ। ਉਸ ਦੇ ਕਾਲੇ ਲੰਮੇ ਤੇ ਭਾਰੇ ਵਾਲ ਸਨ। ਉਸ ਦੀ ਦਿੱਖ ਪਤਲੀ ਮਲੂਕ ਤੇ ਕਣਕ ਭਿੰਨੇ ਰੰਗ ਵਾਲੀ ਸੀ। ਚਾਚੇ ਨੇ ਕਹਾਣੀਕਾਰ ਨੂੰ ਕਿਹਾ ਕਿ ਉਹ ਉਸ ਦੀ ਚਾਚੀ ਲੱਗਦੀ ਹੈ। ਕਹਾਣੀਕਾਰ ਨੇ ਉਸ ਨੂੰ ਮੱਥਾ ਟੇਕਿਆ ਤਾਂ ਉਸਨੇ ਪੈਰ ਪਿੱਛੇ ਖਿੱਚ ਲਏ। ਕਹਾਣੀਕਾਰ ਛੋਟਾ ਹੋਣ ਕਰਕੇ ਉਸਦੀਆਂ ਬਾਂਹਾ ਮਸਾਂ ਹੀ ਉਸ ਦੀ ਕਮਰ ਤੱਕ ਪੁੱਜੀਆਂ, ਉਸ ਦੇ ਦੁਆਲੇ ਪਿਆਰ ਨਾਲ ਕੱਸੀਆਂ ਗਈਆਂ। ਉਸ ਦਾ ਨਾਮ ਰਾਮ ਪਿਆਰੀ ਸੀ। ਕਹਾਣੀਕਾਰ ਨੂੰ ਚਾਚੇ ਨੇ ਆਪਣੇ ਪਿਆਰ ਬਾਰੇ ਦੱਸਿਆ। ਚਾਚੀ ਦੇ ਪੁੱਛਣ ਉੱਤੇ ਕਹਾਣੀਕਾਰ ਨੇ ਆਪਣਾ ਨਾਂ ਦੱਸਿਆ ਤਾਂ ਉਸਨੇ ਗੈਰ ਪੰਜਾਬੀਆਂ ਵਾਂਗ ਦੁਹਰਾਇਆ, 'ਕ੍ਰਿਸ਼ਨ ਚੰਦਰ'। ਰਾਮ ਪਿਆਰੀ ਵੱਲੋਂ ਦਿੱਤੀ ਮਲਾਈ ਤੇ ਚੌਲ ਖਾਣ ਮਗਰੋਂ ਕਹਾਣੀਕਾਰ ਨੂੰ ਘਰ ਜਾ ਕੇ ਪਰੌਂਠੀ ਖਾਣ ਦਾ ਚੇਤਾ ਹੀ ਭੁੱਲ ਗਿਆ।

ਕਹਾਣੀਕਾਰ ਤੀਸਰੇ ਦਿਨ ਸਕੂਲੋਂ ਆਉਂਦਿਆਂ ਚਾਚੀ ਕੋਲ ਪੁੱਜਾ। ਚਾਚਾ ਘਰ ਨਹੀਂ ਸੀ ਤੇ ਚਾਚੀ ਆਪਣੇ ਵਾਲ ਸਵਾਰ ਰਹੀ ਸੀ। ਚਾਚੀ ਨੇ ਕਹਾਣੀਕਾਰ ਨੂੰ ਦੇਖ ਕੇ ਆਪਣੀਆਂ ਬਾਂਹਾ ਖਿਲਾਰ ਦਿੱਤੀਆਂ। ਕਹਾਣੀਕਾਰ ਉਸ ਵੱਲ ਤੇ ਉਸਦੇ ਚਿਹਰੇ ਨੂੰ ਦੇਖਦਾ ਰਿਹਾ। ਚਾਚੀ ਦੀਆਂ ਅੱਖਾਂ ਵਿੱਚ ਅੱਥਰੂ ਟਪਕ ਰਹੇ ਸਨ। ਕਹਾਣੀਕਾਰ ਨੇ ਬਾਂਹਾ ਪਸਾਰ ਕੇ ਅੱਗੇ ਵਧਿਆ ਤਾਂ ਚਾਚੀ ਨੇ ਗੋਡਿਆਂ ਭਾਰ ਹੋ ਕੇ ਉਸ ਨੂੰ ਆਪਣੀ ਛਾਤੀ ਨਾਲ ਲਾ ਲਿਆ। ਉਸ ਦਿਨ ਤੋਂ ਕਹਾਣੀਕਾਰ ਨੂੰ ਪਹਿਲੀ ਵਾਰ ਕੋਮਲਤਾ ਦਾ ਅਹਿਸਾਸ ਹੋਣ ਕਰਕੇ ਉਸਦੇ ਸਰੀਰ ਵਿੱਚ ਕੰਬਣੀ ਜਿਹੀ ਛਿੜ ਗਈ। ਚਾਚੀ ਨੇ ਕਹਾਣੀਕਾਰ ਦੀ ਗੱਲ ਨਾਲ ਆਪਣੀ ਗੱਲ੍ਹ ਲਾ ਲਈ ਤੇ ਫਿਰ ਉਸ ਦੇ ਅੱਖਾਂ ਵਿੱਚੋਂ ਅੱਥਰੂ ਵਹਿ ਰਹੇ ਸਨ। ਜਦੋਂ ਕਹਾਣੀਕਾਰ ਨੇ ਦੇਖਿਆ ਕਿ ਚਾਚੀ ਦੇ ਬੁੱਲ੍ਹ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਕਹਾਣੀਕਾਰ ਨੇ ਉਸਨੂੰ ਚਾਚੀ ਕਹਿ ਕੇ ਬੁਲਾਇਆ ਤਾਂ ਚਾਚੀ ਨੇ ਕਿਹਾ ਕਿ, ਉਹ ਉਸ ਨੂੰ 'ਰਾਧਾ' ਕਹਿ ਕੇ ਬੁਲਾਏ। ਕਹਾਣੀਕਾਰ ਨੂੰ ਚਾਚੇ ਬਾਰੇ ਪਤਾ ਚੱਲਿਆ ਕਿ ਉਹ ਮੱਸਿਆ ਤੋਂ ਸਿਵਾ ਕਦੇ ਵਿਹਲਾ ਨਹੀਂ ਹੁੰਦਾ। ਰਾਮ ਪਿਆਰੀ ਦੇ ਦੱਸਣ ਤੇ ਪਤਾ ਚੱਲਿਆ ਕਿ ਉਸਨੇ ਨੌਕਰਾਣੀ ਨੂੰ ਕੱਢ ਦਿੱਤਾ ਹੈ।

ਰਾਮ ਪਿਆਰੀ ਨੂੰ ਕਹਾਣੀਕਾਰ ਇੰਨਾ ਸੁੰਦਰ ਅਤੇ ਪਿਆਰਾ ਬਾਲਕ ਲੱਗਿਆ ਕਿ ਉਹ ਉਸ ਨੂੰ ਹਰ ਰੋਜ਼ ਕ੍ਰਿਸ਼ਨ ਦਾ ਰੂਪ ਦੇ ਕੇ ਉਸ ਨੂੰ ਤਿਆਰ ਕਰਕੇ ਉਸ ਨਾਲ ਰਾਸ-ਲੀਲ੍ਹਾ ਰਚਾਉਣ ਲੱਗੀ। ਕਹਾਣੀਕਾਰ ਦੇ ਸਕੂਲੋਂ ਆਉਣ ਤੇ ਉਹ ਉਸ ਦਾ ਬਸਤਾ ਮੋਢੇ ਤੋਂ ਲਾ ਦਿੰਦੀ ਤੇ ਉਸ ਦਾ ਕੋਟ ਤੇ ਬੂਟ ਵੀ ਉਤਾਰ ਦਿੰਦੀ। ਉਸ ਨੇ ਉਸ ਦੀ ਸੱਜੀ ਲੱਤ ਨੂੰ ਅੱਗੇ ਕਰਕੇ ਗੋਡੇ ਤੋਂ ਝੁਕਾਅ ਕੇ ਪੱਬ ਪਰਨੇ ਖੜ੍ਹਾ ਕਰ ਦਿੱਤਾ। ਖੱਬੀ ਲੱਤ ਜਿਉਂ ਦੀ ਤਿਉਂ ਖੜੀ ਰਹਿਣ ਦਿੱਤੀ ਫਿਰ ਉਸ ਨੇ ਕਿੱਲੀ ਤੋਂ ਇੱਕ ਸੋਟੀ ਲਾਹ ਕੇ ਲੰਮੇ ਦਾਅ ਉਸ ਦੇ ਹੱਥ ਵਿੱਚ ਫੜਾ ਕੇ ਇਕ ਪਾਸਿਉਂ ਉਸ ਦੇ ਬੁੱਲ੍ਹਾਂ ਨਾਲ ਲਾ ਦਿੱਤੀ। ਫਿਰ ਰੇਸ਼ਮ ਦੇ ਇੱਕ ਗੁਲਾਬੀ ਫੀਤੇ ਨਾਲ਼ ਕਹਾਣੀਕਾਰ ਦੇ ਖੱਬੇ ਕੰਨ ਕੋਲ ਇੱਕ ਫੁੱਲ ਬਣਾ ਦਿੱਤਾ। ਫਿਰ ਉਸ ਦੇ ਸਾਹਮਣੇ ਲੱਗੀ ਕ੍ਰਿਸ਼ਨ ਦੀ ਤਸਵੀਰ ਦੇਖ ਕੇ ਉਸ ਦੇ ਲੱਕ ਦੁਆਲੇ ਪੀਲੀ ਧੋਤੀ ਬੰਨ੍ਹ ਦਿੱਤੀ, ਇਸ ਪਿੱਛੋਂ ਬੜੀ ਪ੍ਰਸੰਨ ਜਾਪਦੀ। ਫਿਰ ਉਸ ਨੇ ਕਹਾਣੀਕਾਰ ਤੋਂ ਸੋਟੀ ਖੋਹ ਕੇ ਪਰੇ ਸੁੱਟ ਦਿੱਤੀ ਤੇ ਉਸ ਨੂੰ ਭਾ-ਭਾ ਬਿੱਲੀਆਂ ਦੇ ਝੂਟੇ ਦੇ ਕੇ ਖੜ੍ਹਾ ਕਰ ਦਿੱਤਾ, ਤੇ ਕਹਾਣੀਕਾਰ ਦੇ ਮੱਥੇ ਤੇ ਵਾਲਾਂ ਨੂੰ ਚੁੰਮਿਆਂ। ਫਿਰ ਉਹ ਕਹਾਣੀਕਾਰ ਦੇ ਪਹਿਲੇ ਕੱਪੜੇ ਪਾਉਣ ਮਗਰ ਉਸ ਨੂੰ ਚਾਂਦੀ ਦੇ ਗਲਾਸ ਵਿੱਚ ਦੁੱਧ ਪੀਣ

ਲਈ ਤੇ ਚਾਂਦੀ ਦੀ ਰਕੇਬੀ ਵਿੱਚ ਅੰਗੂਰ ਖਾਣ ਲਈ ਦਿੰਦੀ ਹੈ। ਫਿਰ ਕਹਾਣੀਕਾਰ ਮੂੰਹ ਹੱਥ ਧੋ ਕੇ ਜਦੋਂ ਬਾਹਰ ਜਾਂਦਾ ਹੈ। ਰਾਧਾ ਨੇ ਉਸਨੂੰ ਕਿਹਾ ਕਿ ਉਹ ਕੱਲ੍ਹ ਫਿਰ ਆਵੇ, ਉਹ ਉਸਨੂੰ ਬੜਾ ਸੋਹਣਾ ਨਾਚ ਨੱਚ ਕੇ ਵਿਖਾਵੇਗੀ। ਘਰ ਪੁੱਜਣ ਤੇ ਕਹਾਣੀਕਾਰ ਦੀ ਮਾਂ ਉਸ ਦੀ ਉਡੀਕ ਕਰਦੀ ਹੈ। ਉਸਦੇ ਦੇਰ ਆਉਣ ਦਾ ਕਾਰਨ ਪੁੱਛਿਆ ਤਾਂ ਕਹਾਣੀ ਕਰਨੀ ਪਹਿਲੀ ਵਾਰ ਆਪਣੀ ਮਾਂ ਨੂੰ ਝੂਠ ਬੋਲਦਿਆਂ ਕਿਹਾ ਕਿ ਉਹ ਅਵਿਨੇਦਰ ਦੇ ਘਰ ਸੀ। ਉਸ ਨਵਾਂ ਮਸ਼ੀਨੀ ਲਾਟੂ ਲੈ ਆਂਦੈ 'ਝਾਈ'। ਦੂਸਰੇ ਦਿਨ ਕਹਾਣੀਕਾਰ ਦਾ ਸਕੂਲ ਵਿੱਚ ਮਨ ਨਾ ਲੱਗਿਆ। ਉਹ ਆਪਣੀ ਮਾਂ ਨੂੰ ਅਵਿਨੇਦਰ ਦੇ ਘਰ ਦਾ ਬਹਾਨਾ ਬਣਾ ਕੇ ਰਾਧਾ ਦੇ ਘਰ ਪਹੁੰਚ ਗਿਆ। ਰਾਧਾ ਸ਼ਿੰਗਾਰ ਤੇ ਪੋਸ਼ਾਕ ਨਾਲ ਸਜੀ, ਉਸ ਦੀ ਉਡੀਕ ਕਰ ਰਹੀ ਸੀ। ਕਹਾਣੀਕਾਰ ਨੂੰ ਰਾਧਾ ਅਤਿਅੰਤ ਸੋਹਣੀ ਪ੍ਰਤੀਤ ਹੋਣ ਲੱਗੀ। ਰਾਧਾ ਨੇ ਕਹਾਣੀਕਾਰ ਨੂੰ ਅੰਦਰ ਲਜਾ ਕੇ ਆਸਣ ਉੱਪਰ ਬਿਠਾਇਆ, ਚਾਂਦੀ ਦੇ ਭਾਂਡਿਆਂ ਵਿੱਚ ਦੁੱਧ ਮਲਾਈ, ਚੌਲ, ਫੁਲਕੇ, ਮੱਖਣ, ਸਬਜ਼ੀ ਤੇ ਫਲ ਆਦਿ ਪਏ ਸਨ। ਰਾਧਾ ਕਹਾਣੀਕਾਰ ਨੂੰ ਆਪਣੇ ਹੱਥੀ ਚਮਚਿਆਂ ਤੇ ਬੁਰਕੀਆਂ ਨਾਲ ਖਵਾਉਣਾ ਲੱਗੀ, ਤੇ ਉਹ ਛੇਤੀ ਹੀ ਰੱਜ ਗਿਆ। ਫਿਰ ਰਾਧਾ ਨੇ ਕਹਾਣੀਕਾਰ ਨੂੰ ਕਮਰੇ ਵਿੱਚ ਲਿਜਾ ਕੇ ਉਸੇ ਤਰ੍ਹਾਂ ਹੀ ਉਸ ਦੇ ਪੀਲੀ ਰੇਸ਼ਮੀ ਸਾੜ੍ਹੀ ਕੱਢੀ, ਸ਼ਿੰਗਾਰ ਟੇਬਲ ਵਿੱਚੋਂ ਇੱਕ ਬੰਸਰੀ ਕੱਢ ਲਈ, ਫੇਰ ਸੀ ਉਸਨੇ 10 ਮਿੰਟਾਂ ਵਿੱਚ ਕਹਾਣੀਕਾਰ ਨੂੰ ਧੋਤੀ, ਸਿਹਰੇ ਤੇ ਬੰਸਰੀ ਨਾਲ ਸਜਾ ਦਿੱਤਾ। ਅਗਰਬੱਤੀ ਨਾਲ ਕਮਰਾ ਮਹਿਕਿਆ ਪਿਆ ਸੀ ਤੇ ਇੱਕ ਸਿਹਰਾ ਰਾਧਾ ਨੇ ਸਾਹਮਣੇ ਕ੍ਰਿਸ਼ਨ ਦੀ ਲੱਗੀ ਤਸਵੀਰ ਉੱਪਰ ਪਾ ਦਿੱਤਾ।

ਰਾਧਾ ਨੇ ਥਾਲ਼ੀ ਵਿੱਚ ਪੰਜ ਦੀਵੇ ਰੱਖ ਕੇ ਕਹਾਣੀਕਾਰ ਦੇ ਸਾਹਮਣੇ ਅੱਖਾਂ ਮੀਟ ਕੇ ਖਲੋ ਗਈ, ਤੇ ਫਿਰ ਉਸਨੇ ਥਾਲ਼ੀ ਦੇ ਵਿੱਚੋਂ ਕੇਸਰ ਤੇ ਚੌਲਾਂ ਦਾ ਆਪਣੀ ਚੀਚੀ ਨਾਲੋਂ ਉਸਦੇ ਮੱਥੇ ਤੇ ਟਿੱਕਾ ਲਗਾ ਦਿੱਤਾ। ਕਹਾਣੀਕਾਰ ਨੇ ਵੀ ਰਾਧਾ ਦੇ ਮੱਥੇ ਉੱਤੇ ਉਸੇ ਤਰ੍ਹਾਂ ਟਿੱਕਾ ਲਗਾਇਆ, ਟਿੱਕਾ ਲਗਾਉਂਦਿਆਂ ਕਹਾਣੀਕਾਰ ਦਾ ਹੱਥ ਕੰਬ ਰਿਹਾ ਸੀ। ਰਾਧਾ ਦੇ ਪੈਰਾਂ ਵਿੱਚੋਂ ਘੁੰਗਰੂਆਂ ਦੀ ਆਵਾਜ਼ ਆਉਣ ਲੱਗੀ। ਕਹਾਣੀਕਾਰ ਨੂੰ ਇੰਝ ਲੱਗਿਆ ਜਿਵੇਂ ਉਹ ਤਿਲ੍ਹਕਦੀ ਤੇ ਸੰਭਲਦੀ ਹੋਈ ਪ੍ਰਤੀਤ ਹੋ ਰਹੀ ਸੀ। ਉਸਨੇ ਸਮਝ ਲਿਆ ਕਿ ਰਾਧਾ ਦਾ ਨਾਚ ਸ਼ੁਰੂ ਹੋ ਚੁੱਕਾ ਹੈ। ਰਾਧਾ ਦੇ ਵਾਲ ਲੱਕ ਝੁਕਾਉਣ ਨਾਲ ਧਰਤੀ ਨੂੰ ਛੋਹ ਰਹੇ ਸਨ। ਉਹ ਹਵਾ ਵਿੱਚ ਦੂਹਰੀ ਹੋ ਰਹੀ ਸੀ। ਉਸ ਦੀ ਚਾਲ ਲਗਾਤਾਰ ਤੇਜ਼ ਹੋ ਰਹੀ ਸੀ, ਘੁੰਗਰੂਆਂ ਵੀ ਆਵਾਜ਼ ਆਪਣਾ ਰੰਗ ਬੰਨ੍ਹ ਰਹੇ ਸਨ। ਰਾਧਾ ਦੁਆਰਾ ਜਗਦੀਆਂ ਜੋਤਾਂ ਦਾ ਕਹਾਣੀਕਾਰ ਦੇ ਦੁਆਲੇ ਇੱਕ ਚੱਕਰ ਵੱਜ ਗਿਆ। ਉਸ ਨੂੰ ਆਪਣੇ ਆਲ਼ੇ ਦੁਆਲੇ ਕਈ ਰਾਧਾ ਦਿਸਣ ਲੱਗ ਪਈਆਂ, ਤੇ ਉਸ ਨੂੰ ਆਪਣੇ ਹੀ ਸ਼ਕਲ ਦੇ ਕਈ ਮੁੰਡੇ ਦਿਖਾਈ ਦੇਣ ਲੱਗੇ। ਕਹਾਣੀਕਾਰ ਨੂੰ ਆਪਣੇ ਉੱਪਰ ਕਾਬੂ ਬਹੁਤ ਘੱਟ ਦਿਖਾਈ ਦਿੱਤਾ। ਇਸ ਸਮੇਂ ਕਹਾਣੀਕਾਰ ਨੇ ਅਜਿਹੀ ਬੰਸਰੀ ਵਜਾਈ ਜੋ ਉਸਨੇ ਕਦੇ ਵੀ ਆਪਣੇ ਉਸਤਾਦ ਤੋਂ ਵੀ ਨਹੀਂ ਸੁਣੀ। ਜਦਕਿ ਉਸ ਨੂੰ ਬੰਸਰੀ ਵਜਾਉਣੀ ਅਜੇ ਵੀ ਨਹੀਂ ਆਉਂਦੀ ਸੀ।

ਅਖੀਰ ਨੱਚਦੀ ਹੋਈ ਰਾਧਾ ਸ਼ਰਾਬੀਆਂ ਵਾਂਗ ਹੁਲਾਰੇ ਖਾ ਰਹੀ ਸੀ ਤੇ ਉਸਦੀ ਚਾਲ ਘੱਟ ਰਹੀ ਸੀ ਪਰ ਉਸ ਨੇ ਆਪਣੇ ਹੱਥਾਂ ਵਿੱਚੋਂ ਦੀਵਿਆਂ ਵਾਲੀ ਥਾਲ਼ੀ ਨੂੰ ਨਾ ਡਿੱਗਣ ਦਿੱਤਾ। ਕਹਾਣੀਕਾਰ ਨੇ ਉਸ ਦੇ ਹੱਥਾਂ ਵਿੱਚੋਂ ਥਾਲ਼ੀ ਫੜ ਕੇ ਸ਼ਿੰਗਾਰ ਟੇਬਲ ਉੱਤੇ ਰੱਖ ਦਿੱਤੀ ਤੇ ਅਖੀਰ ਉਹ ਧੜੱਮ ਕਰਕੇ ਹੇਠਾਂ ਡਿੱਗ ਪਈ। ਕਹਾਣੀਕਾਰ ਨੇ ਬੰਸਰੀ ਸੁੱਟ ਕੇ ਉਸ ਨੂੰ ਸਾਂਭਿਆ। ਉਸ ਵਿੱਚ ਇਹਨਾਂ ਬਲ ਕਿੱਥੋਂ ਆ ਗਿਆ ਉਹ ਆਪਣੇ ਆਪ ਨੂੰ ਇੱਕ ਪੂਰੇ ਆਦਮੀ ਵਾਂਗ ਮਹਿਸੂਸ ਕਰ ਰਿਹਾ ਸੀ। ਉਸਨੇ ਆਪਣੇ ਧੋਤੀ ਦੇ ਪੱਲੇ ਨਾਲ ਪੱਖਾ ਕਰਕੇ ਉਸ ਨੂੰ ਹੋਸ਼ ਵਿੱਚ ਲਿਆਂਦਾ। ਰਾਧਾ ਨੇ ਉੱਠ ਕੇ ਕਹਾਣੀਕਾਰ ਦੀ ਗੱਲ੍ਹ ਚੁੰਮੀ ਕਹਾਣੀਕਾਰ ਦੇ ਸਰੀਰ ਵਿੱਚ ਕੰਬਣੀ ਸਿੜ ਗਈ। ਉਸ ਨੇ ਵੀ ਰਾਧਾ ਨੂੰ ਗਲਵੱਕੜੀ ਪਾ ਲਈ ਉਹ ਉਸਦੀਆਂ ਬਾਂਹਾ ਵਿੱਚ ਨਿੱਸਲ ਸੀ। ਕਹਾਣੀਕਾਰ ਨੇ ਰਾਧਾ

ਦੀਆਂ ਗੱਲ੍ਹਾਂ ਤੇ ਬੁੱਲ੍ਹਾਂ, ਅੱਖਾਂ ਤੇ ਵਾਲਾਂ ਨੂੰ ਚੁੰਮਿਆ। ਕੁਝ ਚਿਰ ਮਗਰੋਂ ਰਾਧਾ ਨੇ ਅੱਖਾਂ ਖੋਲ੍ਹ ਕੇ ਫਿਰ ਬੰਦ ਕਰ ਲਈਆਂ ਅਚਾਨਕ ਬੂਹਾ ਖੜਕਣ ਦੀ ਆਵਾਜ਼ ਆਈ, ਪਰ ਕੋਈ ਨਹੀਂ ਸੀ। ਉਸਨੇ ਫੇਰ ਕਹਾਣੀਕਾਰ ਨੂੰ ਕ੍ਰਿਸ਼ਨ ਬਣਾਇਆ। ਕਾਫ਼ੀ ਦੇਰ ਬਾਅਦ ਕਹਾਣੀਕਾਰ ਘਰ ਪੁੱਜਾ।

ਕਹਾਣੀਕਾਰ ਦੀ ਦਿਲਚਸਪੀ ਰਾਧਾ ਦੇ ਘਰ ਵੱਲ ਵਧਣ ਲੱਗੀ, ਤੇ ਉਹ ਹਰ ਰੋਜ਼ ਉਸ ਦੇ ਘਰ ਜਾਣ ਲੱਗਾ। ਉਸਦੀ ਭੁੱਖ ਘਟਣ ਦੇ ਕਾਰਨ ਉਸਦੇ ਘਰਦਿਆਂ ਨੇ ਚਿੰਤਾ ਪ੍ਰਗਟ ਕੀਤੀ, ਤੇ ਡਾਕਟਰ ਨੇ ਉਸਦੀ ਸਿਹਤ ਨੂੰ ਠੀਕ ਦੱਸਿਆ। ਉਸਦੇ ਸਕੂਲ ਦੀ ਰਿਪੋਰਟ ਵੀ ਚੰਗੀ ਸੀ ਪਰ ਉਸਦੇ ਰਾਤ ਦੀ ਰੋਟੀ ਨਾ ਖਾਣ ਕਰਕੇ ਉਸ ਦੀ ਝਾਈ (ਮਾਂ) ਖੂਫੀਆ ਪੁਲਿਸ ਵਾਂਗ ਉਸ ਤੇ ਨਜ਼ਰ ਰੱਖਣ ਲੱਗੀ। ਇੱਕ ਦਿਨ ਕਹਾਣੀਕਾਰ ਦੀ ਮਾਂ ਨੇ ਉਸਨੂੰ ਰਾਧਾ ਦੇ ਘਰ ਵੜਦਿਆਂ ਦੇਖ ਲਿਆ, ਤੇ ਉਹ ਕਿੰਨਾ ਚਿਰ ਬੂਹੇ ਨਾਲ ਕੰਨ ਲਾ ਕੇ ਸੁਣਦੀ ਰਹੀ। ਨਾਚ ਮੁੱਕਣ ਤੇ ਉਹਨਾਂ ਨੇ ਤੇਜ਼ ਆਵਾਜ਼ਾਂ ਦਿੱਤੀਆਂ। ਰਾਧਾ ਨੇ ਬੜੀ ਤੇਜ਼ੀ ਨਾਲ ਕਹਾਣੀਕਾਰ ਦੇ ਕੱਪੜੇ ਪਹਿਲੇ ਪਵਾ ਦਿੱਤੇ ਤੇ ਮੂੰਹ ਧੁਆ ਕੇ ਅੰਦਰ ਲੁਕਾ ਦਿੱਤਾ। ਫਿਰ ਉਸਨੇ ਬੂਹਾ ਖੋਲ੍ਹਿਆ ਤੇ ਝਾਈ (ਮਾਂ) ਦੇ ਪੁੱਛਣ ਤੇ ਕਿਹਾ ਕਿ ਕ੍ਰਿਸ਼ਨ ਇੱਥੇ ਹੈ ਜਾਂ ਨਹੀਂ। ਕਈ ਵਾਰ ਉਹ ਉਸ ਦੇ ਸੁੱਤਿਆਂ ਸੁੱਤਿਆਂ ਅੰਦਰ ਦਾ ਬੂਹਾ ਅੜਾ ਕੇ ਇਕੱਲਾ ਖੇਡਦਾ ਰਹਿੰਦਾ ਹੈ। ਕਹਾਣੀਕਾਰ ਦੀ ਮਾਂ ਨੇ ਉਸ ਨੂੰ ਅੰਦਰ ਜਾ ਕੇ ਬਾਂਹੋਂ ਫੜ ਲਿਆ ਤੇ ਉਹ ਡਰ ਨਾਲ ਕੰਬਦਿਆਂ ਦੇਖ ਕੇ ਕਹਿਣ ਲੱਗੀ, 'ਡਰੋ ਨਾ, ਮੇਰੇ ਕ੍ਰਿਸ਼ਨ ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।"

ਕਹਾਣੀਕਾਰ ਧ੍ਰੀਕਦਾ ਹੋਇਆ ਬਾਹਰ ਆ ਗਿਆ ਤੇ ਰਾਧਾ ਨੇ ਉਸ ਦੀ ਬਾਂਹ ਉਸਦੀ ਮਾਂ ਨੂੰ ਫੜਾਉਂਦਿਆਂ ਕਿਹਾ ਕਿ ਆਹ ਫੜ ਲਓ ਤੁਹਾਡਾ ਮੱਖਣ ਚੋਰ, ਅੰਦਰ ਕਮਰੇ ਵਿੱਚ ਲੁਕਿਆ ਹੋਇਆ ਸੀ। ਜਦੋਂ ਕਹਾਣੀਕਾਰ ਦੀ ਮਾਂ ਨੇ ਖਿੱਲਰੀਆਂ ਚੀਜ਼ਾਂ ਤੇ ਜਗਦੀਆਂ ਜੋਤਾਂ ਨੂੰ ਦੇਖਿਆ ਤਾਂ ਉਹ ਸ਼ੱਕ ਭਰੀ ਨਜ਼ਰ ਨਾਲ ਰਾਧਾ ਨੂੰ ਨਫ਼ਰਤ ਤੇ ਆਕੜ ਨਾਲ ਦੇਖਣ ਲੱਗੀ। ਕਹਾਣੀਕਾਰ ਦੀ ਮਾਂ ਨੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਰਾਧਾ ਉਸ ਨੂੰ ਛੁਡਾਉਣ ਲਈ ਦੋ ਵਾਰ ਬਾਹਰ ਨਿਕਲੀ ਪਰ ਫਿਰ ਮੁੜ ਗਈ ਤੇ ਕਹਾਣੀਕਾਰ ਦੀ ਗੱਲ ਉੱਪਰ ਚਪੇੜਾਂ ਪੈਣ ਕਾਰਨ ਉਹ ਕੱਠੀ ਹੋ ਰਹੀ ਸੀ।

ਕਹਾਣੀਕਾਰ ਦੀ ਮਾਂ ਨੇ ਕਹਾਣੀਕਾਰ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਉਸ ਦੇ ਪਿਤਾ ਨੂੰ ਉਡੀਕਣ ਲੱਗੀ। ਕਹਾਣੀਕਾਰ ਆਪਣੇ ਕਮਰੇ ਵਿੱਚ ਜਾਣ ਬੁੱਝ ਕੇ ਕੁਰਾੜੇ ਮਾਰਨ ਲੱਗਾ। ਝਾਈ (ਮਾਂ) ਨੇ ਕਹਾਣੀਕਾਰ ਦੇ ਪਿਤਾ ਨੂੰ ਰੋਟੀ ਖਵਾਉਣਾ ਮਗਰੋਂ ਉਸ ਨਾਲ਼ ਸਾਰੀ ਗੱਲ ਸਾਂਝੀ ਕੀਤੀ। ਪਿਤਾ ਜੀ ਨੇ ਪਹਿਲਾਂ ਤਾਂ ਉਸਦੀ ਗੱਲ ਉੱਪਰ ਬਹੁਤਾ ਯਕੀਨ ਨਾ ਕੀਤਾ, ਫਿਰ ਉਹ ਉਸਦੇ ਜ਼ੋਰ ਦੇਣ ਉੱਪਰ ਕਹਿਣ ਲੱਗੇ ਕਿ ਸਵੇਰੇ ਉਹ ਬੁੱਢੇ ਨੂੰ ਜ਼ਰੂਰ ਮਿਲਣਗੇ। ਜਦੋਂ ਤੀਜੇ ਦਿਨ ਕਹਾਣੀਕਾਰ ਸਕੂਲੋਂ ਆਉਂਦਿਆਂ ਰਾਧਾ ਦੇ ਘਰ ਗਿਆ ਤਾਂ ਬੂਹਾ ਖੁੱਲ੍ਹਾ ਹੋਇਆ ਸੀ, ਘਰ ਅੰਦਰ ਕੋਈ ਵੀ ਸਮਾਨ ਨਹੀਂ ਸੀ। ਉਸ ਕਮਰੇ ਵਿੱਚ ਵੀ ਕੋਈ ਨਹੀਂ ਸੀ। ਕਹਾਣੀਕਾਰ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕੋਈ ਉਸ ਦਾ ਅੰਗ ਕੱਟ ਦਿੱਤਾ ਹੋਵੇ। ਉਹ ਕਮਰੇ ਦੀ ਇੱਕ ਨੁੱਕਰ ਵਿੱਚ ਬੈਠ ਕੇ ਰੋਣ ਲੱਗ ਪਿਆ। ਅਚਾਨਕ ਕਹਾਣੀਕਾਰ ਦੀ ਮਾਂ ਆਈ ਤੇ ਉਸ ਨੂੰ ਬਾਂਹ ਤੋਂ ਫੜ ਕੇ ਆਪਣੇ ਘਰ ਵੱਲ ਲਿਜਾਣ ਲੱਗੀ।

### 1.2.3.1.3 ਰਾਸ-ਲੀਲ੍ਹਾ ਕਹਾਣੀ ਦੀ ਆਲੋਚਨਾਤਮਕ ਪਰਖ

ਸੁਜਾਨ ਸਿੰਘ ਦੀਆ ਕਹਾਣੀਆ ਕਥਾ ਰਸ ਨਾਲ ਭਰਪੂਰ ਹੁੰਦੀਆਂ ਹਨ। ਕਹਾਣੀ ਕਹਿਣ ਦੀ ਸੁਜਾਨ ਸਿੰਘ ਨੂੰ ਚੰਗੀ ਜਾਚ ਹੈ। ਉਹ ਘਟਨਾ ਪ੍ਰਧਾਨ ਪਲਾਟ, ਬਾਹਰਮੁਖੀ ਪਾਤਰ, ਭਾਵੁਕ ਪੱਧਰ ਤੇ ਵਰਣਨ ਕਰਨ

ਵਿਚ ਮਾਹਰ ਹੈ। ਰਾਸ ਲੀਲ੍ਹਾ ਕਹਾਣੀ ਦਾ ਪਲਾਟ ਵੀ ਉਸ ਦੇ ਆਪਣੇ ਘਰ ਦੇ ਨੇੜੇ ਦਾ ਅਨੁਭਵ ਹੈ। ਇਸ ਕਹਾਣੀ ਵਿਚ ਲੇਖਕ ਦਸਣਾ ਚਾਹੁੰਦਾ ਹੈ ਕਿ ਜਰੂਰੀ ਨਹੀ ਜੋ ਦਿਸਦਾ ਹੈ. ਉਹ ਸੱਚ ਹੋਵੇ। ਚੰਗੇ ਸਾਹਿਤ ਵਾਂਗ ਇਹ ਰਚਨਾ ਵੀ ਦਿੱਖ ਤੇ ਤੱਤ ਦੇ ਇਸ ਭੇਦ ਨੂੰ ਉਜਾਗਰ ਕਰਦੀ ਹੈ। ਜਿਵੇਂ ਕਿ ਰਾਸ ਲੀਲ੍ਹਾ ਕਹਾਣੀ ਵਿਚਲੀ ਪਾਤਰ ਰਾਧਾ ਦਾ ਅਣਜੋੜ ਵਿਆਹ ਰਾਹੀਂ ਦਿਲ ਵਿਚਲੀਆਂ ਦਬੀਆਂ ਪਈਆਂ ਸਧਰਾਂ ਨੂੰ ਰੂਪਮਾਨ ਕੀਤਾ ਹੈ। ਕਹਾਣੀ ਉੱਤੋਂ ਜਿੰਨੀ ਸਰਲ ਲਗਦੀ ਹੈ, ਵਿਚੋਂ ਉਨੀ ਹੀ ਗਹਿਰ ਗੰਭੀਰ ਹੈ। ਕਹਾਣੀ ਦਾ ਅੰਤ ਪ੍ਰਭਾਵਸ਼ਾਲੀ ਅਤੇ ਭਾਵਾਂ ਨੂੰ ਹਲੂਣ ਦੇਣ ਵਾਲਾ ਹੈ। ਕਹਾਣੀ ਦੀ ਵਾਰਤਾਲਾਪ ਚੁਸਤ ਤੇ ਵਿਸ਼ੇ ਨੂੰ ਅੱਗੇ ਤਰਦੀ ਹੈ। ਉਸ ਦੀ ਕਹਾਣੀ ਸ਼ੈਲੀ ਵਿਚ ਸੰਜਮ ਦੀ ਥਾਂ ਬ੍ਰਿਤਾਂਤਿਕ ਪੱਖ ਵਧੇਰੇ ਤੇ ਨਾਟਕੀਅਤਾ ਰੂਪਮਾਨ ਹੈ। ਕਹਾਣੀ ਦਾ ਸਿਰਲੇਖ ਢੁਕਵਾਂ ਹੈ।

### ਸਵੈ ਮੁਲਾਂਕਣ

1. ਕ੍ਰਿਸ਼ਨ ਚੰਦਰ ਦੇ ਸੁਭਾਅ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।

   ..........................................................................................................

   ..........................................................................................................

2. ਰਾਸ-ਲੀਲ੍ਹਾ ਕਹਾਣੀ ਵਿਚਲੇ ਪਾਤਰਾਂ ਦੇ ਨਾਂ ਲਿਖੋ।

   ..........................................................................................................

   ..........................................................................................................

### 1.2.4 ਸਿੱਟਾ

ਇਸ ਕਹਾਣੀ ਸੰਗ੍ਰਹਿ ਕਥਾ-ਪੰਜਾਬ ਵਿੱਚ ਸ਼ਾਮਿਲ ਕਹਾਣੀਆਂ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ। ਕਥਾ ਪੰਜਾਬ ਕਹਾਣੀ ਸੰਗ੍ਰਹਿ ਵਿੱਚ ਕਹਾਣੀ ਵਿਚਲੇ ਵਿਸ਼ੇ ਆਧੁਨਿਕਤਾ ਦੇ ਮੁੱਢਲੇ ਪ੍ਰਭਾਵਾਂ ਨੂੰ ਬਿਆਨ ਕਰਦੇ ਹਨ। 'ਖਸਮਾ ਖਾਣੇ' ਕਹਾਣੀ ਵਿੱਚ 1947 ਦੀ ਵੰਡ ਨਾਲ ਸੰਬੰਧਿਤ ਦੁਖਾਂਤ ਅਤੇ 'ਰਾਸ ਲੀਲ੍ਹਾ' ਕਹਾਣੀ ਵਿੱਚ ਔਰਤ ਦੀ ਅਣਜੋੜ ਵਿਆਹ ਦੀ ਪੀੜਾ ਤੇ ਮਜਬੂਰੀ ਨੂੰ ਰੂਪਮਾਨ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਵਿੱਚ ਮਾਨਵੀ ਮੁੱਲਾਂ ਦਾ ਪ੍ਰਭਾਵ ਕਦਰੀ ਕੀਮਤਾਂ ਦੀ ਸਾਂਝ ਬੜੇ ਪ੍ਰਚੰਡ ਰੂਪ ਵਿੱਚ ਬਿਆਨ ਕੀਤੀ ਗਈ ਹੈ। ਇਹ ਦੋਵੇਂ ਕਹਾਣੀਆਂ ਆਪਣੀ ਅਦੁਤੀ ਸੰਭਾਵਨਾ ਨੂੰ ਉਜਾਗਰ ਕਰਨ ਵਿੱਚ ਸਮਰੱਥ ਰੋਲ ਅਦਾ ਕਰਦੀਆਂ ਹਨ। ਇਹਨਾਂ ਕਹਾਣੀਆਂ ਦੇ ਵਿਸ਼ਿਆਂ ਅਧੀਨ ਸਥਿਤੀਆਂ, ਮਨੋਅਵਸਥਾਵਾਂ ਅਤੇ ਸੱਧਰੀ ਭਾਵਨਾਵਾਂ ਨੂੰ ਅਪਣਾ ਕੇ ਉਭਾਰਿਆ ਗਿਆ ਹੈ। ਕਹਾਣੀਕਾਰਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਮੌਜੂਦਾ ਸਮਾਜ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਕਹਾਣੀਆਂ ਦੀ ਵਸਤੂ-ਸਮੱਗਰੀ ਵਜੋਂ ਵਰਤਿਆ ਹੈ। ਕਹਾਣੀਕਾਰਾਂ ਨੇ ਆਪੋ-ਆਪਣੀ ਵੇਦਨਾ ਦੇ ਅਨੁਸਾਰ ਉਦੇਸ਼ ਨੂੰ ਉਘਾੜਿਆ ਹੈ।

### 1.2.5 ਅਭਿਆਸ ਲਈ ਪ੍ਰਸ਼ਨ

### ਛੋਟੇ ਪ੍ਰਸ਼ਨ

1. ਖ਼ਸਮਾਂ ਖਾਣੇ ਕਹਾਣੀ ਦਾ ਵਿਸ਼ਾ ਕੀ ਹੈ?
2. ਖ਼ਸਮਾਂ ਖਾਣੇ ਕਹਾਣੀ ਵਿਚਲੇ ਪਾਤਰਾ ਦੇ ਨਾਂ ਲਿਖੋ।

3. ਖਸਮਾਂ ਖਾਣੇ 'ਕਹਾਣੀ ਵਿੱਚ ਧਰੋਪਤੀ ਦੇ ਪਾਤਰ ਦੀਆਂ ਦੋ ਵਿਸ਼ੇਸ਼ਤਾਵਾਂ ਲਿਖੋ।
4. ਰਾਸ-ਲੀਲ੍ਹਾ ਕਹਾਣੀ ਵਿਚਲੀ ਰਾਧਾ ਜਾਂ ਰਾਮ ਪਿਆਰੀ ਕੌਣ ਸੀ?
5. ਰਾਸ-ਲੀਲ੍ਹਾ ਕਹਾਣੀ ਵਿਚਲੇ ਪਾਤਰਾਂ ਦੇ ਨਾਂ ਲਿਖੋ।
6. ਰਾਸ ਲੀਲ੍ਹਾ ਕਹਾਣੀ ਦਾ ਵਿਸ਼ਾ ਕੀ ਹੈ?

### ਵੱਡੇ ਪ੍ਰਸ਼ਨ

1. ਖਸਮਾ ਖਾਣੇ ਕਹਾਣੀ ਨੂੰ ਸੰਖੇਪ ਕਰਕੇ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
2. ਖ਼ਸਮਾਂ ਖਾਣੇ ਕਹਾਣੀ ਦਾ ਵਿਸ਼ਾ ਕੀ ਹੈ? ਵਿਸਥਾਰ ਪੂਰਵਕ ਜਾਣਕਾਰੀ ਦਿਓ।
3. ਰਾਸ-ਲੀਲ੍ਹਾ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
4. ਰਾਸ-ਲੀਲ੍ਹਾ ਕਹਾਣੀ ਦਾ ਵਿਸ਼ਾ ਵਸਤੂ ਲਿਖੋ।

### 1.2.6 ਸਹਾਇਕ ਪੁਸਤਕ ਸੂਚੀ


1. ਡਾ. ਹਰਿਭਜਨ ਸਿੰਘ, 'ਕਥਾ ਪੰਜਾਬ' ਨੈਸ਼ਨਲ ਬੁੱਕ ਟਰੱਸਟ, ਦਿੱਲੀ ਇੰਡੀਆ
2. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਸਾਹਿਤ ਅਕਾਦਮੀ, ਦਿੱਲੀ।
3. ਡਾ. ਬਲਦੇਵ ਸਿੰਘ ਧਾਲੀਵਾਲ, ਆਉ ਕਹਾਣੀ ਪੜ੍ਹੀਏ, ਗਰੇਸ਼ੀਅਸ ਪਬਲੀਸਰਜ਼ ਪਟਿਆਲਾ।
4. ਡਾ. ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ, ਪੰਜਾਬੀ ਰਾਈਟਰਜ, ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ।

**ਪਾਠ ਨੰਬਰ : 1.3** **ਲੇਖਕ : ਡਾ. ਹਰਦੀਪ ਕੌਰ**

## ਦਸੌਂਦਾ ਸਿੰਘ ਅਤੇ ਖੱਬਲ ਕਹਾਣੀ ਦਾ ਸਾਰ/ਵਿਸ਼ਾ ਵਸਤੂ ਅਤੇ ਆਲੋਚਨਾਤਮਕ-ਪਰਖ

1.3.1 ਪਾਠ ਦਾ ਉਦੇਸ਼

1.3.2 ਭੂਮਿਕਾ

1.3.3 ਪਾਠ ਦੀ ਰੂਪ-ਰੇਖਾ

**1.3.3.1 ਦਸੌਂਧਾ ਸਿੰਘ-ਦੇਵਿੰਦਰ ਸਤਿਆਰਥੀ**

1.3.3.1.1 ਕਹਾਣੀਕਾਰ ਦੇਵਿੰਦਰ ਸਤਿਆਰਥੀ ਨਾਲ਼ ਜਾਣ ਪਛਾਣ

1.3.3.1.2 ਕਹਾਣੀ ਦਸੌਂਧਾ ਸਿੰਘ ਦਾ ਸਾਰ/ਵਿਸ਼ਾ ਵਸਤੂ

1.3.3.1.3 ਕਹਾਣੀ ਦਸੌਂਧਾ ਸਿੰਘ ਦੀ ਆਲੋਚਨਾਤਮਕ ਪਰਖ

**1.3.3.2 ਖੱਬਲ-ਕੁਲਵੰਤ ਸਿੰਘ ਵਿਰਕ**

1.3.3.2.1 ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨਾਲ਼ ਜਾਣ ਪਛਾਣ

1.3.3.2.2 ਕਹਾਣੀ ਖੱਬਲ ਦਾ ਸਾਰ/ਵਿਸ਼ਾ ਵਸਤੂ

1.3.3.2.3 ਕਹਾਣੀ ਖੱਬਲ ਦੀ ਆਲੋਚਨਾਤਮਕ ਪਰਖ

1.3.4 ਸਿੱਟਾ

1.3.5 ਅਭਿਆਸ ਲਈ ਪ੍ਰਸ਼ਨ

1.3.6 ਸਹਾਇਕ ਪੁਸਤਕ ਸੂਚੀ

### 1.3.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਤੁਹਾਨੂੰ ਸੰਪਾਦਕ ਡਾ. ਹਰਭਿਜਨ ਸਿੰਘ ਦੀ ਪੁਸਤਕ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿੱਚ ਆਈਆਂ ਕਹਾਣੀਆਂ ਦੇ ਕਹਾਣੀਕਾਰਾਂ ਦੀ ਜਾਣ ਪਛਾਣ, ਉਹਨਾ ਦੀਆਂ ਕਹਾਣੀਆਂ ਸਾਰ/ਵਿਸ਼ਾ ਵਸਤੂ ਸੰਬੰਧੀ ਸਿਧਾਂਤਕ ਸੂਝ ਦੇਣਾ ਹੈ।

### 1.3.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ. ਏ ਭਾਗ ਪਹਿਲਾ ਪਰਚਾ ਪੰਜਾਬੀ ਲਾਜ਼ਮੀ ਦੇ ਸਿਲੇਬਸ ਵਿੱਚ ਡਾ. ਹਰਿਭਜਨ ਸਿੰਘ ਦੀ ਸੰਪਾਦਿਤ ਪੁਸਤਕ 'ਕਥਾ ਪੰਜਾਬ' ਵਿਚਲੀਆਂ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਹਨਾਂ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਭੇਜੀ ਜਾ ਰਹੀ ਹੈ। 'ਕਥਾ ਪੰਜਾਬ' ਪੁਸਤਕ ਵਿੱਚ ਵੱਖੋ-ਵੱਖਰੇ ਵਿਸ਼ਿਆਂ ਨਾਲ਼ ਸੰਬੰਧਿਤ ਕਹਾਣੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਕੁੱਲ 21 ਕਹਾਣੀਆਂ ਨੂੰ ਦਰਜ ਹਨ। ਇਸ ਪੁਸਤਕ ਨੂੰ ਨੈਸ਼ਨਲ ਬੁੱਕ ਟਰੱਸਟ, ਇੰਡੀਆ ਦੁਆਰਾ ਪਹਿਲੀ ਵਾਰ 1970 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

### 1.3.3 ਪਾਠ ਦੀ ਰੂਪ-ਰੇਖਾ

### 1.3.3.1 ਦਸੌਂਧਾ ਸਿੰਘ-ਦੇਵਿੰਦਰ ਸਤਿਆਰਥੀ

#### 1.3.3.1.1 ਕਹਾਣੀਕਾਰ ਦੇਵਿੰਦਰ ਸਤਿਆਰਥੀ ਨਾਲ਼ ਜਾਣ ਪਛਾਣ

ਦੇਵਿੰਦਰ ਸਤਿਆਰਥੀ ਦਾ ਜਨਮ 28 ਮਈ 1908 ਨੂੰ ਪਟਿਆਲਾ ਰਿਆਸਤ ਦੇ ਇਕ ਪੁਰਾਤਨ ਇਤਿਹਾਸਕ ਨਗਰ ਭਦੌੜ, ਜ਼ਿਲ੍ਹਾ ਸੰਗਰੂਰ (ਹੁਣ ਜਿਲ੍ਹਾ ਬਰਨਾਲ਼ਾ), ਪੰਜਾਬ ਵਿਚ ਹੋਇਆ। ਪੁਰਾਣੇ ਗਜ਼ੀਟਰ ਵਿੱਚ ਇਸ ਇਲਾਕੇ ਨੂੰ ਜੰਗਲ ਕਿਹਾ ਗਿਆ ਹੈ। ਸਤਿਆਰਥੀ ਦੇ ਪਿਤਾ ਦਾ ਨਾਂ ਧਾਲੀ ਰਾਮ ਬੱਤਾ ਤੇ ਮਾਤਾ ਦਾ ਨਾਂ ਆਤਮਾ ਦੇਵੀ ਸੀ। ਸਤਿਆਰਥੀ ਦੇ ਜਨਮ ਸਮੇਂ ਉਸ ਦੀ ਸਾਹਿਤਕ ਖੇਤਰ ਵਿਚ ਉਨੱਤੀ ਲਈ ਉਸ ਦੀ ਜੀਭ ਉੱਤੇ ਸੋਨੇ ਦੀ ਤਲਾਈ ਨੂੰ ਸ਼ਹਿਦ ਵਿਚ ਡੁਬੋ ਕੇ 'ਓਮ' ਲਿਖਿਆ ਗਿਆ। ਦੇਵਿੰਦਰ ਸਤਿਆਰਥੀ ਦੀ ਜਨਮ ਪੱਤਰੀ ਅਨੁਸਾਰ ਉਸ ਦਾ ਨਾਮ ਯੁਧਿਸ਼ਟਰ ਸੀ। ਦੇਵਿੰਦਰ ਸਤਿਆਰਥੀ ਬਹੁਭਾਸ਼ੀ ਬਹੁ-ਵਿਧਾਈ ਸਾਹਿੱਤਕਾਰ ਹੈ। ਅਨੇਕ ਕਾਵਿ-ਸੰਗ੍ਰਹਿ ਅਤੇ ਕਹਾਣੀ-ਸੰਗ੍ਰਹਿ ਇਸ ਦੀ ਕਲਮ ਨਾਲ ਸੰਬੰਧਿਤ ਹਨ। ਇਸ ਨੂੰ ਸਭ ਤੋਂ ਵਧੀਕ ਪ੍ਰਸਿੱਧੀ ਲੋਕ-ਗੀਤਾਂ ਦੇ ਸੰਗ੍ਰਹਿ-ਕਰਤਾ ਅਤੇ ਵਿਆਖਿਆਤਾ ਦੇ ਰੂਪ ਵਿਚ ਮਿਲੀ। ਪਿਛਲੇ ਕਈ ਸਾਲਾਂ ਤੋਂ ਸਤਿਆਰਥੀ ਕਾਵਿ ਅਤੇ ਕਹਾਣੀ ਦੀ ਸਾਧਨਾ ਅਟੁਟ ਨੇਮ ਵਾਂਗ ਨਿਭਾਈ ਜਾ ਰਿਹਾ ਹੈ। ਆਪਣੀ ਵਿਲੱਖਣ ਸੰਰਚਨਾ-ਵਿਧੀ ਸਦਕਾ ਸਤਿਆਰਥੀ-ਸਾਹਿਤ ਪਾਠਕ ਤੋਂ ਕੁਝ ਫ਼ਾਸਲੇ ਉਪਰ ਹੀ ਟਿਕਿਆ ਰਹਿੰਦਾ ਹੈ। ਉਸ ਨਾਲ ਨਿਸਚਿਤ ਭਾਵੁਕ ਸਾਂਝ ਪਾਉਣ ਲਈ ਕਠੋਰ ਸਾਧਨਾਂ ਦੀ ਲੋੜ ਹੈ। ਲਗਾਤਾਰ ਪ੍ਰਯੋਗ ਦੇਵਿੰਦਰ ਸਤਿਆਰਥੀ ਦਾ ਸਾਹਿੱਤ-ਸਿਧਾਂਤ ਹੈ। ਉਸ ਦੇ ਪ੍ਰਸਿੱਧ ਕਹਾਣੀ-ਸੰਗ੍ਰਹਿ: ਕੁੰਗਪੋਸ਼, ਸੋਨਾਗਾਚੀ, ਦੇਵਤਾ ਡਿੱਗ ਪਿਆ, ਲੰਕਾ ਦੇਸ਼ ਹੈ, ਕੋਲੰਬੂ ਤਿੰਨ ਬੂਹਿਆ ਵਾਲਾ ਘਰ, ਪੈਰਿਸ ਦਾ ਆਦਮੀ ਅਤੇ ਨੀਲੀ ਛੱਤਰੀ ਵਾਲਾ ਹਨ।

#### 1.3.3.1.2 ਕਹਾਣੀ ਦਸੌਂਧਾ ਸਿੰਘ ਦਾ ਸਾਰ/ਵਿਸ਼ਾ ਵਸਤੂ

ਦੇਵਿੰਦਰ ਸਤਿਆਰਥੀ ਦੁਆਰਾ ਰਚਿਤ ਕਹਾਣੀ ਦਸੌਧਾ ਸਿੰਘ ਮਨੁੱਖੀ ਜੀਵਨ ਦਾ ਕੁਦਰਤੀ ਆਫਤਾਂ ਨਾਲ ਸੰਘਰਸ਼ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਦੇ ਵਿਸ਼ੇ ਰਾਹੀਂ ਵੱਖ ਵੱਖ ਪਰਤਾਂ ਨੂੰ ਫਰੋਲਿਆ ਹੈ ਜਿਵੇਂ ਮਨੁੱਖੀ ਜੀਵਨ ਦਾ ਕੁਦਰਤੀ ਆਫਤਾਂ ਨਾਲ ਸੰਘਰਸ਼ ਕਰਨਾ, ਮੌਤ ਦਾ ਸਾਹਮਣਾ ਕਰਕੇ ਭਾਵਨਾਵਾਂ ਪੇਸ਼ ਕਰਨੀਆਂ, ਪ੍ਰਤੀਕਮਈ ਸ਼ੈਲੀ ਰਾਹੀਂ ਮਨੁੱਖ ਦੇ ਜੀਵਨ ਦੇ ਪੱਖਾਂ ਦੀ ਝਲਕ ਪੇਸ਼ ਕਰਨੀ, ਨਿਰਾਸ਼ਾ ਤੇ ਆਸ਼ਾ ਦੀ ਉਮੀਦ ਦਾ ਜਾਗਣਾ, ਮਨੁੱਖ ਦੇ ਜੀਵਨ ਵਿਚ ਡਰਾਮੇ ਦੇ ਪਾਤਰਾਂ ਦੀ ਤਸਵੀਰ ਰੂਪਮਾਨ ਕਰਨਾ, ਮਨੁੱਖ ਦੇ ਆਪਸੀ ਵਾਰਤਾਲਾਪ ਰਾਹੀਂ ਜੀਵਨ ਦੇ ਪੱਖਾਂ ਨੂੰ ਪੇਸ਼ ਕਰਨਾ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਕੁਦਰਤੀ ਵਰਤਾਰਾ ਅਤੇ ਮਨੁੱਖ ਆਪਸ ਵਿੱਚ ਨਾਲ-ਨਾਲ ਚਲਦੇ ਹਨ। ਜਦੋਂ ਉਸ ਦੇ ਸਾਹਮਣੇ ਕੁਦਰਤੀ ਕਰੋਪੀਆਂ ਆਉਂਦੀਆਂ ਹਨ ਤਾਂ ਉਹ ਸਾਹਮਣੇ ਮੌਤ ਨਾਲ ਸੰਬੰਧਿਤ ਭਾਵਨਾਵਾਂ ਨੂੰ ਕਿਵੇਂ

ਪੇਸ਼ ਕਰਦਾ ਹੈ। ਇਸ ਵਿੱਚ ਧਰਤੀ ਅਤੇ ਮੌਸਮ ਨੂੰ ਵੀ ਇੱਕ ਮਨੁੱਖੀ ਪਾਤਰ ਵਾਂਗ ਕਥਾ ਬਣਤਰ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਹੈ। ਇਸ ਕਹਾਣੀ ਵਿਚਾਲੇ ਧਰਤੀ ਅਤੇ ਮੌਸਮ ਪੰਜਾਬ ਤੋਂ ਬਾਹਰਲੇ ਹਨ।

ਕਹਾਣੀ ਦੀ ਸ਼ੁਰੂਆਤ ਵਿੱਚ ਅਸੀਂ ਦੇਖਦੇ ਹਾਂ ਕਿ ਦਸੌਂਧਾ ਸਿੰਘ ਬਟੌਤ ਵਿੱਚ ਰਾਤ ਗੁਜ਼ਾਰਨ ਪਿੱਛੋਂ ਆਪਣੀ ਗੱਡੀ ਦਾ ਸਟੇਰਿੰਗ ਫੜ ਕੇ ਬੈਠਾ ਤਾਂ ਉਹਨੇ ਕਿਹਾ ਬੱਲੇ ਬੱਲੇ! ਓਏ ਅੱਜ ਤਾਂ ਘਬਰਾਉਣ ਦੀ ਲੋੜ ਨਹੀਂ, ਬੱਚੂ! ਫਿਰ ਉਹਨੇ ਆਪਣੇ ਕਲੀਨਰ ਨੂੰ ਹੱਥ ਭਰ ਲੰਬੀ ਗਾਲ ਕੱਢ ਕੇ ਪਤਾ ਨਹੀਂ ਕਿਸ ਕਿਸ ਜਾਨਵਰ ਨਾਲ ਉਹਦਾ ਰਿਸ਼ਤਾ ਗੰਢ ਦਿੱਤਾ ਤੇ ਫਿਰ ਅਰਦਾਸ ਦੇ ਲਹਿਜੇ ਵਿੱਚ ਬੋਲਿਆ "ਵਾਹਿਗੁਰੂ ਸੱਚੇ ਪਾਤਸ਼ਾਹ ਤੇਰਾ ਹੀ ਆਸਰਾ।" "ਦਸੋਧਾ ਸਿੰਘ ਦੀ ਗੱਡੀ ਵਿੱਚ ਤਿੰਨ ਸਵਾਰੀਆਂ ਸਨ ਤੇ ਬਹੁਤ ਸਾਰਾ ਮਾਲ ਲੱਦਿਆ ਹੋਇਆ ਸੀ। ਗੱਡੀ ਵਿੱਚ ਦੋ ਮਰਦ, ਇੱਕ ਪਤਲੀ ਜਿਹੀ ਕੁੜੀ ਤੇ ਅੱਜ ਮੌਸਮ ਸਾਫ ਸੀ।

ਬਨਿਹਾਲ ਗੇਟ ਉੱਤੇ ਜਾ ਕੇ ਗੱਡੀਆਂ ਰੁਕ ਗਈਆਂ। ਦਸ ਮੀਲ ਅੱਗੇ ਜਾ ਕੇ ਸ਼ੈਤਾਨ ਗਲੀ ਸੀ। ਵੀਹ ਗੱਡੀਆਂ ਦਸੌਂਦਾ ਸਿੰਘ ਦੀ ਗੱਡੀ ਅੱਗੇ ਤੇ ਪੰਜ ਪਿੱਛੇ ਸਨ। ਉਸਨੇ ਕਿਹਾ ਕਿ ਜਾਂ ਤਾਂ ਸਾਰੇ ਪਾਰ ਹੋ ਗਏ ਜਾਂ ਸਾਰੇ ਦੇ ਸਾਰੇ ਮਾਰੇ ਗਏ। ਉਸਨੇ ਵਾਹਿਗੁਰੂ ਨੂੰ ਕਿਹਾ ਕਿ ਇੱਕ ਨਾ ਇੱਕ ਦਿਨ ਤਾਂ ਉਸ ਨੂੰ ਉਸ ਕੋਲ ਆਉਣ ਦੀ ਟਿਕਟ ਕਟਾਉਣੀ ਹੀ ਪਵੇਗੀ ਪਰ ਉਹ ਉੱਥੇ ਜਾ ਕੇ ਵੀ ਉਸ ਦਾ ਡਰਾਈਵਰ ਹੀ ਬਣੇਗਾ ਉਸ ਦੇ ਕਲੀਨਰ ਨੇ ਕਿਹਾ ਕਿ ਮੈਂ ਕਲੀਨਰੀ ਨਹੀਂ ਕਰੂੰਗਾ ਫਿਰ ਉਸਨੇ ਪੁੱਛਿਆ ਉਹ ਕਦੋਂ ਤੇ ਇੱਕ ਉਸ ਕੋਲੋਂ ਕਲੀਨਰੀ ਹੀ ਕਰਵਾਏਗਾ। ਦਸੌਂਦਾ ਸਿੰਘ ਨੇ ਕਿਹਾ, "ਚੁੱਪ ਓਏ ਜਾਨੀ ਚੋਰ ਦੇ ਕਛਹਿਰੇ!" "ਹਾਲੇ ਤੈਨੂੰ ਆਉਂਦਾ ਹੀ ਹੈ ਆਉਂਦਾ ਹੀ ਕੀ ਏ? "ਚੁੱਪ ਜਾਨੀ ਚੋਰ ਦੇ ਕਛਹਿਰੇ ਦਾ ਕੀ ਮਤਲਬ ਹੋਇਆ, ਸਰਦਾਰ ਜੀ? ਔਰਤ ਨੇ ਹੱਸ ਕੇ ਪੁੱਛਿਆ।

ਦਸੌਂਧਾ ਸਿੰਘ ਨੇ ਸਾਹਮਣੇ ਵਾਲੇ ਸ਼ੀਸ਼ੇ ਵਿੱਚ ਵੇਖ ਕੇ ਇਸ ਪਤਲੀ ਪਤੰਗ ਕੁੜੀ ਦੇ ਲੰਬੂਤਰੇ ਚਿਹਰੇ ਤੇ ਵੱਡੀਆਂ-ਵੱਡੀਆਂ ਅੱਖਾਂ ਦਾ ਹਿਸਾਬ ਬਿਠਾਉਂਦਿਆਂ ਕਿਹਾ, ਦਸਮ ਪਾਤਸ਼ਾਹ ਬੋਲ ਗਏ, ਬੀਬੀ! ਪੰਜ ਕਕਾਰ ਧਾਰਨ ਕਰੋ। ਕੜਾ, ਕੇਸ, ਕੰਘਾ, ਕਿਰਪਾਨ ਤੇ ਕਛਹਿਰਾ।

ਦਸੌਂਧਾ ਸਿੰਘ ਨੇ ਦੱਸਿਆ ਕਿ ਇੱਕ ਵਾਰੀ ਸ਼ੈਤਾਨ ਗਲੀ ਵਿੱਚ ਬਰਫ ਹਟਾਉਂਦਿਆਂ ਕਲੀਨਰ ਦਾ ਕਛਹਿਰਾ ਗੁੰਮ ਹੋ ਗਿਆ ਤੇ ਉਸਨੇ ਆਪਣਾ ਉਹ ਕਛਹਿਰਾ ਦਿੱਤਾ, ਜਿਹੜਾ ਉਸਨੇ ਜੰਮੂ ਤੋਂ ਸਿਲਵਾਇਆ ਸੀ। ਉਸ ਦਿਨ ਤੋਂ ਮਗਰੋਂ ਉਹ ਜਾਨੀ ਚੋਰ ਕਛਹਿਰਾ ਪਾਟਣ ਤੇ ਉਸ ਤੋਂ ਹੀ ਕਛਹਿਰਾ ਲੈਂਦਾ ਹੈ। ਗੁਲ ਹਿਮਾ ਨੇ ਆਪਣੇ ਦੋਵਾਂ ਸਾਥੀਆਂ ਨੂੰ ਕਿਹਾ ਕਿ ਜੇਕਰ ਉਹ ਦਸੌਂਦਾ ਸਿੰਘ ਨੂੰ ਆਪਣੇ ਡਰਾਮੇ ਵਿੱਚ ਕੋਈ ਪਾਰਟ ਦੇ ਦੇਣ ਤਾਂ ਬਹੁਤ ਚੰਗਾ ਹੋਵੇਗਾ। ਦਸੌਂਦਾ ਸਿੰਘ ਨੇ ਕਿਹਾ ਕਿ ਜੇਕਰ ਉਹ ਸ਼ੈਤਾਨ ਗਲੀ ਤੋਂ ਬਚ ਗਏ ਤਾਂ ਉਹ ਡਰਾਮੇ ਵਿੱਚ ਪਾਰਟ ਜ਼ਰੂਰ ਕਰ ਲਵੇਗਾ। ਉਸਨੇ ਪਹਾੜ ਦੀ ਬੁਲੰਦੀ ਵੱਲ ਵੇਖ ਕੇ ਰੱਬ ਨੂੰ ਯਾਦ ਕੀਤਾ ਫਿਰ ਉਸ ਨੇ ਗੁਲ ਹਿਮਾ ਤੋਂ ਉਸ ਦੁਆਰਾ ਡਰਾਮੇ ਵਿੱਚ ਕੀਤੇ ਜਾਂਦੇ ਪਾਰਟ ਬਾਰੇ ਪੁੱਛਿਆ। ਉਸਦੇ ਇੱਕ ਸਾਥੀ ਜੋ ਕਿ ਉਹਨਾਂ ਦਾ ਡਾਇਰੈਕਟਰ ਅਖਤਰ ਸੀ। ਉਸ ਨੇ ਦੱਸਿਆ ਕਿ ਉਹ ਹੀਰੋਇਨ ਤੋਂ ਘੱਟ ਪਾਰਟ ਅਦਾ ਨਹੀਂ ਕਰਦੀ। ਦਸੌਂਦਾ ਸਿੰਘ ਨੂੰ ਪਤਾ ਲੱਗਾ ਕਿ ਸੇਠ ਜੀ ਵੀ ਉਸ ਦਾ ਕੰਮ ਪਸੰਦ ਕਰਦਾ ਹੈ ਤੇ ਨਾਲ ਦਾ ਦੂਜਾ ਸਾਥੀ ਮਹੇਸ ਡਾਇਲਾਗ ਲਿਖਦਾ ਹੈ।

ਦਸੌਂਦਾ ਸਿੰਘ ਨੇ ਸ਼ੈਤਾਨ ਗਲੀ ਨੂੰ ਨੇੜੇ ਆਉਂਦਿਆਂ ਦੇਖ ਕੇ ਫਿਰ ਸੱਚੇ ਪਾਤਸ਼ਾਹ ਅੱਗੇ ਅਰਦਾਸ ਕੀਤੀ। ਉਸਨੇ ਸੜਕ ਦੇ ਕਿਨਾਰੇ ਗੱਡੀ ਰੋਕ ਦਿੱਤੀ ਅਤੇ ਪਿੱਛੇ ਵਾਲੀਆਂ ਗੱਡੀਆਂ ਅੱਗੇ ਨਿਕਲ ਗਈਆਂ। ਉਸਨੇ ਜਾਨੀ ਚੋਰ ਦੇ ਕਛਹਿਰੇ ਕਲੀਨਰ ਨੂੰ ਬਾਹਰ ਨਿਕਲ ਕੇ ਹਵਾ ਦਾ ਰੁੱਖ ਦੇਖਣ ਲਈ ਕਿਹਾ। ਗੁਲ ਹਿਮਾ

ਨੇ ਮਹੇਸ਼ ਨੂੰ ਕਿਹਾ ਕਿ ਜਾਨੀ ਚੋਰ ਦੇ ਇੱਕ ਦੋ ਡਾਇਲੋਗ ਵੀ ਨਾਟਕ ਵਿੱਚ ਆਉਣੇ ਚਾਹੀਦੇ ਹਨ। ਅਖਤਰ ਨੇ ਕਿਹਾ ਕਿ ਉਹ ਦਸੌਂਧਾ ਸਿੰਘ ਲਈ ਚੰਗਾ ਰੋਲ ਸੋਚ ਰਿਹਾ ਹੈ। ਜਦੋਂ ਜਾਨੀ ਚੋਰ ਨੇ ਬਾਹਰ ਨਿਕਲ ਕੇ ਹਵਾ ਤੇ ਬਰਫਬਾਰੀ ਦਾ ਰੁੱਖ ਦੇਖਿਆ ਤਾਂ ਮੌਸਮ ਸਾਫ ਸੀ। ਗੁਲ ਹਿਮਾ ਨੇ ਵੀ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਕਿ ਸਾਨੂੰ ਅੱਗੇ ਚੱਲਣਾ ਚਾਹੀਦਾ ਹੈ। ਦਸੌਂਦਾ ਸਿੰਘ ਨੇ ਗੁਲ ਹਿਮਾਂ ਨੂੰ ਕਿਹਾ ਕਿ ਉਹ ਨਹੀਂ ਜਾਣਦੀ ਪਿਛਲੇ ਸਾਲ ਇੱਥੇ ਉਸ ਦਾ ਬੇਲੀ ਡਰਾਈਵਰ ਅਜੀਤ ਜਪੁਜੀ ਦਾ ਪਾਠ ਕਰਦਾ ਬਰਫ ਵਿੱਚ ਦਬ ਕੇ ਮਰ ਗਿਆ ਸੀ। ਉਸ ਨੂੰ ਹਵਾ ਵਿੱਚੋਂ ਉਸਦੇ ਪਾਠ ਕਰਨ ਦੀ ਆਵਾਜ਼ ਸੁਣਾਈ ਦਿੰਦੀ ਹੈ। ਇਸ ਦੇ ਨਾਲ ਹੀ ਮਹੇਸ਼ ਉਸ ਦੇ ਡਾਇਲੋਗ ਆਪਣੇ ਡਰਾਮੇ ਵਿੱਚ ਫਿੱਟ ਕਰ ਰਿਹਾ ਸੀ।

ਦਸੌਂਧਾ ਸਿੰਘ ਨੇ ਜਾਨੀ ਚੋਰ ਤੇ ਅਖਤਰ ਦੇ ਕਹਿਣ ਤੇ ਗੱਡੀ ਅੱਗੇ ਚਲਾ ਦਿੱਤੀ। ਸ਼ੈਤਾਨ ਗਲੀ ਦੇ ਵਿਚਕਾਰ ਪਹੁੰਚ ਕੇ ਗੁਲ ਹਿਮਾ ਨੇ ਚੀਕ ਕੇ ਗੱਡੀ ਰੁਕਵਾ ਲਈ। ਗੁਲ ਹਿਮਾ ਨੂੰ ਕੋਈ ਉਹ ਪਹਾੜੀ ਦ੍ਰਿਸ਼ ਬਹੁਤ ਪਸੰਦ ਸੀ। ਵੇਖਦਿਆਂ ਵੇਖਦਿਆਂ ਪਹਾੜੀ ਢਲਾਣ ਤੋਂ ਬਰਫ ਦੇ ਤੋਦੇ ਡਿੱਗਣ ਲੱਗ ਪਏ। ਮੌਸਮ ਨੂੰ ਖਰਾਬ ਹੋਇਆ ਦੇਖ ਕੇ ਦਸੌਂਧਾ ਸਿੰਘ ਘਬਰਾ ਗਿਆ। ਉਹ ਰੱਬ ਨੂੰ ਯਾਦ ਕਰਨ ਲੱਗਾ ਤੇ ਗੱਡੀ ਚਲਾਉਣ ਦਾ ਅਸਫਲ ਯਤਨ ਕਰਨ ਲੱਗਾ। ਜਾਨੀ ਚੋਰ ਵੇਲਚੇ ਨਾਲ ਬਰਫ ਦੇ ਤੋਦੇ ਹਟਾਉਣ ਦਾ ਯਤਨ ਕਰ ਰਿਹਾ ਸੀ। ਦਸੌਂਧਾ ਸਿੰਘ ਨੇ ਗੁਲ ਹਿਮਾ ਨੂੰ ਕਿਹਾ ਕਿ ਗੱਡੀ ਦਾ ਇੰਜਨ ਠੰਡਾ ਹੋ ਗਿਆ ਤੇ ਉਹ ਚਲਾ ਨਹੀਂ ਸਕਦਾ। ਗੁਲ ਹਿਮਾ ਨੇ ਕਿਹਾ ਕਿ ਉਸ ਦੀ ਇੱਛਾ ਹਮੇਸ਼ਾ ਇਹੋ ਰਹੀ ਹੈ ਕਿ ਇਸ ਦੀ ਮੌਤ ਕਿਸੇ ਪਹਾੜ ਦੀ ਤਲਹਿੱਟੀ ਉੱਪਰ ਹੋਵੇ ਤੇ ਉਹ ਸਮਝ ਰਹੀ ਸੀ ਕਿ ਉਹ ਸਮਾਂ ਆ ਗਿਆ। ਦਸੌਂਧਾ ਸਿੰਘ ਮੌਤ ਨੂੰ ਸਾਹਮਣੇ ਖੜੀ ਦੇਖ ਰਿਹਾ ਸੀ। ਮਹੇਸ਼ ਡਰਾਮੇ ਦੀ ਹੀਰੋਇਨ ਦੇ ਨਾਲ ਜਾਂਦਿਆਂ ਮੌਤ ਹੋਣ ਤੋਂ ਰਤਾ ਵੀ ਨਹੀਂ ਡਰ ਰਿਹਾ ਸੀ। ਅਖਤਰ ਨੇ ਇਸ ਗੱਲ ਨਾਲ ਈਰਖਾ ਪ੍ਰਗਟ ਕੀਤੀ। ਦਸੌਂਧਾ ਸਿੰਘ ਨੂੰ ਅਜੀਤ ਦੇ 'ਜਪੁਜੀ' ਪੜ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਅਖਤਰ ਕਹਿਣ ਲੱਗਾ ਉਹਨਾਂ ਦੇ ਮਰਨ ਮਗਰੋਂ ਇੱਥੋਂ ਲੰਘਣ ਵਾਲਿਆਂ ਨੂੰ ਉਨਾਂ ਦੇ ਡਾਇਲੋਗ ਸੁਣਿਆ ਕਰਨਗੇ।

ਮੌਸਮ ਦੇ ਬਦਲਦੇ ਮਿਜਾਜ਼ ਕਾਰਨ ਜਾਨੀ ਚੋਰ ਦਸੌਂਧਾ ਸਿੰਘ ਨੂੰ ਕਹਿ ਰਿਹਾ ਸੀ, ਕਿ ਅੱਗ ਵਿੱਚ ਸੜ ਕੇ ਮਰਨ ਨਾਲੋਂ ਬਰਫ ਹੇਠ ਦੱਬ ਕੇ ਮਰਨਾ ਹਜ਼ਾਰ ਗੁਣਾ ਚੰਗਾ ਹੈ। ਗੁਲ ਹਿਮਾ ਨੇ ਮਹੇਸ਼ ਨੂੰ ਇਹ ਡਾਇਲੋਗ ਨੋਟ ਕਰਨ ਲਈ ਕਿਹਾ ਅਖਤਰ ਨੇ ਇਸ ਮੌਤ ਨੂੰ ਚੰਗੀ ਕਰਾਰ ਦਿੱਤਾ। ਦਸੌਂਧਾ ਸਿੰਘ ਨੇ ਜਾਨੀ ਚੋਰ ਨੂੰ ਕਿਹਾ ਕਿ ਉਹ ਜਪਜੀ ਦਾ ਪਾਠ ਬੰਦ ਕਰੇ ਕਿਉਂਕਿ ਉਹ ਗੁਲ ਹਿਮਾ ਦੇ ਬੋਲ ਸੁਣਨੇ ਚਾਹੁੰਦਾ ਹੈ। ਅਖਤਰ ਆਪਣੀ ਬੀਵੀ ਬੱਚਿਆਂ ਦਾ ਫਿਕਰ ਕਰ ਰਿਹਾ ਸੀ। ਮਹੇਸ਼ ਨੂੰ ਮਰਨ ਤੋਂ ਪਹਿਲਾਂ ਕੋਈ ਹੈਮਲੇਟ ਵਰਗੀ ਰਚਨਾ ਨਾ ਲਿਖਣ ਦਾ ਦੁੱਖ ਸੀ। ਗੁਲ ਹਿਮਾ ਕਹਿ ਰਹੀ ਸੀ ਕਿ ਸਰਦਾਰ ਜੀ ਹੀਰੋ ਨੇ, ਜਿਨਾਂ ਨਾਲ ਜ਼ਿੰਦਗੀ ਨੇ ਬਹੁਤ ਵੱਡਾ ਮਜ਼ਾਕ ਕੀਤਾ ਹੈ।

ਬਰਫ ਪੈਣ ਕਾਰਨ ਸਾਰੇ ਬੱਸ ਵਿੱਚ ਵੜ ਗਏ। ਅਖਤਰ ਸਿਗਰਟ ਲਾ ਰਿਹਾ ਸੀ। ਮਹੇਸ਼ ਨੂੰ ਮੌਤ ਦੇ ਡਰ ਕਾਰਨ ਗੁਲ ਹਿਮਾ ਅੱਗੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਉਸਨੇ ਉਸਨੂੰ ਯਾਦ ਕਰਾਇਆ ਕਿ ਇੱਕ 'ਵਾਰ ਐਂਡ ਪੀਸ' ਫਿਲਮ ਦੇਖਦਿਆ ਉਸ ਨੇ ਉਸ ਮਹੇਸ਼ ਲਈ ਆਪਣਾ ਪਿਆਰ ਪ੍ਰਗਟ ਕੀਤਾ ਸੀ। ਇਹ ਸੁਣ ਕੇ ਗੁਲ ਹਿਮਾ ਹੱਸ ਪਈ। ਭਿਆਨਕ ਮੌਸਮੀ ਮਿਜਾਜ ਦੇ ਕਾਰਨ ਤੇ ਦਸੌਂਦਾ ਸਿੰਘ ਨੇ ਸਾਰੇ ਸਾਥੀਆਂ ਨੂੰ ਕਿਹਾ ਕਿ ਉਹ ਆਪ ਆਪਣੇ ਦੇਵੀ ਦੇਵਤਿਆਂ ਨੂੰ ਧਿਆ ਲੈਣ ਕਿਉਂਕਿ ਮੌਤ ਹੁਣ ਬਹੁਤ ਹੀ ਦੂਰ ਨਹੀਂ। ਗੁਲ ਹਿਮਾ ਦਸੌਂਦਾ ਸਿੰਘ ਨੂੰ ਆਪਣਾ ਹੀਰੋ ਮੰਨ ਰਹੀ ਸੀ। ਇਹ ਸੁਣ ਕੇ ਮਹੇਸ਼ ਨੇ ਗੁਲ ਹਿਮਾਂ ਨੂੰ ਕਿਹਾ ਕਿ ਉਹ ਪਿਆਰ ਨੂੰ ਇੱਕ ਸਿਗਰਟ ਦੀ ਡੱਬੀ ਤੋਂ ਕੁਰਬਾਨ ਕਰ ਸਕਦਾ ਹੈ। ਉਸ ਨੇ ਆਪਣੀ ਜ਼ਿੰਦਗੀ ਦੇ ਸੱਚ ਨੂੰ ਦੱਸਿਆ ਕਿ

ਉਸ ਨੇ 13 ਵਾਰੀ ਜ਼ਿੰਦਗੀ 'ਚ ਇਸ਼ਕ ਕੀਤਾ ਤੇ ਜੋ ਉਹ ਕਲਚਰਲ ਡੈਲੀਗੇਸ਼ਨ ਨਾਲ ਸਮੁੰਦਰ ਪਾਰ ਚਲੀ ਗਈ ਤਾਂ ਉਹ ਉਸ ਨੂੰ ਵੀ ਯਾਦ ਕਰ ਲਿਆ ਕਰੇ। ਦਸੌਂਦਾ ਸਿੰਘ ਨੂੰ ਆਪਣਾ ਪਿਆਰ ਯਾਦ ਆਇਆ। ਉਸ ਨੇ ਕਿਹਾ ਕਿ ਉਹ ਇਹਨਾਂ ਰਸਤਿਆਂ ਉੱਪਰ ਗੱਡੀ ਚਲਾ ਰਿਹਾ ਹੈ। ਸਿਰਫ ਆਪਣੇ ਪਿਆਰ ਦੀ ਯਾਦ ਕਾਰਨ ਅਤੇ ਹੁਣ ਉਸ ਦਾ ਪਿਆਰ ਕਿੱਕਰ ਸਿੰਘੀ (ਸ਼ਰਾਬ) ਨਾਲ ਹੋ ਗਿਆ ਹੈ। ਕਿਉਂਕਿ ਕਿੱਕਰ ਸਿੰਘੀ ਅੱਗ ਹੈ ਤੇ ਬਰਫ ਵਿੱਚ ਅੱਗ ਦੀ ਲੋੜ ਰਹਿੰਦੀ ਹੈ। ਦਸੌਂਦਾ ਸਿੰਘ ਨੇ ਦੱਸਿਆ ਕਿ ਉਸਦੀ ਪ੍ਰੇਮਿਕਾ ਦਾ ਨਾਂ ਲਾਲਾ ਰੁੱਖ ਸੀ ਅਤੇ ਉਹ ਉਸਨੂੰ ਇਸ ਸੜਕ ਉਪਰ ਹੀ ਮਿਲੀ ਸੀ।

ਇਹਨਾਂ ਗੱਲਾਂ ਨੂੰ ਸੁਣਨ ਉਪਰੰਤ ਗੁਲ ਹਿਮਾ ਨੇ ਕਿਹਾ ਕਿ ਉਹ ਸਾਰੇ ਆਪੋ ਆਪਣਾ ਡਰਾਮਾ ਖੇਲ ਰਹੇ ਹਨ। ਅਖਤਰ ਨੇ ਕਿਹਾ ਕਿ ਸਰਦਾਰ ਜੀ ਇੱਕ ਡਰਾਮੇ ਦੀ ਹੀਰੋ ਨੂੰ ਦੂਜੇ ਡਰਾਮੇ ਦੀ ਹੀਰੋ ਨਾਲ ਮਿਲਾ ਰਹੇ ਹਨ। ਅੱਗੇ ਚੱਲ ਕੇ ਦਸੌਂਦਾ ਸਿੰਘ ਨੇ ਦੇਖਿਆ ਕਿ ਪਹਾੜ ਤੋਂ ਬਰਫ ਖਿਸਕਣੀ ਬੰਦ ਹੋ ਗਈ। ਅਚਨਚੇਤ ਉਸ ਨੂੰ ਤਲਹਿਟੀ ਤੋਂ ਇੱਕ ਰੌਸ਼ਨੀ ਦੀ ਝਲਕ ਨਜ਼ਰ ਆਈ ਦਸੌਂਦਾ ਸਿੰਘ ਨੇ ਸਾਰਿਆਂ ਨੂੰ ਬਚ ਜਾਣ ਦੀਆਂ ਮੁਬਾਰਕਾਂ ਦੇਣ ਲੱਗਾ। ਉਹ ਬਹੁਤ ਖੁਸ਼ ਹੋਇਆ ਦੂਜੇ ਪਾਸੇ ਗੁਲ ਹਿਮਾ ਉਸ ਨੂੰ ਆਪਣਾ ਡਾਇਲੋਗ ਦੁਹਰਾਉਣ ਲਈ ਕਹਿ ਰਹੀ ਸੀ। ਦਸੌਂਧਾ ਸਿੰਘ ਨੇ ਉਸ ਨੂੰ ਬੜੀ ਮਸਤੀ ਨਾਲ 'ਗੁਲੇ ਦੀ ਜਾਨ', 'ਕੱਚੀ ਏ ਕੁਆਰ ਗੰਦਲੇ' ਕਹਿੰਦਾ ਹੋਇਆ ਆਖਣ ਲੱਗਾ ਕਿ ਪਹਿਲਾਂ ਉਸ ਨੂੰ ਅੱਗ ਕੋਲ ਪਹੁੰਚ ਲੈਣ ਦੇ ਫਿਰ ਉਹ ਅਜਿਹੀਆਂ ਗੱਲਾਂ ਸੁਣਾਵੇਗਾ ਕਿ ਉਸ ਦਾ ਡਾਇਰੈਕਟਰ ਦੇ ਡਰਾਮਾ ਨਵੀਸ ਦੋਵੇਂ ਘੁੱਗੂ ਬਣ ਕੇ ਰਹਿ ਜਾਣਗੇ। ਗੁਲ ਹਿਮਾ ਖੂਬ ਹੱਸ ਰਹੀ ਸੀ। ਜਾਨੀ ਚੋਰ ਨੇ ਬੇਲਚਾ ਚੁੱਕਿਆ ਤੇ ਸੜਕ ਛੱਡ ਕੇ ਪਹਾੜ ਦੀ ਤਲਹਿਟੀ 'ਤੇ ਰਸਤਾ ਬਣਾਉਣ ਲੱਗਾ। ਕਿਸੇ ਪੱਥਰ ਤੇ ਪੈਰ ਆ ਜਾਣ ਕਰਕੇ ਉਹ ਇੰਝ ਤਿਲਕਿਆ ਕਿ ਦੋ ਹੱਥ ਹੇਠ ਜਾ ਕੇ ਡਿੱਗਿਆ ਤੇ ਬਰਫ ਵਿੱਚ ਧਸ ਗਿਆ। ਉਹ ਬੜੀ ਮੁਸ਼ਕਿਲ ਨਾਲ ਸੰਭਲਿਆ ਅਖਤਰ ਤੇ ਮਹੇਸ਼ ਤਿੰਨ ਚਾਰ ਡੱਬੇ ਚੁੱਕੀ ਜਾਨੀ ਦੇ ਪਿੱਛੇ ਤੁਰ ਪਏ। ਮੁਸ਼ਕਿਲ ਸੀ ਤਾਂ ਗੁਲ ਹਿਮਾ ਦੀ ਅੱਗ ਭਾਵੇਂ ਨੇੜੇ ਹੀ ਸੀ ਪਰ ਰਸਤਾ ਬਹੁਤ ਔਖਾ ਸੀ। ਦਸੌਂਦਾ ਸਿੰਘ ਨੇ ਕਿੱਕਰ ਸਿੰਘੀ ਡੱਬ ਵਿੱਚ ਰੱਖ ਲਈ ਤੇ ਰਸਤਾ ਪਾਰ ਕਰਾਉਣ ਲਈ ਉਸ ਤੰਦੂਰੀ ਰੋਟੀਆਂ ਖਾਣ ਵਾਲੇ ਨੇ ਗੁਲ ਹਿਮਾ ਨੂੰ ਚੁੱਕ ਲਿਆ ਤੇ ਕਿਹਾ ਕਿ ਉਹ ਉਸਨੂੰ ਫੁੱਲ ਵਾਂਗ ਅੱਗ ਕੋਲ ਪਹੁੰਚਾ ਦੇਣਗੇ। ਹੁਣ ਦੋਹਾਂ ਦੀ ਅੱਗ ਨੇ ਪਤਾ ਨਹੀਂ ਕਿੰਨੀਆਂ ਬਰਫਾਂ ਪਿਘਲਾ ਦਿੱਤੀਆਂ ਸਨ।

ਅਲਾਓ ਵਾਲੇ ਬੁੱਢੇ ਗੁੱਜਰ ਨੇ ਆਪਣਾ ਨਾਮ ਰਹੀਮੂ ਦੱਸਿਆ ਉਹਦਾ ਜੱਤਲ (ਕੁੱਤਾ) ਭੌਂਕ ਭੌਂਕ ਕੇ ਆਉਣ ਵਾਲੇ ਪ੍ਰਾਹੁਣਿਆਂ ਦਾ ਸਵਾਗਤ ਕਰ ਰਿਹਾ ਸੀ। ਰਹੀਮੂ ਕਹਿ ਰਿਹਾ ਸੀ ਕਿ ਬਰਫ ਤੋਂ ਬਚਾਓ ਲਈ ਅੱਗ ਸਭਨਾਂ ਨੂੰ ਨਸੀਬ ਹੋਵੇ। ਦਸੌਂਦਾ ਸਿੰਘ ਨੇ ਆਪਣੀ ਡੱਬ ਵਿੱਚੋਂ ਕਿੱਕਰ ਸਿੰਘੀ ਤੇ ਜੇਬ ਵਿੱਚੋਂ ਗਲਾਸ ਕੱਢ ਕੇ ਕਿਹਾ ਕਿ ਇਹ ਉਹਨਾਂ ਦੀ ਅੱਗ ਹੈ। ਦਸੌਂਦਾ ਸਿੰਘ ਨੇ ਪਹਿਲਾ ਪੈੱਗ ਗੁਲ ਹਿਮਾਂ ਨੂੰ ਪੇਸ਼ ਕੀਤਾ। ਫਿਰ ਬਾਕੀਆਂ ਨੂੰ। ਚਾਚਾ ਜੀ ਇਹਦੇ ਲਈ ਤਿਆਰ ਨਾ ਹੋਇਆ। ਫਿਰ ਉਹ ਪੀਰ ਪੰਚਾਲ ਦੇ ਪੀਰ ਦੁਆਰਾ ਘੋੜੇ ਉੱਪਰ ਚੜ ਕੇ ਮੁਸਾਫਰਾਂ ਨੂੰ ਬਹੁੜਨ ਦੀਆਂ ਗੱਲਾਂ ਕਰਨ ਲੱਗੇ। ਦਸੌਂਦਾ ਸਿੰਘ ਨੇ ਕਿਹਾ ਕਿ ਉਹ ਸੁਰੰਗ ਬਣ ਜਾਣ ਕਰਕੇ ਤੇ ਮੁਸਾਫਰਾਂ ਨੂੰ ਗੱਡੀਆਂ ਵਿੱਚ ਬੈਠੇ ਦੇਖ ਕੇ ਪੀਰ ਵੀ ਅਰਾਮ ਤਲਬ ਹੋ ਗਿਆ। ਗੁਲ ਹਿਮਾ ਨੇ ਉਹਨਾਂ ਨੂੰ ਇਹ ਗੱਲਾਂ ਛੱਡਣ ਲਈ ਕਿਹਾ। ਉਹ ਆਖਣ ਲੱਗੀ ਕਿ ਅੱਜ ਠੰਡ ਵੀ ਬਹੁਤ ਹੈ ਤੇ ਭੁੱਖ ਵੀ ਬਹੁਤ ਲੱਗੀ ਹੈ। ਕਿੱਕਰ ਸਿੰਘੀ ਦੇ ਨਾਲ ਉਹਨਾਂ ਡੱਬਿਆਂ ਵਿੱਚ ਭਰਿਆ ਖਾਣ-ਪੀਣ ਦਾ ਸਮਾਨ ਮੁਕਾ ਦਿੱਤਾ। ਦਸੌਂਧਾ ਸਿੰਘ ਨੇ ਨਸ਼ੇ ਵਿੱਚ ਝੂਮ ਕੇ ਜਾਨੀ ਚੋਰ ਨੂੰ ਕਿਹਾ ਕਿ ਉਹ ਹੁਣ ਡਰਾਈਵਰ ਬਣ ਗਿਆ। ਇਸ ਸਮੇਂ ਹੀ ਉਸਨੇ ਆਪਣੀ ਕਰੜ ਬਰੜੀ ਦਾੜੀ ਤੇ ਬਿਲਕੁਲ ਚਿੱਟੇ ਹੋਏ ਕੇਸਾਂ ਦੀ ਗੱਲ ਕਰਦਿਆਂ, ਗੁਲ ਹਿਮਾ ਨੂੰ ਦੱਸਿਆ ਕਿ ਅਜੇ ਉਸ ਦੇ ਡੌਲਿਆਂ ਵਿੱਚ ਜਾਨ ਹੈ, ਨਾਲ ਹੀ ਉਸਨੇ ਆਪਣੀ ਕਟੋਰੀ ਦੀਆਂ ਆਖਰੀ ਘੁੱਟਾਂ ਜੱਤਲ ਕੁੱਤੇ ਦੇ

ਮੂੰਹ ਵਿੱਚ ਪਾ ਦਿੱਤੀਆਂ। ਗੁਲ ਹਿਮਾ ਨੇ ਹੱਸ ਕੇ ਕਿਹਾ ਕਿ ਅਜੇ ਉਸਨੇ ਹੋਰ ਡਰਾਮੇ ਖੇਡਣੇ ਹਨ। ਉਸ ਦਾ ਪੈੱਗ ਖਾਲੀ ਹੋਣ ਤੇ ਦਸੌਂਦਾ ਸਿੰਘ ਨੇ ਉਸ ਦੇ ਗਿਲਾਸ ਵਿੱਚ ਇੱਕ ਹੋਰ ਕਿੱਕਰ ਸਿੰਘੀ ਪਾ ਦਿੱਤੀ। ਉਸਨੇ ਨਸ਼ੇ ਵਿੱਚ ਝੂਮਦਿਆਂ ਗੁਲ ਹਿਮਾਂ ਨੂੰ ਕਿਹਾ ਕਿ ਉਹ ਡਰਾਮਾ ਨਵੀਸ਼ ਤੋਂ ਵੀ ਆਪਣਾ ਹੀ ਹਾਲ ਲਿਖਵਾਏਗੀ। ਉਸ ਦਾ ਜ਼ਿਕਰ ਵੀ ਆਏਗਾ ਇਹ ਸੁਣ ਕੇ ਸਾਰੇ ਹੱਸ ਪਏ। ਇਸ ਪਿੱਛੋਂ ਸਭ ਨੂੰ ਨੀਂਦ ਨੇ ਘੇਰ ਲਿਆ। ਕੁੱਤਾ ਦਸੌਂਧਾ ਸਿੰਘ ਦੇ ਸਰੀਰ ਨਾਲ ਪਿੱਠ ਰਗੜ ਰਿਹਾ ਸੀ। ਦਸੌਂਧਾ ਸਿੰਘ ਅਜੇ ਜਾਗ ਰਿਹਾ ਸੀ ਉਸ ਨੇ ਕਿੱਕਰ ਸਿੰਘੀ ਦਾ ਆਖਰੀ ਪੈੱਗ ਜੱਤਲ ਕੁੱਤੇ ਦੇ ਮੂੰਹ ਵਿੱਚ ਪਾਇਆ ਤੇ ਉਹ ਸੌਂ ਗਿਆ। ਦਸੌਂਦਾ ਸਿੰਘ ਦੀ ਨਿਗਾਹ ਮੁੜ ਮੁੜ ਗੁਲ ਹਿਮਾ ਬਲ ਉੱਠ ਜਾਂਦੀ ਸੀ, ਜਿਸ ਦਾ ਚਿਹਰਾ ਬਲਦੀ ਅੱਗ ਦੀ ਰੌਸ਼ਨੀ ਵਿੱਚ ਬਹੁਤ ਪਿਆਰਾ ਲੱਗ ਰਿਹਾ ਸੀ। ਉਹ ਚਾਹੁੰਦਾ ਸੀ ਕਿ ਉਹ ਉਸ ਨੂੰ ਜਗਾ ਕੇ ਉਸ ਦੀ ਕਹਾਣੀ ਸੁਣੇ ਪਰੰਤੂ ਇਹ ਸੋਚ ਕੇ ਚੁੱਪ ਹੋ ਗਿਆ ਕਿ ਸੜਕ ਉੱਤੇ ਪਤਾ ਨਹੀਂ ਲਾਲਾ ਰੁੱਖ ਕਿੰਨੀ ਵਾਰੀ ਕਿਸ ਕਿਸ ਰੂਪ ਵਿੱਚ ਦਰਸ਼ਨ ਦੇਵੇਗੀ। ਗੁਲ ਹਿਮਾ ਨੇ ਪਾਸਾ ਪਰਤ ਕੇ ਅੱਧ ਖੁੱਲ੍ਹੀਆਂ ਅੱਖਾਂ ਨਾਲ ਦਸੌਂਧਾ ਸਿੰਘ ਵੱਲ ਤੱਕਿਆ, ਜਿਹੜਾ ਟਿਕਟਿਕੀ ਲਾਈ ਉਸ ਵੱਲ ਵੇਖ ਰਿਹਾ ਸੀ।

### 1.3.3.1.3 ਕਹਾਣੀ ਦਸੌਂਧਾ ਸਿੰਘ ਦੀ ਆਲੋਚਨਾਤਮਕ ਪਰਖ

ਦੇਵਿੰਦਰ ਸਤਿਆਰਥੀ ਦੀ ਲਿਖਣ ਕਲਾ ਭਾਵੇ ਕਵਿਤਾ, ਨਾਵਲ ਜਾਂ ਕਹਾਣੀ ਹੋਵੇ, ਉਸ ਦੇ ਭਾਵ ਦ੍ਰਿਸ਼ਟੀ ਦਾ ਮਾਨਵ-ਹਿਤੈਸੀ ਰਹੇ ਹਨ। ਉਸ ਦੀਆਂ ਕਹਾਣੀਆਂ ਵਿਚੋਂ ਵੀ ਲੋਕ-ਕਹਾਣੀਆ ਦੀ ਆਤਮਾ ਧੜਕਦੀ ਹੈ। ਉਸ ਦੀਆਂ ਰਚਨਾਵਾਂ ਬੀਤੇ ਦੀ ਦੁਹਾਈ ਪਾਉਂਦੀਆਂ ਹਨ। ਕਹਾਣੀ ਰਚਦਿਆ ਭਾਵੇਂ ਸਤਿਆਰਥੀ ਯਥਾਰਥ ਦੀਆਂ ਬਰੀਕ ਤੰਦਾਂ ਨੂੰ ਬਹੁਤੀ ਥਾਂ ਨਹੀਂ ਬੁਣ ਸਕਿਆ ਪਰੰਤੂ ਕਹਾਣੀ ਵਿਚਲੀ ਉਸ ਦੀ ਵਿਅਕਤੀਵਾਦੀ ਪਹੁੰਚ ਦਾ ਰੰਗ ਅਤੇ ਲੋਕ ਕਹਾਣੀ ਵਰਗਾ ਹੋ ਨਿਬੜਿਆ, ਜਿਹੜਾ ਲਿਖਤ ਨੂੰ ਨਵੇਕਲਾ ਬਣਾਉਂਦਾ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਵੀ ਉਸ ਦੇ ਜੀਵਨ ਵਿਚਲੀ ਵਿਭਿੰਨਤਾ ਅਤੇ ਅਨੁਭਵ ਦੀ ਵਿਸ਼ਾਲਤਾ ਦਾ ਪ੍ਰਤੀਕ ਹਨ। ਇਸ ਪ੍ਰਕਾਰ ਦਸੌਂਧਾ ਸਿੰਘ ਸਾਰੀ ਕਹਾਣੀ ਮੌਸਮ ਤੇ ਮਨੁੱਖੀ ਵਤੀਰੇ ਦੇ ਵਿਹਾਰ ਨਾਲ ਚੱਲ ਰਹੀ ਹੈ। ਭਿਆਨਕ ਕੁਦਰਤੀ ਕਰੋਪੀਆਂ ਤੋਂ ਡਰਦਾ ਮਨੁੱਖ ਆਪਣੇ ਗੁਰੂਆਂ, ਪੀਰਾਂ, ਦੇਵੀ ਦੇਵਤਿਆਂ ਜਾਂ ਕਿਸੇ ਪਾਠ ਆਦਿ ਦਾ ਉਚਾਰਨ ਕਰਦਾ ਹੋਇਆ, ਉਹਨਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਮੌਸਮੀ ਕਰੋਪੀ ਜਾਂ ਉਸ ਦੇ ਕਾਰਨ ਕਹਾਣੀ ਵਿਚਲੇ ਪਾਤਰ ਆਪਣੇ ਬੀਵੀ ਤੇ ਬੱਚਿਆਂ ਨਾਲ਼, ਕੋਈ ਆਪਣੇ ਸਾਥ ਵਾਲੀ ਕੁੜੀ ਦੇ ਨਾਲ ਮਰਨਾ ਚਾਹੁੰਦਾ ਤੇ ਕੋਈ ਆਪਣੀ ਪ੍ਰੇਮਿਕਾ ਨੂੰ ਯਾਦ ਕਰਦਾ ਹੈ। ਮੌਸਮ ਤੇ ਮਨੁੱਖੀ ਮਿਜਾਜ ਦੀ ਤਬਦੀਲੀ ਦਾ ਇੱਕ ਦੂਜੇ ਨਾਲ ਡੂੰਘਾ ਸੰਬੰਧ ਹੁੰਦਾ ਹੈ। ਕਹਾਣੀ ਦਾ ਵਿਸ਼ਾ ਮੌਲਿਕਤਾ ਤੇ ਯਥਾਰਥਕਤਾ ਨੂੰ ਪੇਸ਼ ਕਰਦਾ ਹੈ। ਇਸ ਕਹਾਣੀ ਦੇ ਵਿਸ਼ੇ ਵਿੱਚ ਜਿੱਥੇ ਕੁਦਰਤੀ ਵਾਤਾਵਰਨ ਦੇ ਚਿਤਰਨ ਦੇ ਨਾਲ ਮਨੁੱਖ ਦੇ ਉਤਾਰ-ਚੜ੍ਹਾਅ ਤੇ ਤਨਾਓ ਭਰੇ ਕਥਾਨਕ ਅਤੇ ਪਾਤਰਾਂ ਦੇ ਹਾਸ-ਰਸ ਭਰੀ ਚੁਸਤ, ਵਾਰਤਾਲਾਪ ਨਾਲ ਪੇਸ਼ ਕੀਤਾ ਗਿਆ ਹੈ। ਇਸ ਪ੍ਰਕਾਰ ਪਾਤਰਾਂ ਦੀ ਆਪਸੀ ਵਾਰਤਾਲਾਪ ਦੇ ਕਾਰਨ ਕਹਾਣੀ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਹੋਈ ਹੈ।

### ਸਵੈ ਮੁਲਾਂਕਣ

1. ਦਸੌਂਧਾ ਸਿੰਘ ਦੇ ਪਾਤਰ ਚਿਤਰਣ ਬਾਰੇ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

   ..........................................................................................................

   ..........................................................................................................

2. ਦਵਿੰਦਰ ਸਤਿਆਰਥੀ ਦੀਆਂ ਦੋ ਕਹਾਣੀਆਂ ਦੇ ਨਾਂ ਲਿਖੋ।

.........................................................................................................

.........................................................................................................

### 1.3.3.2 ਖੱਬਲ-ਕੁਲਵੰਤ ਸਿੰਘ ਵਿਰਕ

#### 1.3.3.2.1 ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨਾਲ਼ ਜਾਣ ਪਛਾਣ

ਕੁਲਵੰਤ ਸਿੰਘ ਵਿਰਕ ਦਾ ਜਨਮ 20 ਮਈ 1921 ਨੂੰ ਪਿਤਾ ਸਰਦਾਰ ਆਸਾ ਸਿੰਘ ਵਿਰਕ ਅਤੇ ਮਾਤਾ ਸਰਦਾਰਨੀ ਈਸ਼ਰ ਕੌਰ (ਚੱਠਾ) ਦੇ ਘਰ, ਪਿੰਡ ਫੁੱਲਰਵਨ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ ਹੋਇਆ। ਉਸ ਨੇ ਮੁੱਖ ਤੌਰ 'ਤੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਵੀ ਵੱਡੇ ਪੈਮਾਨੇ ਉੱਤੇ ਲਿਖਿਆ। ਵਿਰਕ ਨੂੰ 1968 ਵਿੱਚ ਕਹਾਣੀ ਸੰਗ੍ਰਹਿ 'ਨਵੇਂ ਲੋਕ' ਲਈ ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਉਸ ਦੀਆਂ ਕਹਾਣੀਆਂ ਦਾ ਰੂਸੀ ਅਤੇ ਜਾਪਾਨੀ ਸਹਿਤ ਕਈ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਕੁਲਵੰਤ ਸਿੰਘ ਵਿਰਕ ਨੇ ਸਰਕਾਰੀ ਨੌਕਰੀ ਕਰਦਿਆਂ (ਜਾਇੰਟ ਡਾਇਰੈਕਟਰ, ਕਮਿਊਨੀਕੇਸ਼ਨ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ)ਵਿਖੇ ਵੱਖ-ਵੱਖ ਅਹੁੱਦਿਆਂ 'ਤੇ ਰਹੇ। ਆਪ ਦੀਆਂ ਪ੍ਰਸਿੱਧ ਕਹਾਣੀਆਂ ਛਾਹ ਵੇਲਾ, ਧਰਤੀ ਤੇ ਆਕਾਸ਼, ਤੂੜੀ ਦੀ ਪੰਡ, ਏਕਸ ਕੇ ਹਮ ਬਾਰਕ, ਦੁੱਧ ਦਾ ਛੱਪੜ, ਗੋਲ੍ਹਾਂ, ਨਵੇਂ ਲੋਕ ਆਦਿ ਹਨ। ਵਿਰਕ ਨੂੰ ਪੇਂਡੂ ਪੰਜਾਬ ਅਤੇ ਕਿਰਸਾਨੀ ਚਰਿਤ੍ਰ ਨਾਲ ਕਹਾਣੀਕਾਰ ਵਿਰਕ ਦਾ ਵਿਸ਼ੇਸ਼ ਲਗਾਉ ਹੈ। ਕਥਾ ਦੇ ਅੰਤ ਉਪਰ ਵਿਕ ਚਮਤਕਾਰੀ ਬੋਲ ਜਾਂ ਵਿਸਮੈਕਾਰੀ ਘਟਨਾ ਰਾਹੀਂ ਨਵੀਂ ਸਾਰਥਕਤਾ ਨੂੰ ਉਜਾਗਰ ਕਰਨਾ -ਵਿਰਕ ਦੀ ਨਿਵੇਕਲੀ ਕਥਾ-ਵਿਧੀ ਹੈ।

#### 1.3.3.2.2 ਕਹਾਣੀ ਖੱਬਲ ਦਾ ਸਾਰ/ਵਿਸ਼ਾ ਵਸਤੂ

ਖੱਬਲ ਕਹਾਣੀ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਲਿਖੀ ਹੋਈ ਹੈ। ਇਸ ਕਹਾਣੀ ਦੇ ਵਿਸ਼ੇ ਰਾਹੀਂ ਲੇਖਕ ਨੇ ਸੰਨ 1947 ਦੀ ਵੰਡ ਸਮੇਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਵਿਉਂਤਿਆ ਹੈ। ਵੰਡ ਦੇ ਦੁਖਾਂਤ ਦੀ ਪੀੜਾ ਤੋਂ ਬਾਅਦ ਪੁਨਰ-ਸਥਾਪਨ ਨੂੰ ਉਕਲੀਕਿਆ ਹੈ। ਵੰਡ ਸਮੇਂ ਸਿੱਖਾਂ ਤੇ ਮਸਲਮਾਨਾਂ ਦੀਆਂ ਇਸਤਰੀਆਂ ਦੀ ਦਰਦਨਾਕ ਸਥਿਤੀ ਪੇਸ਼ ਕੀਤੀ ਗਈ ਹੈ, ਜਿਹੜੀ ਕਿ ਬਹੁਤ ਹੀ ਅਸਹਿਣਯੋਗ ਸੀ। ਕਹਾਣੀ ਵਿੱਚ ਮੁੱਖ ਪਾਤਰ ਜੱਟ ਨੇ ਆਪਣੇ ਕਿੱਤੇ ਖੇਤੀਬਾੜੀ ਵਿਚਲੇ ਬਿੰਬ 'ਖੱਬਲ' ਨੂੰ ਰੂਪਮਾਨ ਕਰਦਿਆਂ ਵੰਡ ਨਾਲ਼ ਪੀੜਤ ਲੋਕਾਂ ਨੂੰ ਉਤਸ਼ਾਹਿਤ ਕੀਤਾ ਹੈ। ਇਸ ਤੋਂ ਇਲਾਵਾ ਸਮੁੱਚਾ ਆਲਾ ਦੁਆਲਾ ਤੇ ਮਾਨਸਿਕ ਵਾਤਾਵਰਨ ਨੂੰ ਪੇਸ਼ ਕਰਨਾ ਹੈ। ਕਹਾਣੀਕਾਰ ਨੇ ਕਹਾਣੀ ਦਾ ਵਿਸ਼ਾ ਪਾਕਿਸਤਾਨ ਬਣਦੇ ਸਮੇਂ ਦੇ ਵਾਪਰੇ ਘੱਲੂਘਾਰੇ ਦੀ ਦੁਖਾਂਤਕ ਝਲਕ ਨੂੰ ਦ੍ਰਿਸ਼ਟਮਾਨ ਕੀਤਾ ਹੈ। ਜਦੋਂ ਭਾਰਤ ਤੇ ਪਾਕਿਸਤਾਨ ਵੰਡ ਤੋਂ ਮਗਰੋਂ ਭਾਰਤ ਸਰਕਾਰ ਨੇ ਕੁਲਵੰਤ ਸਿੰਘ ਵਿਰਕ ਨੂੰ ਲੇਜ਼ਾਨ ਅਫਸਰ (ਦੋਵੇਂ ਮੁਲਕਾਂ ਵਿੱਚ ਤਾਲਮੇਲ ਪੈਦਾ ਕਰਨ ਵਾਲਾ) ਵਜੋਂ ਜੁੰਮੇਵਾਰੀ ਸੌਂਪੀ ਕਿ ਪਾਕਿਸਤਾਨ ਵਿੱਚ ਰਹਿ ਗਈਆਂ ਅਤੇ ਉਧਾਲੀਆਂ ਇਸਤਰੀਆਂ ਨੂੰ ਭਾਰਤ ਵਿੱਚ ਪਹੁੰਚਾਇਆ ਜਾਵੇ। ਪਾਕਿਸਤਾਨ ਬਣਨ ਸਮੇਂ ਲੋਕਾਂ ਦੇ ਵਿਛੜਨ ਦਾ ਦੁਖਾਂਤ, ਵਸਦੇ ਘਰਾਂ ਤੋਂ ਬੇਕਰ ਹੋਣਾ, ਲੋਕਾਂ ਦੇ ਘਰੇਲੂ ਸਮਾਨ ਦਾ ਥਾਣਿਆਂ ਵਿੱਚ ਜਮ੍ਹਾ ਹੋਣਾ, ਸਰਨਾਰਥੀਆਂ ਦਾ ਪੀੜਾ ਵਿੱਚੋਂ ਗੁਜਰਨਾ, ਲੱਖਾਂ ਲੋਕਾਂ ਦਾ ਨਹਿਰਾਂ ਵਿੱਚ ਰੁੜੇ ਆਉਣਾ, ਇਹ ਸਾਰੀਆਂ ਘਟਨਾਵਾਂ ਦਾ ਜਿਕਰ ਇਸ ਕਹਾਣੀ ਦੇ ਵਿਸ਼ੇ ਹਨ।

ਕਹਾਣੀ ਦੀ ਸ਼ੁਰੂਆਤ ਵਿੱਚ ਅਸੀਂ ਦੇਖਦੇ ਹਾਂ ਕਿ ਪਾਕਿਸਤਾਨ ਬਣੇ ਨੂੰ ਅਜੇ ਤਿੰਨ-ਚਾਰ ਮਹੀਨੇ ਹੀ ਹੋਏ ਸਨ। ਇੱਥੇ ਹਰ ਚੀਜ਼ ਉਖੜੀ-ਉਖੜੀ ਜਾਪਦੀ ਸੀ। ਬਾੜਿਆਂ ਵਿੱਚ ਟਰੰਕਾਂ, ਪਲੰਗਾ, ਪੁੰਗੂੜਿਆਂ, ਮੇਜਾਂ, ਸੋਫਿਆਂ, ਤਸਵੀਰਾਂ ਤੇ ਭਾਂਡਿਆਂ ਦੇ ਢੇਰ ਲੱਗੇ ਹੋਏ ਸਨ। ਅਨੇਕਾਂ ਪਸ਼ੂਆਂ ਬਾੜਿਆਂ ਵਿੱਚ ਰੱਖੇ ਸਨ। ਸਨਾਰਥੀਆਂ ਉਖੜੇ-ਉਖੜੇ ਫਿਰ ਰਹੇ ਸਨ ਬਾਗੇ ਬਾਡਰ ਦੇ ਵੱਡੇ ਕੈਂਪ ਤੋਂ ਇਹਨਾਂ ਨੂੰ ਅੱਗੇ ਲੰਘਾ ਦਿੱਤਾ ਜਾਂਦਾ ਸੀ। ਇਹ ਸ਼ਰਨਾਰਥੀ ਆਪਣੇ ਜ਼ਿਲ੍ਹਿਆਂ ਤੋਂ ਪਿੰਡਾਂ ਵਿੱਚ ਪੈਦਲ ਜਾਂ ਗੱਡਿਆਂ ਵਿੱਚ ਜ਼ਮੀਨ ਦੀ ਭਾਲ ਪੌਣ ਲੱਗ ਪੈਂਦੇ ਸਨ। ਪਾਕਿਸਤਾਨ ਦੀ ਦੁਖਾਂਤਕ ਘਟਨਾ ਦੇ ਕਾਰਨ ਸ਼ਰਨਾਰਥੀਆਂ ਦੇ ਉੱਖੜਨ ਨਾਲ ਬਿਰਾਦਰੀਆਂ ਟੁੱਟ ਗਈਆਂ, ਵੀਰਾਂ ਨਾਲ਼ੋਂ ਵੀਰ, ਭੈਣਾਂ ਨਾਲੋਂ ਭੈਣਾਂ ਤੇ ਯਾਰਾਂ ਦੇ ਯਾਰ ਵੀ ਨਹੀਂ ਰਹੇ। ਇਸ ਵਿਛੋੜੇ ਨਾਲ਼ ਸਾਰਾ ਕੁਝ ਉਥਲ-ਪੁਥਲ ਹੋ ਗਿਆ। ਇਸ ਕਾਰਨ ਫੈਕਟਰੀਆਂ ਦੇ ਮਾਲਕਾਂ ਕੋਲ ਨਵੇਂ ਮਜ਼ਦੂਰ ਤੇ ਮਜ਼ਦੂਰਾਂ ਕੋਲ ਨਵੇਂ ਮਾਲਕ ਆ ਗਏ। ਕੋਈ ਆਪਣੇ ਦਿਲ ਦੀ ਸਾਂਝ ਦੀ ਗੱਲ ਵੀ ਨਹੀਂ ਕਰ ਸਕਦਾ ਸੀ ਤੇ ਬੁਲਾਇਆ ਵੀ ਕੋਈ ਨਹੀਂ ਬੋਲਦਾ ਸੀ। ਅਜਿਹੇ ਵਾਤਾਵਰਨ ਵਿੱਚ ਪੁਰਾਣੇ ਵਸਨੀਕਾਂ ਨੂੰ ਵੀ ਪਿੰਡ ਉਪਰੇ ਉੱਪਰੇ ਜਾਪਣ ਲੱਗੇ। ਉਹਨਾਂ ਲਈ ਨਹਿਰਾਂ ਤੇ ਰਜਵਾਹ ਵੀ ਬੇਗਾਨੇ ਹੋ ਗਏ। ਜਿਨਾਂ ਵਿੱਚ ਲੋਥਾਂ ਰੁੜ-ਰੁੜ ਕੇ ਆਉਂਦੀਆਂ ਸਨ। ਕਈ ਦਿਨ ਲਹੂ ਨਾਲ ਭਰਿਆ ਪਾਣੀ ਵਗਦਾ ਰਿਹਾ ਸੀ। ਹੁਣ ਇਸ ਪਾਣੀ ਨਾਲ ਕੋਈ ਮੁਸਲਮਾਨ ਵੁਜ਼ੂ (ਪਵਿੱਤਰ ਹੋਣਾ) ਕਰਦਾ ਸੀ ਤੇ ਨਾ ਹੀ ਆਪਣੇ ਬੱਚਿਆਂ ਨੂੰ ਨਹਾਉਣ ਦਿੰਦਾ ਸੀ। ਹਰ ਸ਼ੈ ਪੁਨਰ ਸਥਾਪਨਾ ਦੀ ਮੰਗ ਕਰਦੀ ਸੀ।

ਇਸ ਕਹਾਣੀ ਰਾਹੀਂ ਅਜਿਹਾ ਵਾਤਾਵਰਨ ਵੀ ਸਿਰਜਿਆ ਗਿਆ ਹੈ ਕਿ ਮਨੁੱਖ ਮੁੜ ਤੋਂ ਜੜਾਂ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਵਿੱਚ ਇੱਕ ਗੱਭਰੂ ਜੱਟ ਨੇ ਆਪਣੇ ਬੁੱਢੇ ਪਿਉ ਨੂੰ ਕਿਹਾ ਕਿ ਸਭ ਕੁਝ ਤਬਾਹ ਹੋ ਗਿਆ ਤੇ ਆਲੇ ਦੁਆਲੇ ਉਜਾੜ ਪਈ ਹੈ ਪਰ ਬਜ਼ੁਰਗ ਨੇ ਉੱਤਰ ਦਿੱਤਾ। ਦੁਨੀਆਂ ਨੂੰ ਥਾਉਂ ਥਾਈਂ ਬੈਠ ਲੈਣ ਦੇ ਫਿਰ ਪਹਿਲਾਂ ਵਾਂਗ ਹੀ ਸਾਰੀ ਚਹਿਲ ਪਹਿਲ ਵਾਪਸ ਆ ਜਾਵੇਗੀ ਪਰ ਗੱਭਰੂ ਜੱਟ ਨੇ ਇਸ ਗੱਲ ਤੇ ਸ਼ੰਕਾ ਪ੍ਰਗਟ ਕੀਤਾ। ਬੁੱਢੇ ਬਾਪ ਨੇ ਉੱਤਰ ਦਿੱਤਾ ਨਹੀਂ ਕਮਲਿਆ ਐਵੇਂ ਨਹੀਂ ਐਵੇਂ ਜਾਪਦਾ ਏ ਆਹ ਵੇਖ ਖੱਬਲ ਹੁੰਦਾ ਹੈ। ਪੈਲੀ ਵਿੱਚ ਜਦੋਂ ਬਾਹੀ ਦਾ ਏ ਕੋਈ ਫਰਕ ਤੇ ਨਹੀਂ ਰਹਿੰਦਾ। ਖੱਬਲ ਜੜੋ ਪੁੱਟ ਕੇ ਸਾਰਾ ਪੈਲੀਓਂ ਬਾਹਰ ਸੁੱਟੀਦਾ ਹੈ ਪਰ ਦਸ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਹੈ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਹ ਜਿਵੇਂ ਪੈਲੀ ਕਦੇ ਕਿਸੇ ਨੇ ਵਾਹੀ ਨਹੀਂ ਹੁੰਦੀ। ਇਸ ਖੱਬਲ ਦੇ ਪ੍ਰਤੀਕ ਰਾਹੀਂ ਬੁੱਢੇ ਦੀ ਗੱਲ ਵਿੱਚ ਸੱਚਾਈ ਜਾਪਦੀ ਹੈ ਕਿ ਜਿੱਥੇ ਲੋਕਾਂ ਨੂੰ ਕੁਝ ਜਮੀਨ ਮਿਲ ਜਾਂਦੀ ਉੱਥੇ ਉਹ ਟਿਕ ਕੇ ਬੈਠ ਜਾਂਦੇ ਤੇ ਕੱਚੀਆਂ ਅਲਾਟ ਪੈਲੀਆਂ ਜਮੀਨਾਂ ਉਹਨਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਉਹ ਆਪਣੇ ਨਵੇਂ ਬਾੜਿਆਂ ਵਿੱਚ ਅੱਗ ਧਸਾ ਕੇ ਇਕੱਠੇ ਬੈਠਦੇ ਹਨ।

ਉਹ ਮੱਝਾਂ ਆਦਿ ਵੀ ਸੰਭਾਲ ਕਰਨ ਲੱਗੇ, ਜਦੋਂ ਕੋਈ ਤਹਿਸੀਲਦਾਰ ਜਾਂ ਕੋਈ ਅਫਸਰ ਇਹਨਾਂ ਨਵੇਂ ਪਿੰਡਾਂ ਵਿੱਚ ਆਉਂਦਾ ਤਾਂ ਇਹਨਾਂ ਵਿੱਚੋਂ ਕੋਈ ਆਪਣੇ ਆਪ ਨੂੰ ਪੰਚ ਜਾਹਰ ਕਰਨ ਦੀ ਕੋਸ਼ਿਸ਼ ਕਰਦੇ। ਲੋਕਾਂ ਦੇ ਸਾਂਝੇ ਦੁੱਖ ਸੁਣਾ ਕੇ ਸਾਰੇ ਲੋਕਾਂ ਦੀ ਪ੍ਰਤੀਨਿਤਾ ਕਰਕੇ ਆਪਣੀ ਲੀਡਰੀ ਦਾ ਮੁੱਢ ਬਣਦੇ ਤੇ ਅਫਸਰਾਂ ਦੀ ਟਹਿਲ ਸੇਵਾ ਕਰਦੇ ਸੀ। ਕੁਲਵੰਤ ਸਿੰਘ ਵਿਰਕ ਭਾਰਤ ਸਰਕਾਰ ਵੱਲੋਂ ਸੌਂਪੇ ਕੰਮ ਅਨੁਸਾਰ ਇਹਨਾਂ ਪਿੰਡਾਂ ਵਿੱਚੋਂ ਉਹਨਾਂ ਇਸਤਰੀਆਂ ਤੇ ਟੱਬਰਾਂ ਨੂੰ ਭਾਰਤ ਪਹੁੰਚਾਉਣ ਦਾ ਪ੍ਰਬੰਧ ਕਰ ਰਿਹਾ ਸੀ ਜੋ ਪਾਕਿਸਤਾਨ ਵਿੱਚ ਰਹਿ ਗਏ ਸਨ ਜਾਂ ਜਬਰੀ ਮੁਸਲਮਾਨ ਬਣਾਏ ਗਏ। ਕਹਾਣੀਕਾਰ ਨੂੰ ਕੁੜੀਆਂ ਭਾਲਣ ਦਾ ਕੰਮ ਕੋਈ ਔਖਾ ਨਹੀਂ ਸੀ ਜਾਪਦਾ। ਕਦੇ ਕਦਾਈ ਕੋਈ ਕੁੜੀ ਥੋੜੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਤੇ ਕਈ ਵਾਰ ਕੋਈ ਕੁੜੀ ਬਹੁਤ ਭਾਲਣ ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਦੀ ਸਪੈਸ਼ਲ ਪੁਲਿਸ ਦੀ ਸਹਾਇਤਾ ਨਾਲ

ਕਹਾਣੀਕਾਰ ਨੂੰ ਕੁੜੀਆਂ ਲੱਭਣ ਦੇ ਵਿੱਚ ਸੌਖ ਹੋ ਜਾਂਦੀ ਸੀ। ਇੱਕ ਦਿਨ ਉਸ ਇਲਾਕੇ ਦੇ ਥਾਣੇਦਾਰ ਨੇ ਕਹਾਣੀਕਾਰ ਨੂੰ ਉਧਾਲੀ ਹੋਈ ਔਰਤ ਦਾ ਪਤਾ ਦੱਸਿਆ ਤੇ ਇਹ ਵੀ ਦੱਸਿਆ ਕਿ ਇਹ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਥਾਣੇਦਾਰ ਆਪ ਵੀ ਉਹਨਾਂ ਦੀ ਸਹਾਇਤਾ ਲਈ ਨਾਲ ਤੁਰ ਪਿਆ, ਜਿਸ ਪਿੰਡ ਕਹਾਣੀਕਾਰ ਨੇ ਜਾਣਾ ਸੀ, ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਕੱਚੀਆਂ ਸੜਕਾਂ ਤੇ ਪੈਹਾਂ ਉੱਤੇ ਖੱਜਲ ਹੁੰਦੇ ਰਹੇ ਤੇ ਅਖੀਰ ਰਸਤਾ ਤੈਅ ਕਰਕੇ ਉਹ ਪਿੰਡ ਪੁੱਜੇ। ਪਿੰਡ ਦੇ ਚੌਧਰੀਆਂ ਦੇ ਪੁੱਛਣ ਤੋਂ ਪਤਾ ਲੱਗਿਆ ਪਤਾ ਲੱਗਾ ਕਿ ਉਹ ਇਸਤਰੀ ਇੱਕ ਕੋਠੇ ਵਿੱਚ ਹੈ। ਪੁਲਿਸ ਬਾਹਰ ਖੜੀ ਰਹੀ ਤੇ ਕਹਾਣੀਕਾਰ ਆਪ ਅੰਦਰ ਗਿਆ। ਉੱਥੇ ਇੱਕ ਬਹੁਤ ਹੀ ਬਿਮਾਰ ਇਸਤਰੀ ਪਈ ਸੀ। ਘਰ ਵਿੱਚ ਹੋਰ ਕੋਈ ਜਨਾਨੀ ਨਹੀਂ ਸੀ। ਕਹਾਣੀਕਾਰ ਲਈ ਇਸ ਇਸਤਰੀ ਦਾ ਕੇਸ ਇੱਕ ਨਵੀਂ ਕਿਸਮ ਦਾ ਬਣ ਗਿਆ। ਇਸਤਰੀ ਨੇ ਦੱਸਿਆ ਕਿ ਜਦੋਂ ਦਾ ਪਿੰਡ ਉਜੜਿਆ ਹੈ ਤਾਂ ਉਹ ਉੱਥੇ ਹੀ ਹੈ। ਉਸ ਦੀਆਂ ਗੱਲਾਂ ਤੋਂ ਕਹਾਣੀਕਾਰ ਨੇ ਅੰਦਾਜ਼ਾ ਲਾਇਆ ਕਿ ਅਸਲ ਵਿੱਚ ਉਹ ਕੱਲੀ ਨਹੀਂ ਸਗੋਂ ਉਸ ਦੇ ਜਿਸਮ ਦਾ ਮਾਲਕ ਕੋਈ ਹੋਰ ਹੈ, ਜੋ ਦਿਖਾਈ ਨਹੀਂ ਦੇ ਰਿਹਾ। ਕਹਾਣੀਕਾਰ ਨੇ ਉਸ ਇਸਤਰੀ ਤੋਂ ਸਵਾਲ ਜਵਾਬ ਕਰਦਿਆਂ, ਉਸ ਦੀ ਹਾਲਤ ਬਾਰੇ ਪੁੱਛਿਆ। ਕਹਾਣੀਕਾਰ ਉਸ ਇਸਤਰੀ ਦੀ ਦਸਾ ਦੇਖ ਕੇ ਕੰਬ ਉੱਠਿਆ। ਕਹਾਣੀਕਾਰ ਨੇ ਮਹਿਸੂਸ ਕੀਤਾ ਕਿ ਇਹ ਇਨਸਾਨ ਉੱਪਰ ਇਨਸਾਨ ਦੇ ਜ਼ੁਲਮ ਦੀ ਸਭ ਤੋਂ ਭਿਆਨਕ ਤਸਵੀਰ ਸੀ। ਕਹਾਣੀਕਾਰ ਨੇ ਅਨੁਭਵ ਕੀਤਾ ਕਿ ਇਹ ਮਧੋਲੀ ਹੋਈ ਖਵਾਰ ਕੀਤੀ ਹੋਈ ਉੱਥੇ ਬਿਮਾਰ ਪਈ ਤੇ ਲਵਾਰਸ ਇਸਤਰੀ ਹੈ, ਜਿਸ ਦੀ ਬਰਾਦਰੀ, ਪਿੰਡ, ਧਰਮ ਦਾ ਕੋਈ ਵੀ ਪਤਾ ਨਹੀਂ ਸੀ ਅਤੇ ਨਾ ਹੀ ਉਸ ਲਵਾਰਸ ਇਸਤਰੀ ਨੇ ਸੋਚਿਆ ਹੋਵੇਗਾ ਕਿ ਉਸ ਨੂੰ ਪਾਕਿਸਤਾਨ ਵਿੱਚੋਂ ਕੋਈ ਕੱਢ ਲਜਾ ਸਕਦਾ ਹੈ।

ਕਹਾਣੀਕਾਰ ਨੇ ਪੋਹ ਮਾਘ ਦੀ ਸਰਦੀ ਦੀ ਰੁੱਤ ਹੋਣ ਕਰਕੇ ਤੇ ਬਿਮਾਰੀ ਦੀ ਹਾਲਤ ਵਿੱਚ ਉਸ ਨੂੰ ਨਾਲ ਲਿਜਾਣਾ ਠੀਕ ਨਾ ਸਮਝਿਆ ਤੇ ਕਹਾਣੀਕਾਰ ਨੇ ਕਿਹਾ ਚੰਗਾ ਬੀਬੀ, ਮੈਂ ਫੇਰ ਕਿਸੇ ਦਿਨ ਆਵਾਂਗਾ। ਫਿਰ ਆਉਣ ਤੋਂ ਮੇਰਾ ਮਤਲਬ ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ, ਪਰ ਇਸਤਰੀ ਨੇ ਉਸ ਨੂੰ ਇੱਕ ਬੇਨਤੀ ਸੁਣਨ ਲਈ ਬਿਠਾ ਲਿਆ ਤੇ ਕਿਹਾ "ਤੂੰ ਮੇਰਾ ਸਿੱਖ ਭਰਾ ਏ ਮੈਂ ਵੀ ਕਦੇ ਸਿੱਖ ਹੁੰਦੀ ਸਾਂ ਹੁਣ ਤੇ ਮੈਂ ਮੁਸਲਮਾਨ ਹੋ ਗਈ ਆਂ। ਇਸ ਵੇਲੇ ਇਸ ਦੁਨੀਆਂ ਵਿੱਚ ਮੇਰਾ ਕੋਈ ਨਹੀਂਓ ਮੈਂ ਬੜੀ ਔਖੀ ਹਾਂ ਤੂੰ ਮੇਰੀ ਬਾਂਹ ਫੜ। ਮੇਰੀ ਇੱਕ ਨਨਾਣੇ ਨਿੱਕੀ ਜਿਸ ਨੂੰ 11 ਚੱਕ ਵਾਲੇ ਹਮਲੇ ਵਾਲੇ ਦਿਨੇ ਚੁੱਕ ਕੇ ਲੈ ਗਏ। ਮੈਂ ਉਸਦੀ ਵੱਡੀ ਭਰਜਾਈ ਹਾਂ ਤੇ ਮੈਂ ਉਸ ਨੂੰ ਧੀਆਂ ਵਾਂਗ ਹੱਥੀ ਪਾਲਿਆ। ਮੈਂ ਉਸ ਦੀ ਮਾਂ ਬਰਾਬਰ ਹਾਂ ਤੂੰ ਉਸ ਨੂੰ ਮੇਰੇ ਕੋਲ ਲਿਆ ਦੇ ਕਿਉਂਕਿ ਤੂੰ ਇਹ ਕੰਮ ਕਰ ਸਕਦਾ ਹੈ। ਉਹ ਮੇਰੇ ਕੋਲ ਆਵੇਗੀ ਤਾਂ ਮੈਂ ਆਪ ਆਪਣੇ ਹੱਥੀ ਉਸਨੂੰ ਕਿਸੇ ਦੇ ਲੜ ਲਾਵਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਂਹਾ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ। ਕਹਾਣੀਕਾਰ ਦੇ ਦਿਮਾਗ ਵਿੱਚ ਬੁੱਢੇ ਜੱਟ ਦੀ ਗੱਲ ਚੱਕਰ ਲਾਉਣ ਲੱਗ ਪਈ। "ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿੱਚ" ਜਦੋਂ ਵਾਹੀ ਦੀ ਹੈ ਤਾਂ ਕੋਈ ਕਸਰ ਤੇ ਨਹੀਂ ਛੱਡੀਦੀ। ਉਹਦੇ ਨਾਲ ਸਾਰਾ ਜੜ੍ਹੋਂ ਪੁੱਟ ਕੇ ਪੈਲੀਓ ਬਾਹਰ ਸੁੱਟ ਦੇਈਦਾ ਏ, ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਕੋਈ ਤਿੜ ਫੁੱਟ ਆਉਂਦੀ ਏ।"

### 1.3.3.3.3 ਕਹਾਣੀ ਖੱਬਲ ਦੀ ਆਲੋਚਨਾਤਮਕ ਪਰਖ

ਕੁਲਵੰਤ ਸਿੰਘ ਵਿਰਕ ਆਧੁਨਿਕ ਨਿੱਕੀ ਪੰਜਾਬੀ ਕਹਾਣੀ ਦਾ ਸਿਰਮੌਰ ਕਹਾਣੀਕਾਰ ਹੈ। ਵਿਰਕ ਰਾਹੀਂ ਆਧੁਨਿਕ ਪੰਜਾਬੀ ਕਹਾਣੀ ਵਿਚ ਵਿਲੱਖਣਤਾ ਆਈ ਹੈ। ਉਹ ਪੰਜਾਬੀ ਦਾ ਉਹ ਕਹਾਣੀਕਾਰ ਹੈ ਜਿਸਨੇ ਪੰਜਾਬ ਦੀ ਕਿਸਾਨੀ, ਪੇਂਡੂ ਸੱਭਿਆਚਾਰ ਅਤੇ ਸ਼ਹਿਰੀ ਮੱਧਵਰਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਕਹਾਣੀਆਂ ਵਿੱਚ ਉਭਾਰਿਆ ਹੈ। ਖੱਬਲ ਕਹਾਣੀ ਵਿਚ ਵਿਰਕ ਨੇ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਦੀ

ਸਥਿਤੀ ਨੂੰ ਬੜੇ ਹੀ ਕਰੁਣਾਮਈ ਅਤੇ ਸੰਵੇਦਨਸ਼ੀਲ ਢੰਗ ਨਾਲ ਬਿਆਨਿਆ ਹੈ। ਅਸਲ ਵਿਚ ਵਿਰਕ ਉਸ ਸਮੇਂ ਫੌਜ ਵਿਚ ਅਫ਼ਸਰ ਸੀ ਇਸ ਕਾਰਨ ਉਹ ਹਾਲਤਾਂ ਨੂੰ ਨੇੜਿਓਂ ਜਾਣਦਾ ਸੀ। ਸੰਨ 1947 ਦੀ ਵੰਡ ਤੋਂ ਬਾਅਦ ਲੋਕਾਂ ਦਾ ਦੁਖਾਂਤ, ਲੁੱਟ-ਖੋਹ ਦੀ ਦਰਦਮਈ ਵੇਦਨਾ ਨੂੰ ਵਿਰਕ ਨੇ ਬਾਖੂਬੀ ਪੇਸ਼ ਕੀਤਾ ਹੈ। ਇਸ ਕਹਾਣੀ ਦੀ ਮੁੱਖ ਪਾਤਰ ਇੱਕ ਔਰਤ ਹੈ ਜੋ ਵੰਡ ਦੌਰਾਨ ਦੂਸਰੇ ਪਾਸੇ ਰਹਿ ਜਾਂਦੀ ਹੈ ਅਤੇ ਉਥੇ ਆਪਣਾ ਵਸੇਬਾ ਕਰਕੇ ਨਵੇਂ ਸਿਰੇ ਤੋਂ ਜ਼ਿੰਦਗੀ ਦੀ ਸ਼ੁਰੂਆਤ ਕਰਦੀ ਹੈ। ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਰਹਿਣ ਵਾਲੇ ਲੋਕ ਸਥਾਨ ਬਦਲ ਕਿ ਦੂਸਰੇ ਪਾਸੇ ਆ ਗਏ ਸਨ। ਇਸ ਸਮੇਂ ਜੋ ਬੇਗਾਨਗੀ, ਬੇਵਿਸ਼ਵਾਸੀ ਦਾ ਮਾਹੌਲ ਜਾਪਦਾ ਸੀ।

ਇਸ ਪ੍ਰਕਾਰ ਕਹਾਣੀਕਾਰ ਨੇ ਖੱਬਲ ਦੇ ਪ੍ਰਤੀਕ ਰਾਹੀਂ ਮਨੁੱਖ ਦੀ ਜ਼ਿੰਦਗੀ ਜੀਣ ਦੀ ਇੱਛਾ ਅਤੇ ਜਿੱਤ ਦੀ ਆਸ ਦਿਖਾਈ ਹੈ ਉਸਨੇ 'ਖੱਬਲ' ਦੇ ਪ੍ਰਤੀਕ ਰਾਹੀਂ ਆਪ ਮੁਹਾਰੇ ਮੁੜ ਸਥਾਪਿਤ ਹੋਣ ਦੀ ਖ਼ਆਹਿਸ ਦਾ ਪ੍ਰਗਟਾਵਾ ਕੀਤਾ ਹੈ। ਕਹਾਣੀਕਾਰ ਨੇ ਇਸ ਕਹਾਣੀ ਦੇ ਵਿਸ਼ੇ ਵਿੱਚ ਇਤਿਹਾਸਿਕਤਾ ਤੇ ਮਨੋਵਿਗਿਆਨਤਾ ਨੂੰ ਪੇਸ਼ ਕੀਤਾ ਹੈ। ਕਹਾਣੀਕਾਰ ਨੇ ਵਿਸ਼ੇ ਨੂੰ ਬਹੁਤ ਹੀ ਦੁਖਾਂਤਕ ਕਥਾਨਕ ਉਸਾਰ ਕੇ ਥਾਰਥਕ ਪਾਤਰਾਂ ਰਾਹੀਂ ਬਹੁਤ ਹੀ ਬਰੀਕਬੀਨੀ ਨਾਲ ਪੇਸ਼ ਕੀਤਾ ਹੈ ਅਤੇ ਕਹਾਣੀ ਦਾ ਅੰਤ ਬਹੁਤ ਹੀ ਸੁਝਾਊ, ਦਿਲ ਟੁੰਬਵਾ ਤੇ ਚਿਰ ਸਥਾਈ ਪ੍ਰਭਾਵ ਪਾਉਣ ਵਾਲਾ ਹੈ।

**ਸਵੈ ਮੁਲਾਂਕਣ**

1. ਖੱਬਲ ਕਹਾਣੀ ਦਾ ਵਿਸ਼ਾ ਕੀ ਹੈ?

   .......................................................................................................

   .......................................................................................................

2. ਖੱਬਲ ਕਹਾਣੀ ਦਾ ਵਿਸ਼ਾ ਕਿਸ ਦੁਖਾਂਤ ਨੂੰ ਬਿਆਨ ਕਰਦਾ ਹੈ।

   .......................................................................................................

   .......................................................................................................

**1.3.4 ਸਿੱਟਾ**

ਇਸ ਕਹਾਣੀ ਸੰਗ੍ਰਹਿ ਕਥਾ-ਪੰਜਾਬ ਵਿੱਚ ਸ਼ਾਮਿਲ ਕਹਾਣੀਆਂ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਕਹਾਣੀਆਂ ਦੇ ਵਿਸ਼ਿਆਂ ਅਧੀਨ ਦਸੌਂਧਾ ਸਿੰਘ ਕਹਾਣੀ ਰਾਹੀਂ ਕੁਦਰਤੀ ਵਰਤਾਰੇ ਅਤੇ ਮਨੁੱਖੀ ਸਾਂਝ ਪ੍ਰਗਟ ਕੀਤਾ ਹੈ। ਖੱਬਲ ਕਹਾਣੀ ਰਾਹੀਂ ਕਹਾਣੀਕਾਰ ਨੇ ਸੰਨ 1947 ਦੀ ਵੰਡ ਦਾ ਦੁਖਾਂਤ ਅਤੇ ਉਧਾਲੀਆਂ ਇਸਤਰੀਆਂ ਦੀ ਵਾਰਤਾ ਨੂੰ ਕਰੁਣਾਮਈ ਢੰਗ ਨਾਲ਼ ਬਿਆਨਿਆ ਹੈ। ਕਹਾਣੀਕਾਰਾਂ ਨੇ ਆਪੋ-ਆਪਣੇ ਮਨੋ-ਦ੍ਰਿਸ਼ਟੀਕੋਣ ਤੋਂ ਸਮਕਾਲੀ ਸਮਾਜ ਵਿੱਚ ਵਾਪਰੀਆਂ ਘਟਨਾਵਾਂ ਨੂੰ ਕਹਾਣੀਆਂ ਦੀ ਵਸਤੂ-ਸਮੱਗਰੀ ਵਜੋਂ ਪੇਸ਼ ਕੀਤਾ ਹੈ। ਕਹਾਣੀਕਾਰਾਂ ਨੇ ਆਪੋ-ਆਪਣੀ ਵੇਦਨਾ ਦੇ ਅਨੁਸਾਰ ਉਦੇਸ਼ ਨੂੰ ਉਭਾਰਿਆ ਹੈ।

### 1.3.5 ਅਭਿਆਸ ਲਈ ਪ੍ਰਸ਼ਨ

ਛੋਟੇ ਪ੍ਰਸ਼ਨ

1. ਦਸੌਂਦਾ ਸਿੰਘ ਕਹਾਣੀ ਦਾ ਵਿਸ਼ਾ ਕੀ ਹੈ?
2. ਦਸੌਂਦਾ ਸਿੰਘ ਕਹਾਣੀ ਵਿਚਲੇ ਪਾਤਰਾਂ ਦੇ ਨਾਂ ਲਿਖੋ।
3. ਖੱਬਲ ਕਹਾਣੀ ਵਿੱਚ ਮਨੁੱਖੀ ਜ਼ਿੰਦਗੀ ਦੀ ਖੱਬਲ ਨਾਲ ਤੋਲਣਾ ਕਿਸ ਪਾਤਰ ਨੇ ਕੀਤੀ?
4. ਖੱਬਲ ਕਹਾਣੀ ਵਿੱਚ ਬਿਆਨ ਬੇਰਬਿਆਂ ਦਾ ਵਾਪਰਨ ਸਥਾਨ ਕਿਹੜਾ ਦੱਸਿਆ ਗਿਆ ਹੈ?
5. ਖੱਬਲ ਕਹਾਣੀ ਵਿੱਚ ਤਸਵੀਰਾਂ ਅਤੇ ਪੰਗੂੜੇ ਘਰਾਂ ਦੀ ਬਜਾਏ ਕਿੱਥੇ ਰੁਲ ਰਹੇ ਸਨ?
6. ਭਾਰਤ ਸਰਕਾਰ ਵੱਲੋਂ ਮੈਂ ਪਾਤਰ ਨੂੰ ਕਿਹੜੀ ਜਿੰਮੇਵਾਰੀ ਸੌਂਪੀ ਗਈ ਸੀ?

### ਵੱਡੇ ਪ੍ਰਸ਼ਨ

1. ਦਸੌਂਧਾ ਸਿੰਘ ਕਹਾਣੀ ਦਾ ਸਾਰ ਲਿਖੋ।
2. ਦਸੌਂਧਾ ਸਿੰਘ ਕਹਾਣੀ ਸਬੰਧੀ ਆਪਣੇ ਵਿਚਾਰ (ਪ੍ਰਭਾਵ/ਹੁੰਗਾਰਾ) ਬਿਆਨ ਕਰੋ।
3. ਖੱਬਲ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
4. ਖੱਬਲ ਕਹਾਣੀ ਦਾ ਵਿਸ਼ਾ ਵਸਤੂ ਕੀ ਹੈ? ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

### 1.3.6 ਸਹਾਇਕ ਪੁਸਤਕ ਸੂਚੀ


5. ਡਾ. ਹਰਿਭਜਨ ਸਿੰਘ, 'ਕਥਾ ਪੰਜਾਬ' ਨੈਸ਼ਨਲ ਬੁੱਕ ਟਰੱਸਟ, ਦਿੱਲੀ ਇੰਡੀਆ
6. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਸਾਹਿਤ ਅਕਾਦਮੀ, ਦਿੱਲੀ।
7. ਡਾ. ਬਲਦੇਵ ਸਿੰਘ ਧਾਲੀਵਾਲ, ਆਉ ਕਹਾਣੀ ਪੜ੍ਹੀਏ, ਗਰੇਸ਼ੀਅਸ ਪਬਲੀਸਰਜ਼ ਪਟਿਆਲਾ।
8. ਡਾ. ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ, ਪੰਜਾਬੀ ਰਾਈਟਰਜ, ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ।

ਪਾਠ ਨੰਬਰ: 1.4 **ਲੇਖਕ :** ਡਾ. ਗੁਰਮੀਤ ਸਿੰਘ

# 'ਸਵੇਰ ਹੋਣ ਤਕ' ਅਤੇ 'ਛਵ੍ਹੀਆਂ ਦੀ ਰੁੱਤ' ਕਹਾਣੀ ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ-ਪਰਖ

**1.4.1 ਪਾਠ ਦਾ ਉਦੇਸ਼**

**1.4.2 ਭੂਮਿਕਾ**

**1.4.3 ਪਾਠ ਦੀ ਰੂਪ ਰੇਖਾ**

**1.4.3.1 'ਸਵੇਰ ਹੋਣ ਤਕ' - ਸੰਤੋਖ ਸਿੰਘ ਧੀਰ**

**1.4.3.1.1 ਕਹਾਣੀਕਾਰ ਸੰਤੋਖ ਸਿੰਘ ਧੀਰ ਨਾਲ ਜਾਣ-ਪਛਾਣ**

**1.4.3.1.2 'ਸਵੇਰ ਹੋਣ ਤਕ' ਕਹਾਣੀ ਦਾ ਸਾਰ/ਵਿਸ਼ਾ-ਵਸਤੂ**

**1.4.3.1.3 'ਸਵੇਰ ਹੋਣ ਤਕ' ਕਹਾਣੀ ਦੀ ਆਲੋਚਨਾਤਮਕ-ਪਰਖ**

**1.4.3.2 'ਛਵ੍ਹੀਆਂ ਦੀ ਰੁੱਤ' - ਮਹਿੰਦਰ ਸਿੰਘ ਸਰਨਾ**

**1.4.3.2.1 ਕਹਾਣੀਕਾਰ ਮਹਿੰਦਰ ਸਿੰਘ ਸਰਨਾ ਨਾਲ ਜਾਣ-ਪਛਾਣ**

**1.4.3.2.2 'ਛਵ੍ਹੀਆਂ ਦੀ ਰੁੱਤ' ਕਹਾਣੀ ਦਾ ਸਾਰ/ਵਿਸ਼ਾ-ਵਸਤੂ**

**1.4.3.2.3 'ਛਵ੍ਹੀਆਂ ਦੀ ਰੁੱਤ' ਕਹਾਣੀ ਦੀ ਆਲੋਚਨਾਤਮਕ-ਪਰਖ**

**1.4.4 ਸਿੱਟਾ**

**1.4.5 ਅਭਿਆਸ ਲਈ ਪ੍ਰਸ਼ਨ**

**1.4.6 ਪੁਸਤਕ ਸੂਚੀ**

## 1.4.1 ਪਾਠ ਦਾ ਉਦੇਸ਼

'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿਚ ਇੱਕੀ ਕਹਾਣੀਆਂ ਸ਼ਾਮਲ ਹਨ। ਇਸ ਪਾਠ ਦਾ ਉਦੇਸ਼ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਸੰਤੋਖ ਸਿੰਘ ਧੀਰ ਦੀ ਕਹਾਣੀ 'ਸਵੇਰ ਹੋਣ ਤਕ' ਅਤੇ ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਛਵ੍ਹੀਆਂ ਦੀ ਰੁੱਤ' ਦਾ ਅਧਿਐਨ ਪੇਸ਼ ਕਰਨਾ ਹੈ। ਇਸ ਪਾਠ ਵਿਚ ਕਹਾਣੀਕਾਰ ਸੰਤੋਖ ਸਿੰਘ ਧੀਰ ਅਤੇ ਮਹਿੰਦਰ ਸਿੰਘ ਸਰਨਾ ਦੇ ਜੀਵਨ ਨਾਲ ਜਾਣ-ਪਛਾਣ ਕਰਵਾਈ ਜਾਵੇਗੀ ਅਤੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਵੇਰਵਾ ਵੀ ਸਾਂਝਾ ਕੀਤਾ ਜਾਵੇਗਾ। ਇਸ ਉਪਰੰਤ ਦੋਨੋਂ ਲੇਖਕਾਂ ਦੀਆਂ ਕਹਾਣੀਆਂ ਕ੍ਰਮਵਾਰ 'ਸਵੇਰ ਹੋਣ ਤਕ' ਅਤੇ 'ਛਵ੍ਹੀਆਂ ਦੀ ਰੁੱਤ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ ਪਰਖ ਪੇਸ਼ ਕੀਤੀ ਜਾਵੇਗੀ।

### 1.4.2 ਭੂਮਿਕਾ

ਪਿਆਰੇ ਵਿਦਿਆਰਥੀਓ! 'ਕਥਾ ਪੰਜਾਬ' ਪੁਸਤਕ ਤੁਹਾਡੇ ਬੀ. ਏ. ਭਾਗ ਪਹਿਲਾ ਦੇ ਸਮੈਸਟਰ ਪਹਿਲਾ ਵਿਚ ਸ਼ਾਮਲ ਹੈ। ਇਹ ਪੁਸਤਕ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਨੂੰ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ 21 ਕਹਾਣੀਕਾਰਾਂ ਦੀਆਂ 21 ਕਹਾਣੀਆਂ ਸ਼ਾਮਲ ਹਨ। ਭਾਵ ਕਿ ਹਰ ਕਹਾਣੀਕਾਰ ਦੀ ਇਕ-ਇਕ ਕਹਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਨੂੰ 'ਨੈਸ਼ਨਲ ਬੁੱਕ ਟਰੱਸਟ, ਇੰਡੀਆ' ਨੇ ਪਹਿਲੀ ਵਾਰ 1970 ਵਿਚ ਪ੍ਰਕਾਸ਼ਿਤ ਕੀਤਾ।

### 1.4.3 ਪਾਠ ਦੀ ਰੂਪ ਰੇਖਾ

### 1.4.3.1 'ਸਵੇਰ ਹੋਣ ਤਕ' - ਸੰਤੋਖ ਸਿੰਘ ਧੀਰ

### 1.4.3.1.1 ਕਹਾਣੀਕਾਰ ਸੰਤੋਖ ਸਿੰਘ ਧੀਰ ਨਾਲ ਜਾਣ-ਪਛਾਣ

ਸੰਤੋਖ ਸਿੰਘ ਧੀਰ ਸਾਹਿਤ ਅਕਾਦਮੀ ਐਵਾਰਡ ਨਾਲ ਸਨਮਾਨਿਤ ਪੰਜਾਬੀ ਸਾਹਿਤਕਾਰ ਹੈ। ਉਸ ਦਾ ਜਨਮ 2 ਦਸੰਬਰ, 1920 ਨੂੰ ਫ਼ਤਿਹਗੜ੍ਹ ਸਾਹਿਬ ਨੇੜੇ ਪੈਂਦੇ ਪਿੰਡ ਬੱਸੀ ਪਠਾਣਾ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਈਸ਼ਰ ਸਿੰਘ ਅਤੇ ਮਾਤਾ ਦਾ ਨਾਂ ਜਮਨਾ ਦੇਵੀ ਸੀ। ਉਸ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਲੁਧਿਆਣੇ ਜ਼ਿਲ੍ਹੇ ਵਿਚ ਪੈਂਦੇ ਆਪਣੇ ਜੱਦੀ ਪਿੰਡ ਡਡਹੇੜੀ ਵਿਚ ਗੁਜ਼ਾਰਿਆ। ਆਰਥਿਕ ਤੰਗੀ ਕਾਰਨ ਛੇ ਜਮਾਤਾਂ ਤੋਂ ਬਾਅਦ ਪੜ੍ਹਾਈ ਛੱਡ ਦਿੱਤੀ। ਉਸ ਨੇ ਲੰਮੇ ਸਮੇਂ ਤੋਂ ਬਾਅਦ ਦੁਬਾਰਾ ਪੜ੍ਹਾਈ ਸ਼ੁਰੂ ਕੀਤੀ ਅਤੇ ਦਸਵੀਂ ਤੇ ਗਿਆਨੀ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਨੇ ਕੁਝ ਸਮਾਂ ਸਕੂਲ ਅਧਿਆਪਕ ਦੇ ਤੌਰ 'ਤੇ ਨੌਕਰੀ ਕਰਨ ਤੋਂ ਬਾਅਦ ਇਕ-ਦੋ ਹੋਰ ਨੌਕਰੀਆਂ ਵੀ ਕੀਤੀਆਂ। ਉਸ ਦਾ ਸੁਭਾਅ ਅਜਿਹਾ ਸੀ ਕਿ ਨੌਕਰੀ ਜਾਂ ਹੋਰ ਕੰਮ-ਧੰਦਿਆਂ ਵਿਚ ਕੋਈ ਦਿਲਚਸਪੀ ਨਾ ਹੋਣ ਕਾਰਨ ਉਸ ਨੇ ਸਾਰੀ ਉਮਰ ਸਾਹਿਤਕਾਰ ਵਜੋਂ ਗੁਜ਼ਾਰੀ। ਉਹ 8 ਫਰਵਰੀ, 2010 ਨੂੰ ਇਸ ਸੰਸਾਰ ਤੋਂ ਰੁਖ਼ਸਤ ਹੋਇਆ।

ਸੰਤੋਖ ਸਿੰਘ ਧੀਰ ਨੂੰ ਉਸ ਦੀ ਰਚਨਾਕਾਰੀ ਲਈ ਕਈ ਇਨਾਮ-ਸਨਮਾਨ ਪ੍ਰਾਪਤ ਹੋਏ। ਉਸ ਨੂੰ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ 'ਪੱਖੀ' ਕਹਾਣੀ ਸੰਗ੍ਰਹਿ ਲਈ 1996 ਵਿਚ ਪੁਰਸਕਾਰ ਪ੍ਰਾਪਤ ਹੋਇਆ। ਇਸ ਤੋਂ ਬਿਨਾਂ ਉਸ ਨੂੰ, 'ਮਨਜੀਤ ਕੌਰ ਯਾਦਗਾਰੀ ਪੁਰਸਕਾਰ', 'ਕਰਤਾਰ ਸਿੰਘ ਧਾਲੀਵਾਲ ਸਾਹਿਤ ਪੁਰਸਕਾਰ', 'ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ' ਅਤੇ 'ਕਰਤਾਰ ਸਿੰਘ ਧਾਲੀਵਾਲ ਸਰਵ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ' ਆਦਿ ਇਨਾਮ-ਸਨਮਾਨ ਪ੍ਰਾਪਤ ਹੋਏ।

ਸੰਤੋਖ ਸਿੰਘ ਧੀਰ ਪੰਜਾਬੀ ਸਾਹਿਤ ਦਾ ਬਹੁ-ਵਿਧਾਵੀ ਸਾਹਿਤਕਾਰ ਹੈ। ਪੰਜਾਬੀ ਸਾਹਿਤ ਵਿਚ ਉਹ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਗਵਾਉਂਦਾ ਹੈ। ਉਸ ਨੇ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਜਿਵੇਂ, ਕਹਾਣੀ, ਨਾਵਲ, ਸਫ਼ਰਨਾਮਾ, ਚਿੱਠੀ, ਸਵੈ-ਜੀਵਨੀ, ਸਾਹਿਤਕ ਸਵੈ-ਜੀਵਨੀ, ਨਿਬੰਧ, ਡਾਇਰੀ, ਲੋਕ ਸਾਹਿਤ ਨਾਲ ਸੰਬੰਧਿਤ ਰਚਨਾ ਆਦਿ ਰਾਹੀਂ ਵਡਮੁੱਲਾ ਯੋਗਦਾਨ ਪਾਇਆ। ਉਸ ਨੇ ਭਾਵੇਂ ਨਾਟਕ ਰਚਨਾ ਨਹੀਂ ਕੀਤੀ ਪਰ ਉਸ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀ ਰੂਪਾਂਤਰਨ ਵੀ ਹੋ ਚੁੱਕਾ ਹੈ। ਉਸ ਨੇ ਬਹੁਤ ਸਾਰੀਆਂ ਸਾਹਿਤਕ ਵਿਧਾਵਾਂ ਵਿਚ ਰਚਨਾ ਕੀਤੀ ਪਰ ਉਸ ਨੂੰ ਵਧੇਰੇ ਪ੍ਰਸਿੱਧੀ ਕਹਾਣੀਕਾਰ ਵਜੋਂ ਮਿਲੀ। ਉਸ ਨੇ 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਊਸ਼ਾ ਭੈਣ ਜੀ ਚੁੱਪ ਸਨ', 'ਪੱਖੀ' ਵਰਗੇ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

### 1.4.3.1.2 'ਸਵੇਰ ਹੋਣ ਤਕ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

ਸੰਤੋਖ ਸਿੰਘ ਧੀਰ ਦੀ ਸਮੁੱਚੀ ਕਹਾਣੀ ਰਚਨਾ ਨੂੰ ਵਿਚਾਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਪ੍ਰਗਤੀਵਾਦੀ ਵਿਚਾਰਧਾਰਾ ਵਾਲਾ ਕਹਾਣੀਕਾਰ ਹੈ। ਉਸ ਨੇ ਪੇਂਡੂ ਸਮਾਜ ਦੇ ਆਰਥਿਕ ਪੱਖੋਂ ਕਮਜ਼ੋਰ ਵਰਗ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਲੋਕਾਂ ਦੀ ਜ਼ਿੰਦਗੀ ਦੇ ਅਣਗੌਲੇ ਪਹਿਲੂ ਉਸ ਦੀਆਂ ਕਹਾਣੀਆਂ ਦਾ ਕੇਂਦਰ ਬਣਦੇ ਹਨ। ਉਨ੍ਹਾਂ ਦੀ ਜ਼ਿੰਦਗੀ ਦੇ ਦੁੱਖ, ਤਕਲੀਫ਼ਾਂ ਅਤੇ ਪ੍ਰੇਸ਼ਾਨੀਆਂ ਉਸ ਦੀ ਕਹਾਣੀ ਦੇ ਮੁੱਖ ਵਿਸ਼ੇ ਹਨ। ਇਸੇ ਪ੍ਰਸੰਗ ਵਿਚ 'ਸਵੇਰ ਹੋਣ ਤਕ' ਕਹਾਣੀ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਕਹਾਣੀ ਪੇਂਡੂ ਮੱਧ ਵਰਗੀ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਹੈ। ਇਸ ਵਰਗ ਦੀਆਂ ਆਰਥਿਕ ਮਜਬੂਰੀਆਂ ਇਨ੍ਹਾਂ ਲਈ ਦੁਖਾਂਤ ਸਿਰਜਦੀਆਂ ਹਨ। ਕਹਾਣੀ ਵਿਚ ਪੇਂਡੂ ਮੱਧ ਵਰਗੀ ਕਿਸਾਨੀ ਪਰਿਵਾਰ ਦੀਆਂ ਘਰ ਅੰਦਰਲੀ ਜ਼ਿੰਦਗੀ ਵਿਚਲੀਆਂ ਘਰੇਲੂ ਮੁਸ਼ਕਲਾਂ, ਔਕੜਾਂ, ਤੰਗੀਆਂ-ਤੁਰਸ਼ੀਆਂ ਨੂੰ ਉਭਾਰਿਆ ਗਿਆ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਚੰਨਣ ਖੇਤ ਵਾਹ ਕੇ ਥੱਕਿਆ ਟੁੱਟਿਆ ਰਾਤ ਨੂੰ ਘਰ ਪਰਤਦਾ ਹੈ। ਮੰਜੇ 'ਤੇ ਪਏ ਦੀ ਬਿਰਤੀ ਵੀ ਅਗਲੀ ਸਵੇਰ ਕੀਤੇ ਜਾਣ ਵਾਲੇ ਕੰਮਾਂ ਵਿਚ ਉਲਝੀ ਹੋਈ ਹੈ। ਉਹ ਅੱਧ ਸੁੱਤੇ ਦੀ ਅਵਸਥਾ ਵਿਚ ਹੁੰਦਾ ਹੈ ਕਿ ਉਸ ਦਾ ਗਵਾਂਢੀ ਘੁੱਦਾ ਉਸ ਨੂੰ ਖੇਤ ਵਾਹ ਆਉਣ ਬਾਰੇ ਪੁੱਛਦਾ ਹੈ। ਅੱਗੋਂ ਉਹ ਕੰਮ ਦੀ ਚਾਲ ਮੱਠੀ ਹੋਣ ਦਾ ਕਾਰਨ ਬਲਦ ਦੇ ਨਾ ਤੁਰਨ ਨੂੰ ਦੱਸਦਾ ਹੈ। ਘੁੱਦੇ ਦਾ ਇਹ ਕਹਿਣਾ ਕਿ 'ਭਾਈ ਖ਼ਰਾਕ ਦੀ ਗੱਲ ਐ ਸਾਰੀ' ਚੰਨਣ ਦੀ ਆਰਥਿਕਤਾ ਨੂੰ ਦਰਸਾਉਂਦੀ ਪਹਿਲੀ ਘਟਨਾ ਹੋ ਨਿਬੜਦੀ ਹੈ।

ਇਸੇ ਤਰ੍ਹਾਂ ਰਾਤ ਨੂੰ ਸੌਣ ਸਮੇਂ ਅਚਾਨਕ ਮੀਂਹ ਦੇ ਆ ਜਾਣ ਕਾਰਨ ਉਹ ਆਪਣੀ ਘਰਵਾਲੀ ਬਚਨੋਂ ਅਤੇ ਬੱਚਿਆਂ ਸਮੇਤ ਕੋਠੇ ਤੋਂ ਥੱਲੇ ਉਤਰ ਆਉਂਦਾ ਹੈ। ਗਰਮੀ ਹੋਣ ਕਾਰਨ ਚੰਨਣ ਅਤੇ ਬਚਨੋਂ ਦੇ ਨਾਲ ਬੱਚੇ ਵੀ ਤੰਗੀ ਹੰਢਾਉਂਦੇ ਹਨ। ਬੱਦਲ ਹਟਣ 'ਤੇ ਉਹ ਦੁਬਾਰਾ ਕੋਠੇ ਉੱਪਰ ਚਲੇ ਜਾਂਦੇ ਹਨ। ਫਿਰ ਮੀਂਹ ਆ ਜਾਂਦਾ ਹੈ। ਇਹ ਘਟਨਾਵਾਂ ਸਾਧਨ ਵਿਹੂਣੇ ਬੰਦੇ ਦੀ ਤਰਾਸਦੀ ਨੂੰ ਪੇਸ਼ ਕਰਦੀਆਂ ਹਨ। ਇੱਥੇ ਕੁਦਰਤ ਵੀ ਮਾੜੇ ਬੰਦੇ ਦੀ ਵਿਰੋਧੀ ਹੋ ਨਿਬੜਦੀ ਹੈ। ਦਿਨ ਭਰ ਦੀ ਮਿਹਨਤ ਮਸ਼ੱਕਤ ਤੋਂ ਬਾਅਦ ਵੀ ਦੋ ਘੜੀ ਸੁਖ ਦੀ ਨੀਂਦ ਨਸੀਬ ਨਹੀਂ ਹੁੰਦੀ।

ਕੋਠੇ ਉੱਤੇ ਮੋਘਾ ਖੋਲ੍ਹਣ ਗਈ ਬਚਨੋਂ ਦਾ ਕੋਠੜੀ ਵਿਚ ਪੈਰ ਖੁੱਭ ਜਾਂਦਾ ਹੈ ਅਤੇ ਉਹ ਬਨੇਰੇ ਤੋਂ ਤਿਲਕਦੀ ਹੋਈ ਮਸਾਂ ਬਚਦੀ ਹੈ। ਕਹਾਣੀ ਵਿਚਲਾ ਇਹ ਵੇਰਵਾ ਚੰਨਣ ਦੇ ਘਰ ਦੀ ਖਸਤਾ ਹਾਲਤ ਦਾ ਦ੍ਰਿਸ਼ ਸਿਰਜਦਾ ਹੈ। ਗੁੱਸੇ ਵਿਚ ਬਚਨੋਂ ਚੰਨਣ ਨੂੰ ਉੱਤੇ ਕੋਠਾ ਛੱਤਣ ਦੀ ਕਈ ਵਾਰ ਕਹਿ ਚੁੱਕੀ ਗੱਲ ਦੁਹਰਾਉਂਦੀ ਹੈ। ਚੰਨਣ ਜਵਾਬ ਦਿੰਦਾ-ਦਿੰਦਾ ਇਹ ਸੋਚ ਕੇ ਚੁੱਪ ਕਰ ਜਾਂਦਾ ਹੈ ਕਿ ਉਸ ਦੀ ਵਿਆਹੁਣ ਦੀ ਉਮਰ ਨੂੰ ਢੁੱਕੀ ਧੀ ਨੇੜੇ ਹੀ ਪਈ ਹੈ। ਇਹ ਘਟਨਾ ਪਰਿਵਾਰਕ ਜ਼ਿੰਮੇਵਾਰੀਆਂ ਦੀ ਦੱਸ ਪਾਉਂਦੀ ਹੈ ਜੋ ਚੰਨਣ ਦੇ ਸਿਰ ਤਲਵਾਰ ਵਾਂਗ ਲਟਕ ਰਹੀਆਂ ਹਨ।

ਕਹਾਣੀ ਮੌਸਮ ਬਦਲਣ ਅਤੇ ਪਹੁ ਫੁੱਟਣ ਦੇ ਨਾਲ ਅੰਤ ਵੱਲ ਨੂੰ ਵਧਦੀ ਹੈ। ਮਿਸਾਲ ਵਜੋਂ, 'ਉਹ ਹੜਬੜਾ ਕੇ ਉੱਠਿਆ। ਬਨੇਰੇ ਉੱਤੇ ਮੂੰਹ-ਹਨੇਰੇ ਵਿਚ, ਕੁੱਕੜ ਬਾਂਗਾਂ ਦੇ ਰਿਹਾ ਸੀ। ਗਲੀ ਵਿਚੋਂ ਲੰਘਦੇ ਬਲਦਾਂ ਦੀਆਂ ਟੱਲੀਆਂ ਟਣਕ ਰਹੀਆਂ ਸਨ ਤੇ ਪਹੁ ਦੀ ਲੋਅ, ਬੱਦਲਾਂ ਪਿੱਛੋਂ ਫੁੱਟਣ ਹੀ ਵਾਲੀ ਸੀ।' ਇਸ ਤੋਂ ਬਾਅਦ ਚੰਨਣ ਬਲਦ ਲੈ ਕੇ ਖੇਤ ਵਲ ਨੂੰ ਚਲਾ ਜਾਂਦਾ ਹੈ। ਕਹਾਣੀ ਵਿਚਲੀ ਰਾਤ ਤਾਂ ਮੁੱਕ ਜਾਂਦੀ ਹੈ ਅਤੇ ਸਵੇਰ ਹੋ ਜਾਂਦੀ ਹੈ। ਪਰ ਚੰਨਣ ਦੀ ਜ਼ਿੰਦਗੀ ਵਿਚਲੀ ਰਾਤ ਮੁੱਕਣ ਅਤੇ ਸਵੇਰੇ ਹੋਣ ਦੀ ਕਿਧਰੇ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

ਸੰਤੋਖ ਸਿੰਘ ਧੀਰ ਨੇ ਇਸ ਕਹਾਣੀ ਵਿਚ ਚੰਨਣ ਪਾਤਰ ਰਾਹੀਂ ਪੇਂਡੂ ਕਿਸਾਨੀ ਵਰਗ ਦੀ ਮਾੜੀ ਆਰਥਿਕਤਾ ਨੂੰ ਬਿਆਨ ਕੀਤਾ ਹੈ। ਚੰਨਣ ਆਪਣੇ ਘਰ ਪਰਿਵਾਰ ਨੂੰ ਸੁਖਾਲਾ ਕਰਨ ਲਈ ਪੂਰੇ ਜੀ-ਜਾਨ ਅਤੇ ਤ੍ਰਾਣ ਨਾਲ ਜੁਟਿਆ ਹੋਇਆ ਹੈ। ਇਸ ਦੇ ਬਾਵਜੂਦ ਵੀ ਉਹ ਦੁਖਾਂਤਕ ਸਥਿਤੀ ਤੋਂ ਪਾਰ ਨਹੀਂ ਪਾ ਸਕਦਾ। ਸਮੁੱਚੀ ਕਹਾਣੀ ਤ੍ਰਾਸਦੀ ਦਾ ਪ੍ਰਭਾਵ ਸਿਰਜਦੀ ਅੰਤ ’ਤੇ ਉਸ ਨੂੰ ਹੋਰ ਗਹਿਰਾਉਂਦੀ ਹੈ।

### 1.4.3.1.3 ‘ਸਵੇਰ ਹੋਣ ਤਕ’ ਕਹਾਣੀ ਦੀ ਆਲੋਚਨਾਤਮਕ-ਪਰਖ

ਸੰਤੋਖ ਸਿੰਘ ਧੀਰ ਦੀ ਕਹਾਣੀ ‘ਸਵੇਰ ਹੋਣ ਤਕ’ ਅਨਯ-ਪੁਰਖੀ ਬਿਰਤਾਂਤ ਵਾਲੀ ਕਹਾਣੀ ਹੈ। ਵਕਤਾ ਸਰਬ ਗਿਆਤਾ ਵਜੋਂ ਕਹਾਣੀ ਪੇਸ਼ ਕਰਦਾ ਹੈ। ਕਹਾਣੀ ਦੇ ਕਥਾਨਕ ਵਿਚਲੀਆਂ ਘਟਨਾਵਾਂ ਆਪਣੇ ਅਸਲ ਵਾਪਰਨ ਕ੍ਰਮ ਅਨੁਸਾਰ ਹੀ ਘਟਦੀਆਂ ਹਨ। ਇਸ ਕਹਾਣੀ ਵਿਚ ਚੰਨਣ ਕੇਂਦਰੀ ਪਾਤਰ ਹੈ। ਕਹਾਣੀ ਵਿਚਲੀਆਂ ਵੱਖ-ਵੱਖ ਘਟਨਾਵਾਂ ਰਾਹੀਂ ਚੰਨਣ ਪਾਤਰ ਨੂੰ ਉਭਾਰਿਆ ਗਿਆ ਹੈ। ਇਹ ਘਟਨਾਵਾਂ ਕਹਾਣੀ ਨੂੰ ਅੱਗੇ ਤੋਰਦੀਆਂ ਅਤੇ ਪ੍ਰਭਾਵ ਦੀ ਏਕਤਾ ਬਣਾਈ ਰੱਖਦੀਆਂ ਹਨ। ਕਹਾਣੀ ਵਿਚਲਾ ਵਕਤਾ ਆਪਣੇ ਸਿੱਧੇ ਬਿਆਨ ਰਾਹੀਂ ਪਾਤਰ ਉਸਾਰੀ ਕਰਨ ਦੀ ਉਚੇਚ ਨਹੀਂ ਕਰਦਾ। ਕਹਾਣੀ ਵਿਚ ਪਾਤਰ ਉਸਾਰੀ ਪਾਤਰਾਂ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਵਾਰਤਾਲਾਪ ਰਾਹੀਂ ਕਰਨ ਨੂੰ ਤਰਜੀਹ ਦਿੱਤੀ ਗਈ ਹੈ। ਕਹਾਣੀ ਵਿਚ ਵਾਤਾਵਰਨ ਦਾ ਚਿਤਰਨ ਵਿਸ਼ੇਸ਼ ਤੌਰ ’ਤੇ ਕੀਤਾ ਗਿਆ ਹੈ। ਵਾਤਾਵਰਨ ਦਾ ਚਿਤਰਨ ਦ੍ਰਿਸ਼ ਸਿਰਜਣ ਵਿਚ ਸਹਾਈ ਹੁੰਦਾ ਹੈ। ਅਜਿਹਾ ਵਰਣਨ ਘਟਨਾ ਦੇ ਵਾਪਰਨ ਸਥਾਨ ਦਾ ਦ੍ਰਿਸ਼ ਪਾਠਕ ਸਾਹਮਣੇ ਸਾਕਾਰ ਕਰਨ ਲਈ ਕੀਤਾ ਜਾਂਦਾ ਹੈ। ਉਦਾਹਰਨ ਵਜੋਂ:

> ਆਲੇ ਦੁਆਲੇ ਲੋਕਾਂ ਦੀਆਂ ਚਰੀਆਂ ਪੁੰਗਰ ਕੇ ਨਰਮ ਨਰਮ ਹਵਾ ਵਿਚ ਕੰਬ ਰਹੀਆਂ ਸਨ। ਮੋਠਾਂ, ਮਾਹਾਂ, ਗੁਆਰੇ ਤੇ ਮੁੰਗੀਆਂ ਨੇ ਕੰਨ ਚੁਕ ਲਏ ਸਨ। ਪਰੇ, ਟਿੱਬੀ ਉਤੇ ਜੀਤੇ ਲੰਬੜ ਦਾ ਹੱਲ ਵਗਦਾ ਸੀ। ਟੱਲੀਆਂ ਦੀ ਨਿੰਮ੍ਹੀ ਨਿੰਮ੍ਹੀ ’ਵਾਜ ਉਤੇ ਮਿਰਜ਼ੇ ਦੀ ਕਲੀ ਉੱਚੀ ਉਠ ਰਹੀ ਸੀ...

ਇਸ ਤਰ੍ਹਾਂ ਪਾਠਕ ਦੇ ਸਾਹਮਣੇ ਘਟਨਾ ਦੇ ਸਥਾਨ ਦਾ ਦ੍ਰਿਸ਼ ਆਪ ਮੁਹਾਰੇ ਸਾਕਾਰ ਹੋ ਜਾਂਦਾ ਹੈ। ਪਾਠਕ ਨੂੰ ਘਟਨਾ ਆਪਣੇ ਸਨਮੁੱਖ ਵਾਪਰਦੀ ਪ੍ਰਤੀਤ ਹੁੰਦੀ ਹੈ। ਕਹਾਣੀ ਦਾ ਸਿਰਲੇਖ ‘ਸਵੇਰ ਹੋਣ ਤਕ’ ਬੜਾ ਢੁਕਵਾਂ ਹੈ। ਚੰਨਣ ਦਿਨ ਵਿਚ ਲਗਾਤਾਰ ਕਿਰਤ ਵਿਚ ਜੁਟਿਆ ਰਹਿੰਦਾ ਹੈ। ਉਸ ਨੂੰ ਆਰਥਿਕ ਥੋੜਾਂ ਕਾਰਨ ਰਾਤ ਨੂੰ ਚੈਨ ਦੀ ਨੀਂਦ ਤਕ ਨਸੀਬ ਨਹੀਂ ਹੁੰਦੀ। ਉਸ ਦੀ ਜੱਦੋ-ਜਹਿਦ ਦਿਨ ਤੋਂ ਸ਼ੁਰੂ ਹੋ ਕੇ ਸਾਰੀ ਰਾਤ ਲੰਘ ਜਾਣ ਤੋਂ ਬਾਅਦ ‘ਸਵੇਰ ਹੋਣ ਤਕ’ ਲਗਾਤਾਰ ਚਲਦੀ ਰਹਿੰਦੀ ਹੈ। ਇਸ ਤਰ੍ਹਾਂ ਕਹਾਣੀ ਦਾ ਸਿਰਲੇਖ ਕਹਾਣੀ ਵਿਚਲੇ ਵਿਸ਼ੇ ਦੇ ਅਰਥਾਂ ਦਾ ਸੰਚਾਰ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ।

### ਸਵੈ ਮੁਲਾਂਕਣ

1. ‘ਸਵੇਰ ਹੋਣ ਤਕ’ ਕਹਾਣੀ ਦੇ ਮੁੱਖ ਪਾਤਰ ਦਾ ਨਾਂ ਦੱਸੋ।

   ..........................................................................................................

   ..........................................................................................................

2. 'ਸਵੇਰ ਹੋਣ ਤਕ' ਕਹਾਣੀ ਵਿਚਲੇ ਗਵਾਂਢੀ ਪਾਤਰ ਦਾ ਨਾਂ ਕੀ ਹੈ?

   ..........................................................................................................

   ..........................................................................................................

### 1.4.3.2 'ਛਵ੍ਹੀਆਂ ਦੀ ਰੁੱਤ' - ਮਹਿੰਦਰ ਸਿੰਘ ਸਰਨਾ

#### 1.4.3.2.1 ਕਹਾਣੀਕਾਰ ਮਹਿੰਦਰ ਸਿੰਘ ਸਰਨਾ ਨਾਲ ਜਾਣ-ਪਛਾਣ

ਮਹਿੰਦਰ ਸਿੰਘ ਸਰਨਾ ਦਾ ਜਨਮ 25 ਸਤੰਬਰ, 1925 ਨੂੰ ਭਗਵਾਨ ਸਿੰਘ ਦੇ ਘਰ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ। ਉਸ ਨੇ ਬੀ. ਏ. ਤਕ ਦੀ ਵਿੱਦਿਆ ਪ੍ਰਾਪਤ ਕੀਤੀ। ਉਸ ਨੇ ਇੰਡੀਅਨ ਆਡਿਟ ਐਂਡ ਅਕਾਊਂਟਸ ਸਰਵਿਸ ਵਿਭਾਗ ਵਿਚ ਨੌਕਰੀ ਕੀਤੀ ਅਤੇ ਅਕਾਊਂਟੈਂਟ ਜਨਰਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ। ਉਸ ਨੇ ਨਾਵਲ ਅਤੇ ਵਾਰਤਕ ਦੀ ਰਚਨਾ ਵੀ ਕੀਤੀ ਪਰ ਵਧੇਰੇ ਪ੍ਰਸਿੱਧੀ ਕਹਾਣੀਕਾਰ ਵਜੋਂ ਪ੍ਰਾਪਤ ਹੋਈ। ਉਸ ਨੇ 'ਪੱਥਰ ਦੇ ਆਦਮੀ' (1949), 'ਸ਼ਗਨਾਂ ਭਰੀ ਸਵੇਰ' (1951), 'ਸੁਪਨਿਆਂ ਦੀ ਸੀਮਾ' (1958), 'ਵੰਝਲੀ ਤੇ ਵਿਲਕਣੀ' (1959), 'ਛਵ੍ਹੀਆਂ ਦੀ ਰੁੱਤ' (1961), 'ਕਾਲਿੰਗਾ' (1968), 'ਸੁੰਦਰ ਘਾਟੀ ਦੀ ਸਹੁੰ' (1980), 'ਸੂਹਾ ਸਾਲੂ-ਸੂਹਾ ਗੁਲਾਬ' (1980), 'ਕਾਲਾ ਬੱਦਲ ਕੂਲੀ ਧੁੱਪ' (1984), 'ਨਵੇਂ ਯੁੱਗ ਦੇ ਵਾਰਸ' (1991), 'ਔਰਤ ਈਮਾਨ' (1993), 'ਮੇਰੀਆਂ ਚੋਣਵੀਂਆਂ ਕਹਾਣੀਆਂ' (1993) ਵਰਗੇ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ। ਉਸ ਨੂੰ ਸਾਹਿਤ ਅਕਾਦਮੀ, ਦਿੱਲੀ ਵੱਲੋਂ 1994 ਵਿਚ 'ਨਵੇਂ ਯੁੱਗ ਦੇ ਵਾਰਸ' ਕਹਾਣੀ ਸੰਗ੍ਰਹਿ ਲਈ ਇਨਾਮ ਦਿੱਤਾ ਗਿਆ।

#### 1.4.3.2.2 'ਛਵ੍ਹੀਆਂ ਦੀ ਰੁੱਤ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਛਵ੍ਹੀਆਂ ਦੀ ਰੁੱਤ' ਕਹਾਣੀ ਮਹਿੰਦਰ ਸਿੰਘ ਸਰਨਾ ਦੀ ਪ੍ਰਸਿੱਧ ਕਹਾਣੀ ਹੈ। ਉਸ ਨੇ ਵਿਭਿੰਨ ਵਿਸ਼ਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਛੋਹਿਆ ਅਤੇ ਬਾਖ਼ੂਬੀ ਨਿਭਾਇਆ ਹੈ। ਉਸ ਦੁਆਰਾ ਰਚਿਤ 'ਛਵ੍ਹੀਆਂ ਦੀ ਰੁੱਤ' ਕਹਾਣੀ ਸੰਤਾਲੀ ਦੀ ਵੰਡ ਸਮੇਂ ਦੇ ਮਾਹੌਲ ਵਿਚੋਂ ਜਨਮ ਲੈਂਦੀ ਹੈ। ਇਸ ਕਹਾਣੀ ਵਿਚ ਸੰਤਾਲੀ ਦੀ ਵੰਡ ਸਮੇਂ ਦੇ ਦੁਖਾਂਤ ਨੂੰ ਬਿਲਕੁਲ ਨਿਵੇਕਲੀ ਵਿਸ਼ਾ-ਸਮਗਰੀ ਰਾਹੀਂ ਚਿਤਰਿਆ ਗਿਆ ਹੈ। ਕਹਾਣੀ ਦੀ ਪੇਸ਼ਕਾਰੀ ਮਨੋਵਿਗਿਆਨਕ ਛੋਹਾਂ ਰਾਹੀਂ ਕੀਤੀ ਗਈ ਹੈ।

ਕਹਾਣੀ ਵਿਚਲਾ ਸਮਾਂ 1947 ਦੀ ਦੇਸ਼ ਵੰਡ ਨਾਲ ਸੰਬੰਧਿਤ ਹੈ। ਕਹਾਣੀ ਪੰਜਾਬ ਦੀ ਵੰਡ ਤੋਂ ਬਾਅਦ ਨਵੇਂ ਬਣੇ ਦੇਸ਼ ਪਾਕਿਸਤਾਨ ਦੇ ਪਿੰਡ ਵਿਚ ਵਾਪਰ ਰਹੀ ਹੈ। ਵੰਡ ਸਮੇਂ ਧਾਰਮਿਕ ਨਫ਼ਰਤ ਦੇ ਮਾਹੌਲ ਕਾਰਨ ਕਤਲ ਅਤੇ ਲੁੱਟਾਂ-ਖੋਹਾਂ ਦਾ ਅਜਿਹਾ ਦੌਰ ਸ਼ੁਰੂ ਹੋਇਆ ਜਿਸ ਨੇ ਮਾਨਵਤਾ ਨੂੰ ਸ਼ਰਮ-ਸਾਰ ਕਰ ਦਿੱਤਾ। ਇਸ ਦੌਰ ਵਿਚ ਪਾਕਿਸਤਾਨ ਦੀ ਧਰਤੀ ਉੱਪਰ ਰਹਿ ਰਹੇ ਹਿੰਦੂ ਅਤੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਔਰਤਾਂ ਦੀ ਬੇਪਤੀ ਕੀਤੀ ਗਈ। ਸਰਹੱਦ ਤੋਂ ਇੱਧਰਲੇ ਪਾਸੇ ਭਾਰਤ ਵਿਚ ਇਹੀ ਕੁਝ ਮੁਸਲਮਾਨਾਂ ਨਾਲ ਵਾਪਰਿਆ। ਇਕ ਪਾਸੇ ਜੇਕਰ ਹਿੰਦੂ ਤੇ ਸਿੱਖਾਂ ਨੇ ਸੰਤਾਪ ਭੋਗਿਆ ਤਾਂ ਦੂਜੇ ਪਾਸੇ ਮੁਸਲਮਾਨ ਇਸ ਸਥਿਤੀ ਦਾ ਸ਼ਿਕਾਰ ਬਣੇ। ਕਹਾਣੀ ਦਾ ਸੰਬੰਧ ਪਾਕਿਸਤਾਨ ਨਾਲ ਹੈ ਤਾਂ ਕਹਾਣੀ ਵਿਚ ਹਿੰਦੂ ਤੇ ਸਿੱਖਾਂ ਨੂੰ ਇਸ ਹੋਣੀ ਦਾ ਸ਼ਿਕਾਰ ਹੁੰਦੇ ਦਿਖਾਇਆ ਗਿਆ ਹੈ। ਇਸ ਮਾਹੌਲ ਵਿਚ ਦੀਨੇ ਲੁਹਾਰ ਦਾ ਮੁੰਡਾ ਬਸ਼ੀਰਾ ਮੋਹਰੀ ਵਜੋਂ ਆਪਣੀ ਭੂਮਿਕਾ ਨਿਭਾਉਂਦਾ ਹੈ। ਮਾਰ-ਧਾੜ ਕਰਨ ਲਈ ਬਸ਼ੀਰਾ ਦੀਨੇ ਤੋਂ ਛਵ੍ਹੀਆਂ ਤੇ ਗੰਡਾਸੇ ਬਣਵਾਉਂਦਾ ਹੈ। ਇਸ ਵਾਰ ਬਸ਼ੀਰਾ ਦੀਨੇ ਨੂੰ ਵੱਡੀ ਗਿਣਤੀ ਵਿਚ ਛਵ੍ਹੀਆਂ ਤੇ ਗੰਡਾਸੇ ਬਣਾਉਣ ਲਈ ਕਹਿੰਦਾ ਹੈ। ਦੀਨਾ ਉਨ੍ਹਾਂ ਬੰਦਿਆਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਧਾਰਮਿਕ ਨਫ਼ਰਤ ਦੇ ਇਸ ਮਾਹੌਲ ਵਿਚ ਵੀ ਆਪਣੇ ਅੰਦਰਲੀ ਮਾਨਵਤਾ ਨੂੰ ਡੋਲਣ

ਨਹੀਂ ਦਿੱਤਾ। ਦੀਨੇ ਨੂੰ ਨਫ਼ਰਤਾਂ ਦਾ ਇਹ ਦੌਰ ਤੰਗ ਪ੍ਰੇਸ਼ਾਨ ਕਰਦਾ ਹੈ। ਉਸ ਦੀ ਕੋਈ ਵਾਹ ਪੇਸ਼ ਨਹੀਂ ਜਾਂਦੀ। ਉਸ ਦੀ ਹਾਲਤ ਲਾਚਾਰਾਂ ਵਾਲੀ ਹੈ। ਉਹ ਚਾਹ ਕੇ ਵੀ ਕੁਝ ਨਹੀਂ ਕਰ ਸਕਦਾ। ਉਹ ਆਪਣੇ ਮੁੰਡੇ ਬਸ਼ੀਰੇ ਨੂੰ ਵੀ ਲੁੱਟਾਂ-ਖੋਹਾਂ ਅਤੇ ਮਾਰ-ਧਾੜ ਕਰਨ ਤੋਂ ਰੋਕ ਨਹੀਂ ਸਕਦਾ। ਉਸ ਨੂੰ ਡਰ ਹੈ ਕਿ ਜੇਕਰ ਉਸ ਨੇ ਬਸ਼ੀਰੇ ਦੀ ਨਾਬਰੀ ਕੀਤੀ ਤਾਂ ਉਹ ਉਸ ਨੂੰ ਮਾਰ ਨਾ ਦਵੇ।

ਦੀਨੇ ਦੀ ਘਰਵਾਲੀ ਵੀ ਸੋਚਵਾਨ ਅਤੇ ਸੂਝਵਾਨ ਵਾਲੀ ਧਿਰ ਵਿਚ ਸ਼ਾਮਲ ਹੈ। ਉਹ ਦੀਨੇ ਦੁਆਰਾ ਬਣਾਈਆਂ ਜਾ ਰਹੀਆਂ ਛਵ੍ਹੀਆਂ ਤੇ ਗੰਡਾਸਿਆਂ ਕਾਰਨ ਉਸ ਨਾਲ ਨਾਰਾਜ਼ਗੀ ਜ਼ਾਹਿਰ ਕਰਦੀ ਹੈ। ਦੀਨਾ ਇਹ ਕਹਿ ਕੇ ਸਥਿਤੀ ਤੋਂ ਪਾਸਾ ਵੱਟਣਾ ਚਾਹੁੰਦਾ ਹੈ ਕਿ 'ਮੈਂ ਤਾਂ ਨਿਰੀਆਂ ਬਣਾਉਂਦਾ ਈ ਹਾਂ। ਲੋਕਾਂ ਨੂੰ ਵੱਢਦਾ ਤਾਂ ਨਹੀਂ ਫਿਰਦਾ।' ਇਹ ਗੱਲ ਉਹ ਆਪਣੇ ਆਪ ਨੂੰ ਧੀਰਜ ਦੇਣ ਲਈ ਕਹਿੰਦਾ ਹੈ ਪਰ ਉਸ ਦੀ ਘਰਵਾਲੀ ਦੇ ਬੋਲ ਉਸ ਨੂੰ ਸਹਿਜ ਨਹੀਂ ਰਹਿਣ ਦਿੰਦੇ। ਉਸ ਦੀ ਪਤਨੀ ਦੇ ਬੋਲ ਉਸ ਦੁਆਰਾ ਕਤਲੋਗਾਰਤ ਅਤੇ ਮਾਨਵ ਵਿਰੋਧੀ ਗਤੀਵਿਧੀਆਂ ਵਿਚ ਪਾਏ ਜਾ ਰਹੇ ਅਸਿੱਧੇ ਯੋਗਦਾਨ ਦੀ ਨਿਸ਼ਾਨਦੇਹੀ ਕਰਦੇ ਹਨ। ਮਿਸਾਲ ਵਜੋਂ:

> "ਇਹ ਵੱਢਣ ਨਾਲੋਂ ਵੀ ਬੁਰਾ ਹੈ" ਤੀਵੀਂ ਬੋਲੀ, "ਵੱਢਣ ਵਾਲਾ ਤਾਂ ਇਕ ਦੁੰਹ ਜਾਂ ਹੱਦ ਪੰਜਾਂ ਨੂੰ ਵੱਢਦਾ ਏ। ਤੇਰੇ ਹੱਥ ਦੀ ਬਣਾਈ ਇਕ ਇਕ ਛਵ੍ਹੀ ਕਈ ਵੀਹਾਂ ਵੱਢਦੀ ਏ।"

ਠਾਕਰਦੁਆਰੇ ਵਾਲੀ ਬੁੱਢੀ ਪਰੋਹਤਾਣੀ ਵੀ ਧਾਰਮਿਕ ਫ਼ਿਰਕੂਵਾਦ ਦਾ ਸ਼ਿਕਾਰ ਹੁੰਦੀ ਹੈ। ਉਸ ਦਾ ਪੁੱਤ ਤੁਲਸੀ ਹਨੇਰ-ਗਰਦੀ ਤੇ ਦਹਿਸ਼ਗਰਦੀ ਵਾਲੇ ਮਾਹੌਲ ਵਿਚ ਜਾਨ ਗਵਾ ਚੁੱਕਾ ਹੈ। ਪਰ ਪਰੋਹਤਾਣੀ ਨੂੰ ਇਸ ਗੱਲ ਦੀ ਕੋਈ ਖ਼ਬਰ ਨਹੀਂ ਹੈ। ਉਹ ਆਪਣੇ ਪੁੱਤ ਦੀ ਉਡੀਕ ਵਿਚ ਹੈ। ਉਸ ਦੀ ਜਾਣਕਾਰੀ ਮੁਤਾਬਿਕ ਤੁਲਸੀ ਰਾਮੂ ਸ਼ਾਹ ਦੀ ਧੀ ਪ੍ਰੀਤੋ ਦੇ ਵਿਆਹ ਦਾ ਸ਼ਗਨ ਲੈ ਕੇ ਗਿਆ ਹੈ। ਜਦੋਂ ਕਿ ਕੁਝ ਦਿਨ ਪਹਿਲਾਂ ਪਿੰਡ ਦੇ ਬਹੁਤ ਸਾਰੇ ਹਿੰਦੂ ਅਤੇ ਸਿੱਖ ਬਸ਼ੀਰੇ ਵਰਗਿਆਂ ਵੱਲੋਂ ਖੇਡੀ ਗਈ ਖ਼ੂਨ ਦੀ ਹੌਲੀ ਦਾ ਸ਼ਿਕਾਰ ਹੋ ਗਏ ਸਨ। ਪਰੋਹਤਾਣੀ ਦੇ ਬਿਮਾਰ ਹੋਣ ਕਾਰਨ ਅਤੇ ਉੱਚਾ ਸੁਣਨ ਕਾਰਨ ਉਸ ਦੇ ਕੰਨਾਂ ਤਕ ਇਸ ਦੀ ਆਵਾਜ਼ ਨਹੀਂ ਪਹੁੰਚੀ ਸੀ। ਉਹ ਜਿਸ ਪ੍ਰੀਤੋ ਦੇ ਸ਼ਗਨ ਅਤੇ ਵਿਆਹ ਦੀ ਗੱਲ ਕਰ ਰਹੀ ਸੀ ਉਸ ਨੂੰ ਬਸ਼ੀਰੇ ਨੇ ਸਾਂਭ ਲਿਆ ਸੀ। ਇਹ ਸਥਿਤੀ ਦੀਨੇ ਦੀ ਸੋਚ ਰਾਹੀਂ ਸਪਸ਼ਟ ਹੁੰਦੀ ਹੈ। ਉਦਾਹਰਨ ਵਜੋਂ:

> ਉਹ ਨਹੀਂ ਸੀ ਜਾਣਦੀ ਕਿ ਤੁਲਸੀ ਨੇ ਕਦੀ ਵਾਂਢਿਓਂ ਨਹੀਂ ਮੁੜਨਾ, ਨਾ ਹੀ ਪ੍ਰੀਤੋ ਦਾ ਉਹ ਸਾਹਾ ਕਦੀ ਪੁਗਣਾ ਏ। ਪ੍ਰੀਤੋ ਨੂੰ ਤਾਂ ਉਹਦੇ ਪਿਉ ਦੀ ਹਵੇਲੀ ਸਮੇਤ ਬਸ਼ੀਰੇ ਨੇ ਸਾਂਭ ਲਿਆ ਸੀ।

ਪਰੋਹਤਾਣੀ ਦੀਨੇ ਲੁਹਾਰ ਤੋਂ ਆਪਣੀ ਗਵਾਚ ਚੁੱਕੀ ਬੱਕਰੀ ਦੀ ਸੰਗਲੀ ਠੀਕ ਕਰਵਾਉਣ ਆਉਂਦੀ ਹੈ। ਬਸ਼ੀਰਾ ਦੀਨੇ ਨੂੰ ਛਵ੍ਹੀਆਂ ਤੇ ਗੰਡਾਸੇ ਤਿਆਰ ਕਰਨ ਲਈ ਕਹਿ ਗਿਆ ਸੀ। ਉਸ ਦਾ ਕੋਈ ਪਤਾ ਨਹੀਂ ਕਦੋਂ ਆ ਜਾਵੇ। ਇਸ ਡਰ ਕਾਰਨ ਉਹ ਪਰੋਹਤਾਣੀ ਨੂੰ ਫਿਰ ਆਉਣ ਲਈ ਕਹਿੰਦਾ ਹੈ। ਦੀਨੇ ਦੀ ਘਰਵਾਲੀ ਪਰੋਹਤਾਣੀ ਦੇ ਇਕੱਲੇ ਰਹਿ ਜਾਣ ਕਾਰਨ ਉਸ ਨਾਲ ਹਮਦਰਦੀ ਰੱਖਦੀ ਹੈ। ਉਹ ਪਰੋਹਤਾਣੀ ਨੂੰ ਘਰ ਵਿਚ ਰੱਖਣ ਦੀ ਗੱਲ ਕਰਦੀ ਹੈ ਤਾਂ ਦੀਨਾ ਉਸ ਨੂੰ ਅਜਿਹਾ ਕਰਨ ਤੋਂ ਵਰਜ ਦਿੰਦਾ ਹੈ। ਬਸ਼ੀਰੇ ਦੇ ਪਰੋਹਤਾਣੀ ਨਾਲ ਟਾਕਰੇ ਤੋਂ ਨਿਕਲਣ ਵਾਲੇ ਨਤੀਜੇ ਦੀ ਸੋਚ ਉਸ ਦੇ ਮਨ ਵਿਚ ਸਹਿਮ ਪੈਦਾ ਕਰ ਜਾਂਦੀ ਹੈ। ਜਿਸ ਕਾਰਨ ਉਹ ਚਾਹ ਕੇ ਵੀ ਅਜਿਹਾ ਫ਼ੈਸਲਾ ਨਹੀਂ ਲੈ ਸਕਦਾ।

ਦੀਨੇ ਨੂੰ ਖੇਤਾਂ ਵਿਚ ਘੁੰਮਦੇ ਨੂੰ ਜਦੋਂ ਚਾਰ ਚੁਫੇਰਾ ਲਹੂ-ਲੁਹਾਨ ਹੋਇਆ ਦਿਸਦਾ ਹੈ ਤਾਂ ਉਸ ਨੂੰ ਇਸ ਵਿਚ ਆਪਣੀ ਗੁਨਾਹਗਾਰ ਵਾਲੀ ਭੂਮਿਕਾ ਦਾ ਅਹਿਸਾਸ ਹੁੰਦਾ ਹੈ। ਕਿਉਂਕਿ ਉਸ ਦੁਆਰਾ ਬਣਾਈਆਂ ਛਵ੍ਹੀਆਂ

ਤੇ ਗੰਡਾਸੇ ਇਸ ਖ਼ੂਨੀ ਮੰਜ਼ਰ ਨੂੰ ਅੰਜਾਮ ਦੇਣ ਵਿਚ ਸਹਾਈ ਹੋਏ ਸਨ। ਉਹ ਆਪਣੇ ਆਪ ਨੂੰ ਗੁਨਾਹਗਾਰ ਮੰਨਦਾ ਹੈ। ਇਸ ਗੁਨਾਹ ਵਿਚ ਅਸਿੱਧੀ ਪਰ ਅਹਿਮ ਤੇ ਵੱਡੀ ਭਾਗੀਦਾਰੀ ਦੀ ਸੋਝੀ ਸਦਕਾ ਉਸ ਦਾ ਮਨ ਉੱਖੜ ਜਾਂਦਾ ਹੈ। ਵਾਪਰ ਚੁੱਕੇ ਤੋਂ ਸਬਕ ਲੈਂਦਾ ਹੋਇਆ ਉਹ ਨਵੀਆਂ ਬਣਾਈਆਂ ਛਵ੍ਹੀਆਂ ਬਸ਼ੀਰੇ ਤੇ ਉਸ ਦੇ ਸਾਥੀਆਂ ਦੇ ਹੱਥ ਨਹੀਂ ਲੱਗਣ ਦੇਣਾ ਚਾਹੁੰਦਾ। ਬਸ਼ੀਰੇ ਤੇ ਉਸ ਦੇ ਸਾਥੀਆਂ ਦੇ ਘਰ ਆਉਣ ਤੋਂ ਪਹਿਲਾਂ ਹੀ ਉਹ ਛਵ੍ਹੀਆਂ ਨੂੰ ਟਿਕਾਣੇ ਲਾਉਣ ਲਈ ਘਰ ਵੱਲ ਤੁਰ ਪੈਂਦਾ ਹੈ। ਉਹ ਘਰ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਬਸ਼ੀਰੇ ਹੋਣੀ ਉਸ ਤੋਂ ਪਹਿਲਾਂ ਘਰ ਪਹੁੰਚ ਚੁੱਕੇ ਸਨ ਤੇ ਪਰੋਹਤਾਣੀ ਦੀ ਲਾਸ਼ ਘਰ ਦੇ ਬਾਹਰ ਪਈ ਸੀ। ਇਹ ਘਟਨਾ ਉਸ ਦੀ ਮਾਨਸਿਕਤਾ ਨੂੰ ਝੰਜੋੜ ਦਿੰਦੀ ਹੈ। ਉਹ ਸਾਰੀ ਰਾਤ ਬੁੜਬੁੜਾਉਂਦਾ ਰਹਿੰਦਾ ਹੈ ਕਿ 'ਮੈਨੂੰ ਨਾ ਮਾਰੋ, ਮੈਨੂੰ ਛਵ੍ਹੀਆਂ ਨਾ ਮਾਰੋ। ਇਹ ਸੰਗਲ ਮੇਰੀ ਧੌਣ ਦੁਆਲਿਓਂ ਲਾਹ ਲਵੋ।... ਮੇਰੀ ਧੀ ਨੂੰ ਕੁਝ ਨਾ ਆਖੋ। ਪ੍ਰੀਤੋ ਨੂੰ ਕੁਝ ਨਾ ਆਖੋ।' ਸੋ ਦੀਨੇ ਵਰਗੇ ਸੰਜੀਦਾ ਮਨੁੱਖ ਨੂੰ ਉਸ ਦੌਰ ਵਿਚਲੀਆਂ ਵਹਿਸ਼ੀ ਘਟਨਾਵਾਂ ਕਿਵੇਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀਆਂ, ਕਹਾਣੀ ਵਿਚ ਇਸ ਦਾ ਪ੍ਰਭਾਵ ਬੜੇ ਪ੍ਰਭਾਵਸ਼ਾਲੀ ਢੰਗ ਰਾਹੀਂ ਸਿਰਜਿਆ ਗਿਆ ਹੈ।

### 1.4.3.2.3 'ਛਵ੍ਹੀਆਂ ਦੀ ਰੁੱਤ' ਕਹਾਣੀ ਦੀ ਆਲੋਚਨਾਤਮਕ-ਪਰਖ

'ਛਵ੍ਹੀਆਂ ਦੀ ਰੁੱਤ' ਕਹਾਣੀ ਦਾ ਬਿਰਤਾਂਤ ਅਨਯ-ਪੁਰਖੀ ਵਕਤਾ ਰਾਹੀਂ ਪੇਸ਼ ਕੀਤਾ ਗਿਆ ਹੈ। ਅਨਯ-ਪੁਰਖੀ ਵਕਤਾ ਨੂੰ ਸਰਬ ਗਿਆਤਾ ਵੀ ਕਿਹਾ ਜਾਂਦਾ ਹੈ। ਕਹਾਣੀ ਵਿਚ ਦੀਨਾ ਲੁਹਾਰ ਮੁੱਖ ਪਾਤਰ ਵਜੋਂ ਵਿਚਰਦਾ ਹੈ। ਦੀਨੇ ਦੀ ਪਾਤਰ ਉਸਾਰੀ ਉਸ ਦੀ ਆਪਣੀ ਪਤਨੀ ਨਾਲ ਵਾਰਤਾਲਾਪ ਵਿਚੋਂ ਹੁੰਦੀ ਹੈ। ਉਸ ਦੀਆਂ ਮਨ ਹੀ ਮਨ ਚਲਦੀਆਂ ਸੋਚਾਂ ਵੀ ਉਸ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਦੀਆਂ ਹਨ। ਕਹਾਣੀ ਦਾ ਆਦਿ ਹੀ ਰਹੱਸ ਸਿਰਜਣਾ ਅਤੇ ਉਤਸੁਕਤਾ ਰਾਹੀਂ ਹੁੰਦਾ ਹੈ। ਇਸ ਰਹੱਸ ਨੂੰ ਲੰਮੇ ਸਮੇਂ ਤਕ ਲਮਕਾ ਕੇ ਉਤਸੁਕਤਾ ਬਣਾਈ ਗਈ ਹੈ। ਦੀਨਾ ਲੁਹਾਰ ਭੱਠੀ ਉੱਪਰ 'ਕੁਝ' ਬਣਾਉਣ ਵਿਚ ਰੁੱਝਿਆ ਹੋਇਆ ਹੈ। ਉਹ ਕੀ ਬਣਾ ਰਿਹਾ ਹੈ? ਇਹ ਸਵਾਲ ਹੀ ਰਹੱਸ ਸਿਰਜਦਾ ਹੈ। ਪਾਠਕ ਦੇ ਮਨ ਵਿਚ ਇਸ ਨੂੰ ਜਾਣਨ ਦੀ ਉਤਸੁਕਤਾ ਬਣੀ ਰਹਿੰਦੀ ਹੈ। ਕਹਾਣੀ ਵਿਚ ਭਾਸ਼ਾ ਦੀ ਉਚੇਚਤਾ ਨਾਲ ਵਰਤੋਂ ਕੀਤੀ ਗਈ ਹੈ। ਵਾਕਾਂ ਵਿਚ ਪ੍ਰਤੀਕਾਂ ਦੀ ਵਰਤੋਂ ਬੜੇ ਕਾਰਗਰ ਢੰਗ ਨਾਲ ਕੀਤੀ ਗਈ ਹੈ। ਅਜਿਹੀ ਵਾਕ ਸਿਰਜਣਾ ਬਿਰਤਾਂਤ ਨੂੰ ਕਾਵਿਕਤਾ ਵਾਲੀ ਰੰਗਤ ਦੇਣ ਵਿਚ ਸਹਾਈ ਹੁੰਦੀ ਹੈ। ਕਹਾਣੀ ਦੇ ਵਾਕਾਂ ਵਿਚ ਵਰਤਦੇ ਗਏ, 'ਪਾਣੀ ਚਾਂਦੀ ਦੀ ਡਲ੍ਹਕ ਮਾਰਦਾ', 'ਨਰਕ ਵਰਗੀ ਭੱਠੀ', 'ਚੰਨ ਦੀ ਚਾਨਣੀ ਵਿਚ ਝੂੰਮਦੇ ਕਮਾਦ' ਆਦਿ ਸ਼ਬਦ ਉਦਾਹਰਨ ਵਜੋਂ ਲਏ ਜਾ ਸਕਦੇ ਹਨ। ਕਹਾਣੀ ਦਾ ਸਮੁੱਚਾ ਵਾਤਾਵਰਨ ਸੰਕਟਮਈ ਤੇ ਦੁਖਾਂਤ ਸਿਰਜਦਾ ਹੈ। ਇਸ ਸੰਕਟਮਈ ਵਾਤਾਵਰਨ ਵਿਚ ਪਰੋਹਤਾਣੀ ਦੀਨੇ ਤੋਂ ਆਪਣੀ ਗਵਾਚੀ ਹੋਈ ਬੱਕਰੀ ਬਾਰੇ ਪੁੱਛਦੀ ਹੈ। ਦੀਨਾ ਅੱਗੋਂ ਮਨ ਹੀ ਮਨ ਸੋਚਦਾ ਹੈ ਕਿ 'ਇਹਨਾਂ ਦਿਨਾਂ ਵਿਚ ਜਦੋਂ ਫ਼ਸਾਦੀਆਂ ਦੀਆਂ ਧਾੜਾਂ ਨੇ ਹਥਿਆਏ ਮਵੈਸ਼ੀ ਲਵੇਰੀਆਂ ਸਮੇਤ ਰਿੰਨ੍ਹ ਪਕਾ ਰੜਕ ਛੱਡੇ ਸਨ, ਪਰੋਹਤਾਣੀ ਨੇ ਆਪਣੀ ਬੱਕਰੀ ਦੀ ਭਲੀ ਪੁੱਛੀ ਸੀ।' ਕਹਾਣੀ ਵਿਚਲਾ ਇਹ ਵੇਰਵਾ ਦਹਿਸ਼ਤ ਵਾਲੇ ਮਾਹੌਲ ਨਾਲ ਜੁੜ ਕੇ ਵਿਅੰਗ ਸਿਰਜਦਾ ਹੈ। ਇਸ ਵਿਅੰਗ ਦਾ ਪ੍ਰਭਾਵ ਜ਼ਰੂਰ ਕੌੜਾ ਹੈ।

### ਸਵੈ ਮੁਲਾਂਕਣ

1. 'ਛਵ੍ਹੀਆਂ ਦੀ ਰੁੱਤ' ਕਹਾਣੀ ਵਿਚਲਾ ਬਸ਼ੀਰਾ ਕੌਣ ਹੈ?

..........................................................................................................

..........................................................................................................

2. 'ਛਵ੍ਹੀਆਂ ਦੀ ਰੁੱਤ' ਕਹਾਣੀ ਵਿਚ ਠਾਕਰਦੁਆਰੇ ਵਾਲੀ ਪਰੋਹਤਾਣੀ ਨੂੰ ਕਿਉਂ ਮਾਰ ਦਿੱਤਾ ਜਾਂਦਾ ਹੈ?
   ...........................................................................................................
   ...........................................................................................................

### 1.4.4 ਸਿੱਟਾ

ਸੋ ਸੰਤੋਖ ਸਿੰਘ ਧੀਰ ਨੇ ਇਸ ਕਹਾਣੀ ਵਿਚ ਯਥਾਰਥਵਾਦੀ ਦ੍ਰਿਸ਼ਟੀ ਤੋਂ ਨਿਮਨ ਕਿਸਾਨੀ ਪਰਿਵਾਰ ਦੀ ਮਾੜੀ ਆਰਥਿਕ ਦਸ਼ਾ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਕਰੜੀ ਮਿਹਨਤ ਮਸ਼ੱਕਤ ਕਰਦੇ ਬੰਦੇ ਨੂੰ ਕਹਾਣੀ ਦੇ ਕੇਂਦਰ ਵਿਚ ਰੱਖਿਆ ਗਿਆ ਹੈ। ਹਾਲਾਂਕਿ ਇਸ ਕਰੜੀ ਮਿਹਨਤ ਦੇ ਬਾਵਜੂਦ ਵੀ ਉਸ ਦੀ ਮਾੜੀ ਆਰਥਿਕਤਾ ਵਿਚ ਕਿਸੇ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਆਉਂਦਾ। ਭਵਿੱਖ ਵਿਚ ਵੀ ਇਨ੍ਹਾਂ ਪ੍ਰਸਥਿਤੀਆਂ ਦੇ ਬਦਲਣ ਜਾਂ ਸੁਧਾਰ ਦੀ ਕੋਈ ਸੰਭਾਵਨਾ ਨਹੀਂ ਦਿਸਦੀ। ਇਸ ਕਹਾਣੀ ਵਿਚ ਛੋਟੀਆਂ-ਛੋਟੀਆਂ ਘਟਨਾਵਾਂ ਰਾਹੀਂ ਵੱਡੇ ਅਰਥਾਂ ਦਾ ਸੰਚਾਰ ਕੀਤਾ ਗਿਆ ਹੈ। ਕਹਾਣੀ ਵਿਚ ਦ੍ਰਿਸ਼ ਚਿਤਰਨ ਨੂੰ ਵਿਸ਼ੇਸ਼ ਤਵੱਜੋ ਦਿੱਤੀ ਗਈ ਹੈ।

ਮਹਿੰਦਰ ਸਿੰਘ ਸਰਨਾ ਦੀ ਕਹਾਣੀ 'ਛਵ੍ਹੀਆਂ ਦੀ ਰੁੱਤ' ਵੰਡ ਸਮੇਂ ਦੀ ਦਹਿਸ਼ਤਗਰਦੀ ਅਤੇ ਵਹਿਸ਼ੀਪੁਣੇ ਨੂੰ ਵੱਖਰੇ ਤੇ ਨਿਵੇਕਲੇ ਢੰਗ ਰਾਹੀਂ ਪੇਸ਼ ਕਰਦੀ ਹੈ। ਮਨੁੱਖ ਨੂੰ ਮਨੁੱਖ ਸਮਝਣ ਵਾਲੇ, ਮਨੁੱਖੀ ਕਦਰਾਂ-ਕੀਮਤਾਂ ਨੂੰ ਪਹਿਲ ਦੇਣ ਵਾਲੇ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਰੱਖਣ ਵਾਲਿਆਂ ਦੀ ਅਜਿਹੇ ਮਾਹੌਲ ਵਿਚ ਲਾਚਾਰੀ ਨੂੰ ਪੇਸ਼ ਕੀਤਾ ਗਿਆ ਹੈ। ਸੰਵੇਦਨਸ਼ੀਲ ਬੰਦਾ ਇਨ੍ਹਾਂ ਸੰਕਟ ਦੀਆਂ ਘੜੀਆਂ ਵਿਚ ਵਿਰੋਧ ਕਰਨਾ ਤਾਂ ਦੂਰ, ਆਪਣੀਆਂ ਭਾਵਨਾਵਾਂ ਨੂੰ ਪੇਸ਼ ਕਰਨ ਤਕ ਦੀ ਹਿੰਮਤ ਵੀ ਨਹੀਂ ਜਟਾ ਪਾਉਂਦਾ। ਇਹ ਵਰਤਾਰੇ ਉਸ ਨੂੰ ਮਾਨਸਿਕ ਪੱਧਰ ਉੱਪਰ ਦੁਖੀ ਕਰਦੇ ਹਨ।

### 1.4.5 ਅਭਿਆਸ ਲਈ ਪ੍ਰਸ਼ਨ

### ਛੋਟੇ ਪ੍ਰਸ਼ਨ

1. 'ਸਵੇਰ ਹੋਣ ਤਕ' ਕਹਾਣੀ ਦੇ ਪਾਤਰ ਚੰਨਣ ਦੀ ਆਰਥਿਕ ਸਥਿਤੀ ਕਿਹੋ ਜਿਹੀ ਹੈ?
2. 'ਸਵੇਰ ਹੋਣ ਤਕ' ਕਹਾਣੀ ਦੇ ਮੁੱਖ ਵਿਸ਼ੇ ਬਾਰੇ ਸੰਖੇਪ ਨੋਟ ਲਿਖੋ।
3. 'ਛਵ੍ਹੀਆਂ ਦੀ ਰੁੱਤ' ਕਹਾਣੀ ਵਿਚਲੇ ਦੀਨੇ ਪਾਤਰ ਦਾ ਪੇਸ਼ਾ/ਕਿੱਤਾ ਕੀ ਹੈ?
4. 'ਛਵ੍ਹੀਆਂ ਦੀ ਰੁੱਤ' ਕਹਾਣੀ ਦੇ ਲੇਖਕ ਨਾਲ ਸੰਖੇਪ ਜਾਣ-ਪਛਾਣ ਕਰਾਓ।

### ਵੱਡੇ ਪ੍ਰਸ਼ਨ

1. 'ਸਵੇਰ ਹੋਣ ਤਕ' ਕਹਾਣੀ ਦਾ ਸਾਰ ਲਿਖੋ।
2. 'ਸਵੇਰ ਹੋਣ ਤਕ' ਕਹਾਣੀ ਦੀ ਆਲੋਚਨਾਤਮਕ ਪਰਖ ਕਰੋ।
3. 'ਛਵ੍ਹੀਆਂ ਦੀ ਰੁੱਤ' ਕਹਾਣੀ ਦੀ ਮੁੱਖ ਸਮੱਸਿਆ ਬਾਰੇ ਵਿਸਥਾਰ ਨਾਲ ਚਰਚਾ ਕਰੋ।
4. 'ਛਵ੍ਹੀਆਂ ਦੀ ਰੁੱਤ' ਕਹਾਣੀ ਦਾ ਵਿਸ਼ਾ-ਵਸਤੂ ਪੇਸ਼ ਕਰੋ।

### 1.4.6 ਪੁਸਤਕ ਸੂਚੀ


1. ਹਰਿਭਜਨ ਸਿੰਘ (ਸੰਪਾ.), *ਕਥਾ ਪੰਜਾਬ*, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2023

2. ਜੁਗਿੰਦਰ ਸਿੰਘ ਰਾਹੀ, *ਮਸਲੇ ਗਲਪ ਦੇ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999

3. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ*, ਆਰਸੀ ਪਬਲਿਸ਼ਰਜ਼, ਦਿੱਲੀ, 2003

4. ਬਲਦੇਵ ਸਿੰਘ ਧਾਲੀਵਾਲ, *ਪੰਜਾਬੀ ਕਹਾਣੀ ਦਾ ਇਤਿਹਾਸ*, ਪੰਜਾਬੀ ਸਾਹਿਤ ਅਕੈਡਮੀ, ਦਿੱਲੀ, 2006

ਪਾਠ ਨੰਬਰ: 1.5 **ਲੇਖਕ :** ਡਾ. ਗੁਰਮੀਤ ਸਿੰਘ

## 'ਭਾਗਾਂ ਦੀ ਡੋਰ' ਅਤੇ 'ਮੋਤੀ' ਕਹਾਣੀ ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ-ਪਰਖ

**1.5.1 ਪਾਠ ਦਾ ਉਦੇਸ਼**

**1.5.2 ਭੂਮਿਕਾ**

**1.5.3 ਪਾਠ ਦੀ ਰੂਪ ਰੇਖਾ**

**1.5.3.1 'ਭਾਗਾਂ ਦੀ ਡੋਰ' - ਨਵਤੇਜ ਸਿੰਘ**

**1.5.3.1.1 ਕਹਾਣੀਕਾਰ ਨਵਤੇਜ ਸਿੰਘ ਨਾਲ ਜਾਣ-ਪਛਾਣ**

**1.5.3.1.2 'ਭਾਗਾਂ ਦੀ ਡੋਰ' ਕਹਾਣੀ ਦਾ ਸਾਰ/ਵਿਸ਼ਾ-ਵਸਤੂ**

**1.5.3.1.3 'ਭਾਗਾਂ ਦੀ ਡੋਰ' ਕਹਾਣੀ ਦੀ ਆਲੋਚਨਾਤਮਕ-ਪਰਖ**

**1.5.3.2 'ਮੋਤੀ' - ਮਹਿੰਦਰ ਸਿੰਘ ਜੋਸ਼ੀ**

**1.5.3.2.1 ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਨਾਲ ਜਾਣ-ਪਛਾਣ**

**1.5.3.2.2 'ਮੋਤੀ' ਕਹਾਣੀ ਦਾ ਸਾਰ/ਵਿਸ਼ਾ-ਵਸਤੂ**

**1.5.3.2.3 'ਮੋਤੀ' ਕਹਾਣੀ ਦੀ ਆਲੋਚਨਾਤਮਕ-ਪਰਖ**

**1.5.4 ਸਿੱਟਾ**

**1.5.5 ਅਭਿਆਸ ਲਈ ਪ੍ਰਸ਼ਨ**

**1.5.6 ਪੁਸਤਕ ਸੂਚੀ**

### 1.5.1 ਪਾਠ ਦਾ ਉਦੇਸ਼

'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿਚ ਇੱਕੀ ਕਹਾਣੀਆਂ ਸ਼ਾਮਲ ਹਨ। ਇਸ ਪਾਠ ਦਾ ਉਦੇਸ਼ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਨਵਤੇਜ ਸਿੰਘ ਦੀ ਕਹਾਣੀ 'ਭਾਗਾਂ ਦੀ ਡੋਰ' ਅਤੇ ਮਹਿੰਦਰ ਸਿੰਘ ਜੋਸ਼ੀ ਦੀ ਕਹਾਣੀ 'ਮੋਤੀ' ਦਾ ਅਧਿਐਨ ਪੇਸ਼ ਕਰਨਾ ਹੈ। ਇਸ ਪਾਠ ਵਿਚ ਕਹਾਣੀਕਾਰ ਨਵਤੇਜ ਸਿੰਘ ਅਤੇ ਮਹਿੰਦਰ ਸਿੰਘ ਜੋਸ਼ੀ ਦੇ ਜੀਵਨ ਨਾਲ ਜਾਣ-ਪਛਾਣ ਕਰਵਾਈ ਜਾਵੇਗੀ ਅਤੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਵੇਰਵਾ ਵੀ ਸਾਂਝਾ ਕੀਤਾ ਜਾਵੇਗਾ। ਇਸ ਉਪਰੰਤ ਦੋਨੋਂ ਲੇਖਕਾਂ ਦੀਆਂ ਕਹਾਣੀਆਂ ਕ੍ਰਮਵਾਰ 'ਭਾਗਾਂ ਦੀ ਡੋਰ' ਅਤੇ ਮੋਤੀ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ ਪਰਖ ਪੇਸ਼ ਕੀਤੀ ਜਾਵੇਗੀ।

### 1.5.2 ਭੂਮਿਕਾ

ਪਿਆਰੇ ਵਿਦਿਆਰਥੀਓ! 'ਕਥਾ ਪੰਜਾਬ' ਪੁਸਤਕ ਤੁਹਾਡੇ ਬੀ. ਏ. ਭਾਗ ਪਹਿਲਾ ਦੇ ਸਮੈਸਟਰ ਪਹਿਲਾ ਵਿਚ ਸ਼ਾਮਲ ਹੈ। ਇਹ ਪੁਸਤਕ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਨੂੰ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ 21 ਕਹਾਣੀਕਾਰਾਂ ਦੀਆਂ 21 ਕਹਾਣੀਆਂ ਸ਼ਾਮਲ ਹਨ। ਭਾਵ ਕਿ ਹਰ ਕਹਾਣੀਕਾਰ ਦੀ ਇਕ-ਇਕ ਕਹਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਨੂੰ 'ਨੈਸ਼ਨਲ ਬੁੱਕ ਟਰੱਸਟ, ਇੰਡੀਆ' ਨੇ ਪਹਿਲੀ ਵਾਰ 1970 ਵਿਚ ਪ੍ਰਕਾਸ਼ਿਤ ਕੀਤਾ।

### 1.5.3 ਪਾਠ ਦੀ ਰੂਪ ਰੇਖਾ

### 1.5.3.1. 'ਭਾਗਾਂ ਦੀ ਡੋਰ' - ਨਵਤੇਜ ਸਿੰਘ

### 1.5.3.1.1 ਕਹਾਣੀਕਾਰ ਨਵਤੇਜ ਸਿੰਘ ਨਾਲ ਜਾਣ-ਪਛਾਣ

ਨਵਤੇਜ ਸਿੰਘ ਦਾ ਜਨਮ 8 ਜਨਵਰੀ, 1924 ਨੂੰ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਸੀ। ਨਵਤੇਜ ਸਿੰਘ ਨੇ ਮਨੋਵਿਗਿਆਨ ਦੀ ਐੱਮ. ਏ. 1945 ਵਿਚ ਐਫ. ਸੀ. ਕਾਲਜ ਲਾਹੌਰ ਤੋਂ ਪਾਸ ਕੀਤੀ। ਉਸ ਦੇ ਪਿਤਾ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੁਆਰਾ 1933 ਵਿਚ ਪੰਜਾਬੀ ਭਾਸ਼ਾ ਵਿਚ 'ਪ੍ਰੀਤਲੜੀ' ਨਾਮ ਦਾ ਰਸਾਲਾ ਕੱਢਣਾ ਸ਼ੁਰੂ ਕੀਤਾ ਗਿਆ। ਇਸ ਰਸਾਲੇ ਦਾ ਉਹ ਅੱਗੇ ਚੱਲ ਕੇ ਸਹਿ-ਸੰਪਾਦਕ ਬਣਿਆ ਅਤੇ ਪਿਤਾ ਦੀ ਮੌਤ ਤੋਂ ਬਾਅਦ ਉਸ ਨੇ ਸੰਪਾਦਕ ਵਜੋਂ ਜ਼ਿੰਮੇਵਾਰੀ ਸੰਭਾਲੀ। ਕਿੱਤੇ ਵਜੋਂ ਉਸ ਨੇ ਪੱਤਰਕਾਰੀ ਨੂੰ ਚੁਣਿਆ। ਉਸ ਨੂੰ ਸਾਹਿਤਕਾਰ ਵਜੋਂ ਪ੍ਰਸਿੱਧੀ ਪ੍ਰਾਪਤ ਹੋਈ। ਉਸ ਨੇ ਆਪਣੀਆਂ ਕਹਾਣੀਆਂ ਰਾਹੀਂ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਉਸ ਨੇ 'ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ', 'ਚਾਨਣ ਦੇ ਬੀਜ' ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

ਨਵਤੇਜ ਸਿੰਘ ਦੇ ਕਮਿਊਨਿਸਟ ਲਹਿਰ ਨਾਲ ਨਜ਼ਦੀਕੀ ਸੰਬੰਧਾਂ ਕਾਰਨ ਇਸ ਵਿਚਾਰਧਾਰਾ ਦਾ ਪ੍ਰਭਾਵ ਉਸ ਦੁਆਰਾ ਰਚੀਆਂ ਕਹਾਣੀਆਂ ਵੀ ਕਬੂਲਦੀਆਂ ਹਨ। ਇਹੀ ਕਾਰਨ ਹੈ ਕਿ ਉਹ ਜ਼ਿੰਦਗੀ ਵਿਚਲੇ ਤਲਖ਼ ਯਥਾਰਥ ਨੂੰ ਪੇਸ਼ ਕਰਨ ਨੂੰ ਤਰਜੀਹ ਦਿੰਦਾ ਹੈ। ਡਾ. ਹਰਿਭਜਨ ਸਿੰਘ 'ਕਥਾ ਪੰਜਾਬ' ਪੁਸਤਕ ਦੀ ਅੰਤਿਕਾ ਵਿਚ ਲਿਖਦਾ ਹੈ ਕਿ 'ਨਵਤੇਜ ਕਹਾਣੀਆਂ ਵਿਚ ਪੇਂਡੂ ਸਮੱਸਿਆਵਾਂ ਸ਼ਹਿਰੀ ਸੂਖਮਤਾ ਨਾਲ ਪੇਸ਼ ਹੁੰਦੀਆਂ ਹਨ। ਸਿੱਟੇ ਵਜੋਂ ਉਸ ਦੀ ਕਹਾਣੀ ਦਾ ਪ੍ਰਭਾਵ ਕਿਸੇ ਨਿਸਚਿਤ ਬਿੰਦੂ ਵਿਚ ਕੇਂਦਰਿਤ ਨਾ ਹੋ ਕੇ ਕਹਾਣੀ ਦੇ ਸਮੁੱਚੇ ਵਾਤਾਵਰਨ ਵਿਚ ਖਿੰਡਰਿਆ ਰਹਿੰਦਾ ਹੈ, ਕਹਾਣੀ ਦਾ ਪ੍ਰਭਾਵ ਕਵਿਤਾ ਵਰਗਾ ਹੁੰਦਾ ਹੈ।'

### 1.5.3.1.2 'ਭਾਗਾਂ ਦੀ ਡੋਰ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਭਾਗਾਂ ਦੀ ਡੋਰ' ਕਹਾਣੀ ਨਵਤੇਜ ਸਿੰਘ ਦੀਆਂ ਬਹੁ-ਚਰਚਿਤ ਕਹਾਣੀਆਂ ਵਿਚੋਂ ਇਕ ਹੈ। ਇਸ ਕਹਾਣੀ ਦਾ ਮੁੱਖ ਵਿਸ਼ਾ ਮਨੁੱਖ ਦੁਆਰਾ ਕੀਤੇ ਜਾਂਦੇ ਵਹਿਮ-ਭਰਮ ਨੂੰ ਬਣਾਇਆ ਗਿਆ ਹੈ। ਪਿੰਡ ਵਾਲਿਆਂ ਦਾ ਸਮੂਹਿਕ ਪੱਧਰ 'ਤੇ ਵਹਿਮਾਂ-ਭਰਮਾਂ ਵਿਚ ਪੈਣਾ ਅਤੇ ਇਸ ਵਿਚ ਅਤਿ ਦਾ ਵਿਸ਼ਵਾਸ ਦਿਖਾਉਣਾ ਕਹਾਣੀ ਦੀ ਕੇਂਦਰੀ ਸਮੱਸਿਆ ਬਣਦੇ ਹਨ। ਵਹਿਮ ਨੂੰ ਦ੍ਰਿੜਾਉਣ ਵਿਚ ਮਨੁੱਖ ਦਾ ਚੇਤਨ ਤੇ ਅਵਚੇਤਨ ਦੋਨੋਂ ਕਾਰਜਸ਼ੀਲ ਭੂਮਿਕਾ ਨਿਭਾਉਂਦੇ ਹਨ। ਚੇਤੇ ਸ਼ਾਹ ਦਾ ਬਿਰਤਾਂਤ ਸੰਕੇਤਮਈ ਢੰਗ ਰਾਹੀਂ ਲੋਟੂ ਧਿਰ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਈ ਹੁੰਦਾ ਹੈ।

ਕਹਾਣੀ ਦੇ ਬਿਰਤਾਂਤ ਦਾ ਆਰੰਭ ਪਿੰਡ ਵਿਚ ਫੈਲੇ ਸਹਿਮ ਦੇ ਮਾਹੌਲ ਨਾਲ ਹੁੰਦਾ ਹੈ। ਸਹਿਮ ਦੇ ਮਾਹੌਲ ਦਾ ਕਾਰਨ ਬਿਮਾਰੀ ਨਾਲ ਹਰ ਰੋਜ਼ ਪਿੰਡ ਵਿਚ ਪਸ਼ੂਆਂ/ਡੰਗਰਾਂ ਦੀ ਹੋ ਰਹੀ ਮੌਤ ਹੈ। ਇਸ ਸਾਰੇ ਮਾਹੌਲ ਵਿਚ ਤੇਜੂ ਸਭ ਤੋਂ ਵੱਧ ਚਿੰਤਾ ਵਿਚ ਹੈ ਕਿਉਂਕਿ ਉਸ ਦੀ ਡਾਵਾਂ-ਡੋਲ ਆਰਥਿਕਤਾ ਦਾ ਇਕੋ ਇਕ ਸਾਧਨ ਉਸ ਦੀ ਝੋਟੀ ਬਿੱਲੋ ਹੈ। ਉਸ ਦੇ ਘਰ ਦਾ ਗੁਜ਼ਾਰਾ ਝੋਟੀ ਦੇ ਲਵੇਰੇ ਨਾਲ ਹੀ ਚਲਦਾ ਹੈ। ਜਦੋਂ ਹੁਣ ਪਿੰਡ ਵਿਚ ਡੰਗਰਾਂ ਦੀ ਅਜਿਹੀ ਬਿਮਾਰੀ ਫੈਲ ਚੁੱਕੀ ਹੈ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ ਤਾਂ ਇਹ ਸਥਿਤੀ ਤੇਜੂ ਲਈ ਵੱਡਾ ਸੰਕਟ ਬਣਦੀ ਹੈ।

ਇਸ ਬਿਮਾਰੀ 'ਤੇ ਕਾਬੂ ਪਾਉਣ ਲਈ ਕੁਝ ਪਿੰਡ ਵਾਲੇ ਪਰਤਾਪੀ ਸਾਧ ਦੀ ਬਜਾਏ ਡਾਕਟਰੀ ਇਲਾਜ ਕਰਵਾਉਣ ਦੀ ਗੱਲ ਕਰਦੇ ਹਨ। ਬਜ਼ੁਰਗਾਂ ਅਤੇ ਬਹੁ-ਗਿਣਤੀ ਪਿੰਡ ਵਾਲਿਆਂ ਵੱਲੋਂ ਦਰਖ਼ਾਸਤਾਂ 'ਤੇ ਲੱਗਣ ਵਾਲੇ ਸਮੇਂ, ਸਾਰੇ ਪਿੰਡ ਦੀ ਸਹਿਮਤੀ ਲਈ ਦਸਖ਼ਤ, ਸਰਕਾਰੀ ਦਫ਼ਤਰਾਂ ਦੇ ਲੱਗਣ ਵਾਲੇ ਚੱਕਰ, ਡੰਗਰ-ਡਾਕਟਰ ਵੱਲੋਂ ਦਵਾਈ ਖ਼ਤਮ ਕਹਿ ਦਿੱਤੇ ਜਾਣ ਦਾ ਖ਼ਦਸ਼ਾ ਆਦਿ ਦਾ ਹਵਾਲਾ ਦੇ ਕੇ ਡਾਕਟਰੀ ਇਲਾਜ ਕਰਵਾਉਣ ਤੋਂ ਪਾਸਾ ਵੱਟ ਲਿਆ ਜਾਂਦਾ ਹੈ। ਅੰਤ ਪਰਤਾਪੀ ਸਾਧ ਦੀ ਸ਼ਰਨ ਵਿਚ ਜਾਣ ਅਤੇ ਉਸ ਰਾਹੀਂ ਡੰਗਰਾਂ ਦਾ ਉਪਾਅ ਕਰਵਾਉਣ ਲਈ ਸਹਿਮਤੀ ਬਣਦੀ ਹੈ।

ਪਰਤਾਪੀ ਸਾਧ ਡੇਰੇ ਤੋਂ ਬਾਹਰ ਗਿਆ ਹੋਣ ਕਾਰਨ ਉਸ ਦਾ ਚੇਲਾ ਪਿੰਡ ਵਾਲਿਆਂ ਨਾਲ ਆ ਜਾਂਦਾ ਹੈ। ਸਾਧ ਦਾ ਚੇਲਾ ਚੇਤੇ ਸ਼ਾਹ ਦੀ ਹੱਟੀ ਤੋਂ ਲੋੜੀਂਦਾ ਸਮਾਨ ਲੈ ਕੇ ਡੰਗਰਾਂ ਦਾ ਉਪਾਅ ਕਰਨ ਲਈ ਰਾਤ ਭਰ ਹਵਨ ਕਰਦਾ ਹੈ। ਪਿੰਡ ਵਾਲਿਆਂ 'ਤੇ ਇਹ ਕਾਰਜ ਪੂਰਾ ਹੋਣ ਤਕ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿੱਤੀਆਂ ਜਾਂਦੀ ਹਨ। ਜਿਵੇਂ ਕਿ:

> ਰਾਤੀਂ ਦਸ ਵਜੇ ਤੋਂ ਲੈ ਕੇ ਸਵੇਰੇ ਜਦੋਂ ਤਕ ਸਾਰੇ ਪਿੰਡ ਦੇ ਡੰਗਰ ਨਹੀਂ ਲੰਘ ਜਾਂਦੇ ਓਦੋਂ ਤਕ ਕੋਈ ਦੀਵੇ ਵਟੀ ਨਾ ਲਾਏ, ਨਾ ਹੀ ਅੱਗ ਬਾਲੇ, ਨਾ ਖੂਹੀ 'ਚੋਂ ਪਾਣੀ ਕੱਢੇ, ਨਾ ਹੀ ਨਲਕਾ ਗੇੜੇ, ਨਾ ਗਾਂ ਮਝ ਚੋਵੇ। ਪਿੰਡੋਂ ਬਾਹਰ ਕੋਈ ਨਾ ਜਾਏ, ਨਾ ਹੀ ਅੰਦਰ ਆਏ।

ਇਸ ਤਰ੍ਹਾਂ ਇਕ ਵਹਿਮ ਅੱਗੋਂ ਕਈ ਤਰ੍ਹਾਂ ਦੇ ਹੋਰ ਵਹਿਮਾਂ ਨੂੰ ਜਨਮ ਦਿੰਦਾ ਹੈ। ਪੰਜ ਜਥੇ ਬਣਾ ਕੇ ਪਿੰਡ ਦੇ ਕੁਝ ਬੰਦਿਆਂ 'ਤੇ ਖ਼ਾਸ ਨਜ਼ਰ ਰੱਖੀ ਜਾਂਦੀ ਹੈ ਤਾਂ ਜੋ ਉਹ ਡੰਗਰਾਂ ਦਾ ਉਪਾਅ ਪੂਰਾ ਹੋਣ ਤਕ ਕਿਸੇ ਤਰ੍ਹਾਂ ਵਿਘਨ ਪਾਉਣ ਵਾਲਾ ਕੰਮ ਨਾ ਕਰ ਸਕਣ।

ਅਗਲੇ ਦਿਨ ਸਵੇਰੇ ਹਵਨ ਤੇ ਪਾਠ ਮੁਕੰਮਲ ਹੋਇਆ। ਸਾਧ ਦੁਆਰਾ ਨਿਸਚਿਤ ਕੀਤੇ ਗਏ ਸਥਾਨ ਤੋਂ ਪਿੰਡ ਦੇ ਸਾਰੇ ਡੰਗਰ ਲੰਘਾਏ ਗਏ। ਕਾਰਜ ਪੂਰਾ ਹੋਣ ਤੋਂ ਬਾਅਦ ਸਾਧ ਚੇਤੇ ਸ਼ਾਹ ਤੋਂ ਹਵਨ ਲਈ ਲਏ ਗਏ ਸਾਮਾਨ ਬਦਲੇ ਪਿੰਡ ਵਿਚੋਂ ਇਕੱਠੀ ਹੋਈ ਕਣਕ ਦਾ ਕੁਝ ਹਿੱਸਾ ਦੇ ਕੇ ਚਲਾ ਗਿਆ। ਪਿੰਡ ਦੇ ਡੰਗਰਾਂ ਉੱਪਰ ਆਈ ਇਹ ਸਾੜ ਸਤੀ ਸਾਧ ਦੁਆਰਾ ਉਪਾਅ ਕਰਨ ਦੇ ਬਾਵਜੂਦ ਵੀ ਨਹੀਂ ਜਾਂਦੀ। ਡੰਗਰ ਮਰਨੇ ਬੰਦ ਨਹੀਂ ਹੁੰਦੇ ਅਤੇ ਤੇਜੂ ਦੀ ਝੋਟੀ ਵੀ ਮਰ ਜਾਂਦੀ ਹੈ। ਪਿੰਡ ਵਾਲਿਆਂ ਵੱਲੋਂ ਡੰਗਰ ਮਰਨ ਦੇ ਕਾਰਨ ਲੱਭੇ ਜਾਂਦੇ ਹਨ। ਜਿਸ ਵਿਚ ਹਵਨ ਦੀ ਰਾਤ ਲਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾ ਕਰਨ ਵਾਲਿਆਂ ਦੀ ਪਛਾਣ ਕੀਤੀ ਗਈ ਤੇ ਉਨ੍ਹਾਂ ਨੂੰ ਬਣਦੇ ਦੰਡ ਵੀ ਲਾਏ ਗਏ। ਕਈਆਂ ਨੇ ਹਵਨ ਕਰਨ ਆਏ ਚੇਲੇ ਦੇ ਪਰਤਾਪੀ ਸਾਧ ਜਿੰਨਾ ਕਰਨੀ ਵਾਲਾ ਨਾ ਹੋਣ ਬਾਰੇ ਗੱਲਾਂ ਕੀਤੀਆਂ। ਕਈਆਂ ਨੇ ਟੀਕਿਆਂ ਰਾਹੀਂ ਡਾਕਟਰੀ ਇਲਾਜ ਦੀਆਂ ਗੱਲਾਂ ਵੀ ਕੀਤੀਆਂ ਪਰ ਸਰਪੰਚ ਦੀ ਸਲਾਹ ਮੰਨ ਕੇ ਪਿੰਡ ਵਾਲੇ ਇਸ ਵਾਰ ਪਰਤਾਪੀ ਸਾਧ ਨੂੰ ਲੈਣ ਲਈ ਡੇਰੇ ਵੱਲ

ਤੁਰ ਪੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਵਹਿਮ ਉੱਪਰ ਕਿਸੇ ਤਰ੍ਹਾਂ ਦੀ ਕੋਈ ਆਂਚ ਤਕ ਨਹੀਂ ਆਉਂਦੀ। ਇਹ ਸਮੁੱਚੀ ਸਥਿਤੀ ਉਨ੍ਹਾਂ ਦੀ ਨਾ ਸਮਝੀ ਅਤੇ ਅਗਿਆਨਤਾ ਉੱਪਰ ਟੇਢੇ ਢੰਗ ਨਾਲ ਵਿਅੰਗ ਕਰਦੀ ਹੈ।

ਤੇਜੂ ਦੀ ਡਾਵਾਂ-ਡੋਲ ਆਰਥਿਕਤਾ ਦਾ ਇਕੋ ਇਕ ਆਸਰਾ ਉਸ ਦੀ ਝੋਟੀ ਬਿੱਲੋ ਹੈ। ਘਰ ਦਾ ਗੁਜ਼ਾਰਾ ਅਤੇ ਹੋਰ ਖ਼ਰਚੇ ਤੇਜੂ ਝੋਟੀ ਦੇ ਲਵੇਰੇ ਰਾਹੀਂ ਹੀ ਪੂਰੇ ਕਰਦਾ ਹੈ। ਕਹਾਣੀ ਵਿਚ ਤੇਜੂ ਦੀ ਝੋਟੀ ਦੀ ਮੌਤ ਵਾਲੀ ਘਟਨਾ ਕਹਾਣੀ ਦਾ ਸਿਖਰ ਵੀ ਹੈ ਅਤੇ ਕਹਾਣੀ ਵਿਚ ਅਤਿ ਦਾ ਦੁਖਾਂਤ ਵੀ ਸਿਰਜਦੀ ਹੈ। ਪਿੰਡ ਵਾਲਿਆਂ ਅਤੇ ਤੇਜੂ ਦਾ ਵਹਿਮਾਂ-ਭਰਮਾਂ ਵਿਚ ਪੈ ਕੇ ਡਾਕਟਰ ਦੀ ਬਜਾਏ ਸਾਧਾਂ ਦੇ ਮਗਰ ਲੱਗਣਾ ਉਨ੍ਹਾਂ ਦੀ ਤਰਸਯੋਗ ਹਾਲਤ ਦਾ ਕਾਰਨ ਬਣਦਾ ਹੈ। ਸਰਕਾਰੀ ਕੰਮਾਂ ਵਿਚ ਹੁੰਦੀ ਦੇਰੀ ਅਤੇ ਖੱਜਲ-ਖ਼ੁਆਰੀ ਬਾਰੇ ਸੋਚ ਕੇ ਉਹ ਸੋਖੇ ਰਸਤੇ ਨੂੰ ਚੁਣਦੇ ਹਨ। ਸੋ ਸਰਕਾਰੀ ਨੀਤੀਆਂ ਵੀ ਇਨ੍ਹਾਂ ਪ੍ਰਸਥਿਤੀਆਂ ਨੂੰ ਸਿਰਜਣ ਵਿਚ ਰੋਲ ਅਦਾ ਕਰਦੀਆਂ ਹਨ। ਇਸ ਸੰਬੰਧੀ ਕਹਾਣੀ ਵਿਚ ਪਾਤਰਾਂ ਦੀ ਵਾਰਤਾਲਾਪ ਹੈ ਕਿ:

> "ਸਰਕਾਰੀ ਕੰਮਾਂ ਦੀ ਸੁਸਰੀ-ਚਾਲ ਦਾ ਤਾਂ ਪਤਾ ਈ ਏ ਤੁਹਾਨੂੰ।"...
>
> "ਕਿੰਨੇ ਦਿਨ ਦਰਖ਼ਾਸਤ ਦਫ਼ਤਰਾਂ ਵਿਚ ਚੱਕਰ ਕੱਟੇਗੀ, ਤੇ ਪਿਛੋਂ ਭਾਵੇਂ ਪਰ ਸਾਲ ਵਾਂਗ ਡੰਗਰ-ਡਾਕਟਰ ਸਿਰ ਹਿਲਾ ਦਏ, 'ਟੀਕਿਆਂ ਦੀ ਦਵਾਈ ਹੈ ਨਹੀਂ'।"

ਚੇਤੇ ਸ਼ਾਹ ਵਰਗੇ ਇੱਥੇ ਲੋਟੂ ਧਿਰ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਇਸ ਸੰਕਟ ਵਿਚ ਵੀ ਆਪਣੇ ਮੁਨਾਫ਼ੇ ਨੂੰ ਮੁੱਖ ਰੱਖਦੇ ਹਨ। ਤੇਜੂ ਨੇ ਚੇਤੇ ਸ਼ਾਹ ਦਾ ਕਰਜ਼ਾ ਦੇਣਾ ਹੈ। ਇਸ ਬਦਲੇ ਚੇਤੇ ਸ਼ਾਹ ਚਾਹੁੰਦਾ ਹੈ ਕਿ ਉਹ ਆਪਣੀ ਲਵੇਰੀ ਝੋਟੀ ਬਿੱਲੋ ਉਸ ਨੂੰ ਦੇ ਦਵੇ ਚਾਹੇ ਸਾਰੇ ਕਰਜ਼ੇ 'ਤੇ ਲਕੀਰ ਮਰਵਾ ਲਵੇ। ਇਸੇ ਤਰ੍ਹਾਂ ਪਿੰਡ ਵਿਚ ਫੈਲੀ ਡੰਗਰਾਂ ਦੀ ਬਿਮਾਰੀ ਦਾ ਉਪਾਅ ਕਰਨ ਆਏ ਸਾਧ ਦੇ ਚੇਲੇ ਨੂੰ ਹਵਨ ਲਈ ਸਮਗਰੀ ਦਾ ਸਮਾਨ ਉਧਾਰ ਇਸੇ ਲਈ ਦਿੰਦਾ ਹੈ ਕਿਉਂਕਿ ਹਵਨ ਤੋਂ ਬਾਅਦ ਪਿੰਡ ਵਾਲਿਆਂ ਨੇ ਸਾਧ ਨੂੰ ਕਣਕ ਦੇਣੀ ਹੈ। ਜਿਸ ਦਾ ਕੁਝ ਹਿੱਸਾ ਸਾਧ ਨੇ ਉਸ ਨੂੰ ਦੇ ਜਾਣਾ ਹੈ। ਇਸ ਤਰ੍ਹਾਂ ਉਹ ਹਮੇਸ਼ਾ ਆਪਣੇ ਮੁਨਾਫ਼ੇ ਬਾਰੇ ਸੋਚ ਕੇ ਹੀ ਕਾਰਜ ਕਰਦਾ ਹੈ।

### 1.5.3.1.3 'ਭਾਗਾਂ ਦੀ ਡੋਰ' ਕਹਾਣੀ ਦੀ ਆਲੋਚਨਾਤਮਕ-ਪਰਖ

'ਭਾਗਾਂ ਦੀ ਡੋਰ' ਕਹਾਣੀ ਦਾ ਵਕਤਾ ਅਨਯ-ਪੁਰਖੀ ਵਜੋਂ ਬਿਰਤਾਂਤ ਦੀ ਪੇਸ਼ਕਾਰੀ ਕਰ ਰਿਹਾ ਹੈ। ਇਸ ਕਹਾਣੀ ਦਾ ਘਟਨਾ ਸਥਲ ਪੇਂਡੂ ਧਰਾਤਲ ਹੈ। ਕਹਾਣੀ ਵਿਚ ਇਕ ਘਟਨਾ ਤੇਜੂ ਦੇ ਨਿੱਜੀ ਜੀਵਨ ਨਾਲ ਸੰਬੰਧਿਤ ਹੈ ਅਤੇ ਦੂਜੀ ਘਟਨਾ ਪਿੰਡ ਪੱਧਰ ਉੱਪਰ ਫੈਲੀ ਹੋਈ ਹੈ। ਇਹ ਦੋਨੋਂ ਘਟਨਾਵਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਪਿੰਡ ਦੁਆਰਾ ਸਮੂਹਿਕ ਪੱਧਰ ਉੱਪਰ ਵਹਿਮ ਵੱਸ ਲਏ ਗਏ ਫ਼ੈਸਲੇ ਦਾ ਸ਼ਿਕਾਰ ਸਮੁੱਚਾ ਪਿੰਡ ਵੀ ਹੁੰਦਾ ਹੈ ਪਰ ਉਸ ਫ਼ੈਸਲੇ ਦੇ ਵਿਅਕਤੀਗਤ ਪ੍ਰਭਾਵ ਨੂੰ ਤੇਜੂ ਰਾਹੀਂ ਪੇਸ਼ ਕੀਤਾ ਗਿਆ ਹੈ। ਘਟਨਾਵਾਂ ਦੀ ਵਿਉਂਤ ਵਾਪਰਨ ਕ੍ਰਮ ਅਤੇ ਪੇਸ਼ ਕ੍ਰਮ ਪੱਖੋਂ ਬਹੁਤ ਘੱਟ ਪ੍ਰਭਾਵਿਤ ਹੋਈ ਹੈ। ਬਿਰਤਾਂਤ ਵਿਚ ਲੋੜ ਅਨੁਸਾਰ ਪਿੱਛਲਝਾਤ ਜੁਗਤ ਦੀ ਵਰਤੋਂ ਬਹੁਤ ਸੰਖੇਪ ਬਿਆਨ ਰਾਹੀਂ ਕੀਤੀ ਗਈ ਹੈ। ਮਿਸਾਲ ਵਜੋਂ ਪਰਤਾਪੀ ਸਾਧ ਦੇ ਜਤੀ-ਸਤੀ ਤੇ ਕਰਨੀ ਵਾਲਾ ਹੋਣ ਦਾ ਬਿਆਨ ਅਤੇ ਤੇਜੂ ਦੁਆਰਾ ਆਪਣੀ ਝੋਟੀ ਬਿੱਲੋ ਨੂੰ ਲਾਡਾਂ ਨਾਲ ਪਾਲਣ ਦਾ ਜ਼ਿਕਰ ਕਰਦੇ ਹੋਏ ਉਸ ਨਾਲ ਮੋਹ ਨੂੰ ਬੜੇ ਸੰਖੇਪ ਵਿਚ ਬਿਆਨ ਕੀਤਾ ਗਿਆ ਹੈ। ਤੇਜੂ ਦੇ ਆਪਣੀ ਝੋਟੀ ਨਾਲ ਮੋਹ ਵਾਲੀ ਘਟਨਾ ਅਤੇ ਕਹਾਣੀ ਦੇ ਅੰਤ ਵਿਚ ਝੋਟੀ ਦੀ ਮੌਤ ਵਾਲੀ ਘਟਨਾ, ਦੁਖਾਂਤ ਨੂੰ ਸਿਰਜਣ ਤੇ ਤੀਖਣ ਕਰਨ ਵਿਚ ਕਾਰਜਸ਼ੀਲ ਹੁੰਦੀਆਂ ਹਨ। ਕਹਾਣੀ ਵਿਚ ਤੇਜੂ ਮੁੱਖ ਪਾਤਰ ਵਜੋਂ ਪੇਸ਼ ਹੁੰਦਾ ਹੈ। ਉਹ ਕਰਜ਼ੇ ਵਿਚ ਫਸਿਆ ਹੋਇਆ ਹੈ ਤੇ ਆਪਣੇ ਘਰ ਦੀ ਕਬੀਲਦਾਰੀ ਨੂੰ ਲੀਹ ਉੱਪਰ

ਲਿਆਉਣ ਲਈ ਅਤੇ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜੱਦੋ-ਜਹਿਦ ਕਰਦਾ ਹੈ। ਉਹ ਪਿੰਡ ਪੱਧਰ ਉੱਪਰ ਲਏ ਜਾਣ ਵਾਲੇ ਫ਼ੈਸਲੇ ਵਿਚ ਆਪਣੀ ਕੋਈ ਵੱਖਰੀ ਰਾਏ ਨਹੀਂ ਰੱਖਦਾ।

**ਸਵੈ ਮੁਲਾਂਕਣ**

1. 'ਭਾਗਾਂ ਦੀ ਡੋਰ' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ?

   ..........................................................................................................
   ..........................................................................................................

2. ਚੇਤੇ ਸ਼ਾਹ ਪਾਤਰ ਨਾਲ ਸੰਖੇਪ ਜਾਣ-ਪਛਾਣ ਕਰਾਓ।

   ..........................................................................................................
   ..........................................................................................................

### 1.5.3.2 'ਮੋਤੀ' - ਮਹਿੰਦਰ ਸਿੰਘ ਜੋਸ਼ੀ

#### 1.5.3.2.1 ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ ਨਾਲ ਜਾਣ-ਪਛਾਣ

ਮਹਿੰਦਰ ਸਿੰਘ ਜੋਸ਼ੀ ਦਾ ਜਨਮ 10 ਅਕਤੂਬਰ, 1919 ਨੂੰ ਹਾਕਮ ਸਿੰਘ ਦੇ ਘਰ ਭਾਈ ਕੀ ਪਿਸ਼ੌਰ, ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਉਸ ਨੇ ਐੱਮ. ਏ. ਪੰਜਾਬੀ ਅਤੇ ਐੱਲ. ਐੱਲ. ਬੀ. ਦੀ ਪੜ੍ਹਾਈ ਕੀਤੀ। ਉਹ ਦਿੱਲੀ ਹਾਈ ਕੋਰਟ ਵਿਚ ਜੱਜ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ। ਉਸ ਨੇ 'ਪ੍ਰੀਤਾਂ ਦੇ ਪਰਛਾਵੇਂ', 'ਤੋਟਾਂ ਤੇ ਤ੍ਰਿਪਤੀਆਂ', 'ਦਿਲ ਤੋਂ ਦੂਰ', 'ਕਿਰਨਾਂ ਦੀ ਰਾਖ', 'ਸਹੁੰ ਮੈਨੂੰ ਆਪਣੀ', 'ਬਰਫ਼ ਦੇ ਦਾਗ', 'ਦਰੋਪਦੀ ਦਾ ਦੋਸ਼', 'ਤੇ ਸ਼ਾਮ ਬੀਤਦੀ ਗਈ', 'ਫੂਸ ਦੀ ਅੱਗ', 'ਹੱਡੀ ਦਾ ਦਰਦ', 'ਕਾਨੂੰਨ ਦੀਆਂ ਚਾਲਬਾਜ਼ੀਆਂ' ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ। ਕਹਾਣੀ ਤੋਂ ਬਿਨਾਂ ਉਸ ਨੇ ਨਾਵਲ ਰਚਨਾ ਰਾਹੀਂ ਵੀ ਪੰਜਾਬੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ। ਪੰਜਾਬੀ ਭਾਸ਼ਾ ਤੋਂ ਇਲਾਵਾ ਉਸ ਨੇ ਹਿੰਦੀ ਭਾਸ਼ਾ ਵਿਚ ਕਹਾਣੀ ਰਚਨਾ ਕੀਤੀ। ਭਾਸ਼ਾ ਵਿਭਾਗ, ਪੰਜਾਬ ਵੱਲੋਂ ਉਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ 1986 ਵਿਚ ਸਨਮਾਨਿਤ ਕੀਤਾ ਗਿਆ।

#### 1.5.3.2.2 'ਮੋਤੀ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਮੋਤੀ' ਕਹਾਣੀ ਮਹਿੰਦਰ ਸਿੰਘ ਜੋਸ਼ੀ ਦੀ ਲਿਖੀ ਹੋਈ ਕਹਾਣੀ ਹੈ। ਇਸ ਕਹਾਣੀ ਦਾ ਬਿਰਤਾਂਤ 1947 ਦੀ ਦੇਸ਼ ਵੰਡ ਨਾਲ ਸੰਬੰਧਿਤ ਹੈ। ਉਸ ਦੌਰ ਨਾਲ ਸੰਬੰਧਿਤ ਘਟਨਾਵਾਂ ਅਤੇ ਮਾਹੌਲ ਰਾਹੀਂ ਕਹਾਣੀ ਵਿਭਿੰਨ ਪਸਾਰਾਂ ਵਿਚ ਫੈਲਦੀ ਹੈ। ਜਿਸ ਵਿਚ ਕੁਝ ਗੌਲੇ ਤੇ ਅਣਗੌਲੇ ਪੱਖਾਂ ਨੂੰ ਉਭਾਰਿਆ ਗਿਆ ਹੈ। ਕਹਾਣੀ ਵਿਚ ਇਨ੍ਹਾਂ ਸਭ ਪੱਖਾਂ ਦੀ ਪੇਸ਼ਕਾਰੀ ਦਰਮਿਆਨ ਮਾਂ ਦੀ ਮਮਤਾ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ।

ਕਹਾਣੀ ਵਿਚ 1947 ਦੀ ਦੇਸ਼ ਵੰਡ ਸਮੇਂ ਫੈਲੇ ਦਹਿਸ਼ਤਗਰਦੀ ਦੇ ਮਾਹੌਲ ਵਿਚ ਦਿੱਤੇ ਨਾਂ ਦੇ ਪਾਤਰ ਦੇ ਦੋਵੇਂ ਮੁੰਡੇ ਮਾਮਦੀਨ ਤੇ ਤੁਫ਼ੀਕ ਮਾਰੇ ਜਾਂਦੇ ਹਨ। ਦਿੱਤੇ ਨਾਲ ਹਮਦਰਦੀ ਰੱਖਣ ਵਾਲੇ ਪਿੰਡ ਦੇ ਲੋਕ ਉਸ ਨੂੰ ਪਾਕਿਸਤਾਨ ਚਲੇ ਜਾਣ ਲਈ ਕਹਿੰਦੇ ਹਨ ਪਰ ਦਿੱਤੇ ਨੂੰ ਇਹ ਮਨਜ਼ੂਰ ਨਹੀਂ। ਜਦੋਂ ਮਾਹੌਲ ਜ਼ਿਆਦਾ ਖ਼ਰਾਬ ਹੋ ਜਾਂਦਾ ਹੈ ਤਾਂ ਉਹ ਪਿੰਡ ਵਾਲਿਆਂ ਦੇ ਕਹਿਣ 'ਤੇ ਧਰਮ ਬਦਲੀ ਕਰ ਲੈਂਦਾ ਹੈ। ਦਿੱਤੇ ਦੀ ਘਰ ਵਾਲੀ ਰੱਖੀ ਨੂੰ ਜੰਗੀਰ ਭੰਗੂ ਦੀ ਨੂੰਹ ਦਾ ਜਣੇਪਾ ਕਰਵਾਉਣ ਬਦਲੇ ਮਿਲੇ ਗਧੇ (ਜਿਸ ਦਾ ਨਾਂ ਮੋਤੀ ਹੈ।) ਨੂੰ ਰੱਖੀ ਆਪਣੇ

ਬੱਚਿਆਂ ਦੀ ਤਰ੍ਹਾਂ ਪਾਲਦੀ ਹੈ। ਦਿੱਤੇ ਦੇ ਬਿਮਾਰ ਹੋਣ ’ਤੇ ਰੱਖੀ ਗਿੱਧਾ ਮਲ ਤੋਂ ਪੈਸੇ ਉਧਾਰ ਲੈਂਦੀ ਹੈ। ਮਹੀਨੇ ਬਾਅਦ ਹੀ ਮੋਤੀ ਨੂੰ ਗਿੱਧਾ ਮਲ ਦਾ ਮੁੰਡਾ ਲਛਮਣ ਪੈਸਿਆਂ ਬਦਲੇ ਖੋਲ ਕੇ ਲੈ ਜਾਂਦਾ ਹੈ। ਮੋਤੀ ਉਸ ਘਰ ਜਾ ਕੇ ਖਾਣਾ-ਪੀਣਾ ਛੱਡ ਦਿੰਦਾ ਹੈ। ਜਿਸ ਕਾਰਨ ਉਹ ਮਰਨ ਕੰਡੇ ਪਿਆ ਹੈ। ਇਹ ਦੇਖ ਕੇ ਰੱਖੀ ਇਕ ਵਾਰ ਫਿਰ ਟੁੱਟ ਜਾਂਦੀ ਹੈ। ਇਸ ਤੋਂ ਬਾਅਦ ਦਿੱਤਾ ਉਸ ਨੂੰ ਇਕ ਮੋਤੀ ਨਾਂ ਦਾ ਕਤੂਰਾ ਲਿਆ ਕੇ ਦਿੰਦਾ ਹੈ। ਰੱਖੀ ਹੁਣ ਉਸ ਨੂੰ ਬੱਚਿਆਂ ਵਾਂਗ ਪਾਲਣ ਲਈ ਤਿਆਰ ਹੋ ਜਾਂਦੀ ਹੈ। ਇਸ ਤਰ੍ਹਾਂ ਉਹ ਪੁੱਤਾਂ ਦੀ ਮੌਤ ਤੋਂ ਬਾਅਦ ਪਹਿਲਾਂ ਮੋਤੀ ਅਤੇ ਫਿਰ ਕਤੂਰੇ ਨੂੰ ਆਪਣੇ ਜਿਊਣ ਦਾ ਆਸਰਾ ਬਣਾਉਂਦੀ ਜ਼ਿੰਦਗੀ ਨਾਲ ਜੁੜਦੀ ਹੈ। ਮਾਂ ਦੀ ਮਮਤਾ ਤੋਂ ਵੀ ਅੱਗੇ ਜਾ ਕੇ ਜੇ ਇਸ ਨੂੰ ਹੋਰ ਵਡੇਰੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਹ ਕਹਾਣੀ ਮਨੁੱਖ ਜੀਵਨ ਵਿਚ ਆਸਰੇ ਦੀ ਮਹੱਤਤਾ ਤੇ ਜ਼ਰੂਰਤ ਨੂੰ ਦਰਸਾਉਂਦੀ ਹੈ।

‘ਮੋਤੀ’ ਕਹਾਣੀ ਵਿਚ ਹੋਰ ਬਹੁਤ ਸਾਰੇ ਪੱਖ ਉਭਰਦੇ ਹਨ। ਦੇਸ਼ ਵੰਡ ਸਮੇਂ ਧਰਮ ਦੇ ਨਾਮ ’ਤੇ ਕੀਤੀ ਗਈ ਵੱਢ-ਟੁੱਕ ਹੀ ਨਹੀਂ ਬਲਕਿ ਪੁਲਿਸ ਦੀ ਤਾਨਾਸ਼ਾਹੀ, ਲੋਕਾਂ ਦੀ ਆਪਸੀ ਨਫ਼ਰਤ, ਬਦਲੇ ਦੀ ਭਾਵਨਾ, ਰੰਜਸ਼, ਨਿੱਜੀ ਲਾਭ ਆਦਿ ਲਈ ਕੀਤੇ ਗਏ ਕਤਲ ਵੀ ਇਸ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਬਣਦੇ ਹਨ। ਪੁਲਿਸ ਦੀ ਤਾਨਾਸ਼ਾਹੀ ਦਾ ਸ਼ਿਕਾਰ ਦਿੱਤੇ ਦਾ ਵੱਡਾ ਮੁੰਡਾ ਮਾਮਦੀਨ ਹੁੰਦਾ ਹੈ। ਮਾਮਦੀਨ ਨੂੰ ਪੁਲਿਸ ਵੱਲੋਂ ਮਾਰ ਦਿੱਤਾ ਜਾਂਦਾ ਹੈ। ਪੁਲਿਸ ਵਾਲੇ ਵੱਲੋਂ ਮਹਾਤਮਾਂ ਗਾਂਧੀ ਬਾਰੇ ਮਾੜਾ-ਚੰਗਾ ਬੋਲਿਆ ਜਾਂਦਾ ਹੈ। ਜਿਸ ਨੂੰ ਮਾਮਦੀਨ ਸਹਾਰ ਨਹੀਂ ਸਕਦਾ। ਉਸ ਦਾ ਪੁਲਿਸ ਵਾਲੇ ਨਾਲ ਝਗੜਾ ਹੋ ਜਾਂਦਾ ਹੈ। ਇਸ ਝਗੜੇ ਵਿਚ ਮਾਮਦੀਨ ਨੂੰ ਜਾਨ ਗਵਾਉਣੀ ਪੈਂਦੀ ਹੈ। ਦਿੱਤੇ ਦਾ ਛੋਟਾ ਮੁੰਡਾ ਤੁਫ਼ੀਕ ਨਾਨਕੇ ਮਿਲਣ ਗਿਆ ਘਰ ਵਾਪਸ ਨਹੀਂ ਆਉਂਦਾ। ਬਚਿੱਤਰ ਨਾਂ ਦਾ ਪਾਤਰ ਦੱਸਦਾ ਹੈ ਕਿ ‘ਉਹਦੀ ਲੋਥ ਮੈਂ ਆਪਣੀ ਸਰਹੰਦ ਨਹਿਰ ਵਿਚ ਤਰਦੀ ਦੇਖੀ ਹੈ।’ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਸ਼ਾਇਦ ਉਸ ਨੂੰ ਜਥੇ ਵਾਲਿਆਂ ਵੱਲੋਂ ਮਾਰਿਆ ਗਿਆ ਹੈ। ਇਸ ਅੰਦਾਜ਼ੇ ਦਾ ਕਾਰਨ ਉਸ ਸਮੇਂ ਦਾ ਧਾਰਮਿਕ ਨਫ਼ਰਤ ਵਾਲਾ ਮਾਹੌਲ ਬਣਦਾ ਹੈ। ਇਸ ਮਾਹੌਲ ਦੀ ਆੜ ਵਿਚ ਕਈਆਂ ਵੱਲੋਂ ਆਪਣੀਆਂ ਨਿੱਜੀ ਦੁਸ਼ਮਣੀਆਂ ਕੱਢੀਆਂ ਗਈਆਂ ਅਤੇ ਲਾਲਚ ਦੀ ਪੂਰਤੀ ਲਈ ਕਤਲ ਕੀਤੇ ਗਏ। ਕਹਾਣੀ ਵਿਚ ਕਾਹਲਾ ਸਿੰਘ ਵੱਲੋਂ ਆਪਣੇ ਭਤੀਜੇ ਦਾ ਜਾਇਦਾਦ ਲਈ ਕਤਲ ਕਰ ਦਿੱਤਾ ਜਾਂਦਾ ਹੈ। ਕਹਾਣੀ ਵਿਚਲਾ ਵੇਰਵਾ ਇਸ ਪ੍ਰਕਾਰ ਹੈ:

> ਕਾਹਲਾ ਸਿੰਘ ਨੇ ਵੀ ਤਾਂ ਚੌਂਤਰੀ ਤੇ ਸੁਤੇ ਪਏ ਸਕੇ ਭਤੀਜੇ ਦਾ ਗਲ ਲਾਹ ਦਿਤਾ ਸੀ, ਬਈ ਆਪੇ ਕਿਸੇ ਮੁਸਲਮਾਨ ਦੇ ਨਾਉਂ ਲਗ ਜਾਊ – ਜਾਈਦਾਦ ਖ਼ਾਤਰ।

ਕਹਾਣੀ ਵਿਚ 1947 ਦੀ ਦੇਸ਼ ਵੰਡ ਸਮੇਂ ਮੁਸਲਮਾਨਾ ਦੇ ਨਵੇਂ ਬਣੇ ਮੁਲਕ ਪਾਕਿਸਤਾਨ ਜਾਣ ਦਾ ਜ਼ਿਕਰ ਵੀ ਆਉਂਦਾ ਹੈ। ਪਿੰਡ ਵਿਚ ਪੁਸ਼ਤਾਂ ਤੋਂ ਰਹਿ ਰਹੇ ਲੋਕ ਨਫ਼ਰਤ ਵਾਲੇ ਮਾਹੌਲ ਕਾਰਨ ਜਾਨ ਬਚਾਉਣ ਲਈ ਭਰੇ-ਭਰਾਏ ਘਰ ਛੱਡ ਆਪਣੀ ਜਨਮ ਭੂਮੀ ਤੋਂ ਜਾਣ ਲਈ ਮਜਬੂਰ ਹੋ ਜਾਂਦੇ ਹਨ। ਦਿੱਤੇ ਨੂੰ ਵੀ ਉਸ ਦੇ ਨਜ਼ਦੀਕੀ ਪਾਕਿਸਤਾਨ ਚਲੇ ਜਾਣ ਲਈ ਕਹਿੰਦੇ ਹਨ। ਉਹ ਆਪਣੇ ਦਾਦੇ-ਬਾਬਿਆਂ ਦੀ ਧਰਤੀ ਛੱਡ ਕੇ ਨਹੀਂ ਜਾਣਾ ਚਾਹੁੰਦਾ। ਇਥੋਂ ਦੀ ਮਿੱਟੀ ਵਿਚ ਉਸ ਦੇ ਬਜ਼ੁਰਗਾਂ ਦੀ ‘ਮਿੱਟੀ’ ਰਲੀ ਹੋਈ ਹੈ। ਅਖੀਰ ਉਸ ਨੂੰ ਇਸ ਧਰਤੀ ਉੱਪਰ ਰਹਿਣ ਲਈ ਆਪਣਾ ਧਰਮ ਬਦਲੀ ਕਰਨਾ ਪੈਂਦਾ ਹੈ। ਉਹ ‘ਅਲਾ ਦਿੱਤੇ’ ਤੋਂ ‘ਹਰਦਿੱਤ ਸਿੰਘ’ ਬਣ ਜਾਂਦਾ ਹੈ।

### 1.5.3.2.3 'ਮੋਤੀ' ਕਹਾਣੀ ਦੀ ਆਲੋਚਨਾਤਮਕ-ਪਰਖ

'ਮੋਤੀ' ਕਹਾਣੀ ਅਨਯ-ਪੁਰਖੀ ਬਿਰਤਾਂਤ ਨਾਲ ਸੰਬੰਧਿਤ ਹੈ। ਅਜਿਹਾ ਵਕਤਾ ਬਿਰਤਾਂਤ ਤੋਂ ਬਾਹਰ ਰਹਿ ਕੇ ਸਰਬ ਗਿਆਤਾ ਵਜੋਂ ਕਹਾਣੀ ਪੇਸ਼ ਕਰਦਾ ਹੈ। ਸਰਬ ਗਿਆਤਾ ਵਜੋਂ ਉਹ ਕਿਸੇ ਵੀ ਪਾਤਰ ਬਾਰੇ ਸਿੱਧੇ ਤੌਰ 'ਤੇ ਬਿਆਨ ਕਰ ਸਕਦਾ ਹੈ। ਇਸ ਸੰਭਾਵਨਾ ਸਦਕਾ ਹੀ ਵਕਤਾ ਕਹਾਣੀ ਵਿਚਲੇ ਪਾਤਰਾਂ ਦੇ ਮਨ ਵਿਚ ਚਲਦੇ ਸੋਚ-ਵਿਚਾਰ ਨੂੰ ਸਿੱਧੇ ਰੂਪ ਵਿਚ ਆਪ ਬਿਆਨ ਕਰਦਾ ਹੈ। ਕਹਾਣੀ ਵਿਚ ਦਿੱਤੇ ਵੱਲੋਂ ਧਰਮ ਬਦਲੀ ਕਰਨ ਤੋਂ ਬਾਅਦ ਦੇ ਅਨੁਭਵ ਨੂੰ ਵਕਤਾ ਆਪਣੇ ਵੱਲੋਂ ਇਸ ਤਰ੍ਹਾਂ ਬਿਆਨ ਕਰਦਾ ਹੈ:

> ਪਿੱਛੋਂ ਉਹਨੇ ਅਨੁਭਵ ਕੀਤਾ। ਫ਼ਰਕ ਸੱਚੀਂ ਕੋਈ ਨਹੀਂ ਸੀ ਪਿਆ। ਅੱਗੇ ਲੋਕ ਅਲਾ ਦਿੱਤੇ ਨੂੰ ਦਿੱਤਾ ਕਹਿੰਦੇ ਸੀ ਫੇਰ ਹਰਦਿੱਤ ਸਿੰਘ ਨੂੰ ਕਹਿਣ ਲਗ ਪਏ। ਤੀਵੀਂ ਅਗੋਂ ਪਿਛੋਂ ਓਹੀਓ ਰੱਖੀ ਦੀ ਰੱਖੀ।

ਕਹਾਣੀ ਵਿਚ ਪਿੱਛਲਝਾਤ ਜੁਗਤ ਦੀ ਵਰਤੋਂ ਕੀਤੀ ਗਈ। ਪਿੱਛਲਝਾਤ ਜੁਗਤ ਰਾਹੀਂ ਕਹਾਣੀ ਜਿਸ ਸਮੇਂ ਵਿਚ ਵਾਪਰ ਰਹੀਂ ਹੁੰਦੀ ਹੈ ਉਸ ਤੋਂ ਪਿਛਲੇ ਸਮੇਂ ਵਿਚ ਪ੍ਰਵੇਸ਼ ਕਰ ਜਾਂਦੀ ਹੈ। 'ਮੋਤੀ' ਕਹਾਣੀ ਜਿਸ ਘਟਨਾ ਤੋਂ ਸ਼ੁਰੂ ਹੁੰਦੀ ਹੈ, ਉਸ ਤੋਂ ਬਾਅਦ ਕਹਾਣੀ ਭੂਤਕਾਲ ਵਿਚ ਵਾਪਰੀਆਂ ਘਟਨਾਵਾਂ ਨੂੰ ਬਿਆਨਦੀ ਹੋਈ ਅੰਤ 'ਤੇ ਉਸੇ ਘਟਨਾ ਉੱਪਰ ਪਹੁੰਚਦੀ ਹੈ ਜਿਸ ਘਟਨਾ ਤੋਂ ਸ਼ੁਰੂ ਹੋਈ ਹੈ। ਮਿਸਾਲ ਵਜੋਂ ਦਿੱਤੇ ਵੱਲੋਂ ਆਪਣੀ ਘਰਵਾਲੀ ਰੱਖੀ ਨੂੰ ਮੋਤੀ ਨਾਂ ਦਾ ਕਤੂਰਾ ਦੇਣ ਨਾਲ ਕਹਾਣੀ ਦਾ ਆਰੰਭ ਹੁੰਦਾ ਹੈ ਅਤੇ ਇਸੇ ਘਟਨਾ ਨਾਲ ਕਹਾਣੀ ਦਾ ਅੰਤ ਹੁੰਦਾ ਹੈ।

ਕਹਾਣੀ ਵਿਚ ਮਨੁੱਖ ਪਾਤਰਾਂ ਦੇ ਨਾਲ ਜਾਨਵਰਾਂ ਨੂੰ ਵੀ ਪਾਤਰ ਵਜੋਂ ਲਿਆ ਗਿਆ ਹੈ। ਜਾਨਵਰ ਪਾਤਰ ਸਹਾਇਕ ਪਾਤਰ ਵਜੋਂ ਪੇਸ਼ ਹੋਏ ਹਨ। ਪਾਤਰ ਉਸਾਰੀ ਬੜੇ ਸਹਿਜਮਈ ਢੰਗ ਰਾਹੀਂ ਪਾਤਰਾਂ ਨਾਲ ਵਾਪਰ ਰਹੀਆਂ ਘਟਨਾਵਾਂ ਰਾਹੀਂ ਕੀਤੀ ਗਈ ਹੈ। ਦਿੱਤੇ ਦੀ ਘਰਵਾਲੀ ਰੱਖੀ ਦੁਆਰਾ ਜੰਗੀਰ ਭੰਗੂ ਦੀ ਨੂੰਹ ਦਾ ਜਣੇਪਾ ਕਰਵਾਉਣ ਵਾਲੀ ਘਟਨਾ ਰੱਖੀ ਦੀ ਪਾਤਰ ਉਸਾਰੀ ਕਰਨ ਵਿਚ ਅਹਿਮ ਰੋਲ ਅਦਾ ਕਰਦੀ ਹੈ। ਜੰਗੀਰ ਦੇ ਪਰਿਵਾਰ ਵੱਲੋਂ ਰੱਖੀ ਨੂੰ ਮਨ ਆਈ ਮੰਗ ਮੰਗਣ ਲਈ ਕਿਹਾ ਜਾਂਦਾ ਹੈ ਤਾਂ ਉਹ ਕਹਿੰਦੀ ਹੈ ਕਿ 'ਮੈਨੂੰ ਇਕ ਗਧਾ ਲੈ ਦੇਹ।' ਇਸ ਘਟਨਾ ਵਿਚੋਂ ਰੱਖੀ ਦਾ ਸਵਾਰਥੀ ਤੇ ਲਾਲਚੀ ਤੋਂ ਹਟ ਕੇ ਸੰਜਮੀ ਤੇ ਭੋਲੀ-ਭਾਲੀ ਇਸਤਰੀ ਵਾਲਾ ਬਿੰਬ ਪੇਸ਼ ਹੁੰਦਾ ਹੈ।

ਕਹਾਣੀ ਦੀ ਭਾਸ਼ਾ ਮਲਵਈ ਰੰਗਤ ਵਾਲੀ ਹੈ। ਮਹਿੰਦਰ ਸਿੰਘ ਜੋਸ਼ੀ ਦੇ ਸੰਗਰੂਰ ਜ਼ਿਲ੍ਹੇ ਨਾਲ ਸੰਬੰਧਿਤ ਹੋਣ ਕਾਰਨ ਇਹ ਸੁਭਾਵਿਕ ਵੀ ਹੈ। ਡਾ. ਹਰਿਭਜਨ ਸਿੰਘ ਇਸ ਕਹਾਣੀ ਸੰਗ੍ਰਹਿ ਦੀ ਅੰਤਿਕਾ ਵਿਚ ਲਿਖਦਾ ਹੈ, 'ਜੋਸ਼ੀ ਉਹਨਾਂ ਮਲਵਈ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਮਲਵਈ ਅਨੁਭਵ ਅਤੇ ਬੋਲੀ ਨੂੰ ਆਪਣੀ ਸਾਹਿਤਕ ਸਮਰੱਥਾ ਦੀ ਪਛਾਣ ਦਿਤੀ ਹੈ।' ਉਸ ਨੇ ਕਹਾਣੀ ਵਿਚ ਭਾਸ਼ਾ ਦੀ ਬੜੀ ਸੁਚੱਜੀ ਵਰਤੋਂ ਕੀਤੀ ਹੈ।

### ਸਵੈ ਮੁਲਾਂਕਣ

1. 'ਮੋਤੀ' ਕਹਾਣੀ ਦੇ ਚਾਰ ਪਾਤਰਾਂ ਦੇ ਨਾਮ ਲਿਖੋ।

..........................................................................................................
..........................................................................................................

2. 'ਮੋਤੀ' ਕਿਸ ਲੇਖਕ ਦੀ ਕਹਾਣੀ ਹੈ?

..........................................................................................................

..........................................................................................................

**1.5.4 ਸਿੱਟਾ**

ਸੋ 'ਭਾਗਾਂ ਦੀ ਡੋਰ' ਕਹਾਣੀ ਵਿਚ ਵਹਿਮ ਨੂੰ ਆਧਾਰ ਬਣਾ ਕੇ ਕਹਾਣੀ ਰਚਨਾ ਕੀਤੀ ਗਈ ਹੈ। ਇਹ ਕਹਾਣੀ ਵਹਿਮ ਤੋਂ ਸ਼ੁਰੂ ਹੋ ਕੇ ਅੰਤ ਉੱਪਰ ਵਹਿਮ ਤੋਂ ਨਿਕਲਣ ਦਾ ਬਿਰਤਾਂਤ ਪੇਸ਼ ਨਹੀਂ ਕਰਦੀ। ਇਹ ਕਹਾਣੀ ਵਹਿਮ ਤੋਂ ਵਹਿਮ ਤਕ ਦਾ ਸਫ਼ਰ ਤਹਿ ਕਰਦੀ ਹੋਈ ਵਿਅੰਗਮਈ ਸਥਿਤੀ ਸਿਰਜਦੀ ਹੈ। ਇਹ ਵਿਅੰਗ ਸਮਾਜ ਵਿਚਲੀ ਅਗਿਆਨਤਾ ਅਤੇ ਨਾਸਮਝੀ ਉੱਪਰ ਹੈ। ਇਸ ਅਗਿਆਨਤਾ ਲਈ ਜਿੱਥੇ ਸੰਬੰਧਿਤ ਸਮਾਜ ਆਪ ਜ਼ਿੰਮੇਵਾਰ ਹੈ, ਉੱਥੇ ਸਰਕਾਰੀ ਨੀਤੀਆਂ ਵੀ ਲੋਕਾਂ ਨੂੰ ਵਹਿਮਾਂ-ਭਰਮਾਂ ਵਾਲੇ ਰਸਤੇ ਵੱਲ ਤੋਰਨ ਲਈ ਮਜਬੂਰ ਕਰਨ ਵਿਚ ਬਰਾਬਰ ਦੀਆਂ ਭਾਗੀਦਾਰ ਬਣਦੀਆਂ ਹਨ।

ਮਹਿੰਦਰ ਸਿੰਘ ਜੋਸ਼ੀ ਨੇ ਆਪਣੀ ਕਹਾਣੀ 'ਮੋਤੀ' ਵਿਚ ਮਾਂ ਦੀ ਮਮਤਾ, ਜਨਮ ਭੂਮੀ ਨਾਲ ਮੋਹ, ਦੇਸ਼ ਵੰਡ ਸਮੇਂ ਦਾ ਨਫ਼ਰਤੀ ਮਾਹੌਲ, ਕਤਲੋਗਾਰਤ ਆਦਿ ਨੂੰ ਪੇਸ਼ ਕੀਤਾ ਹੈ। ਕਹਾਣੀ ਦੀ ਵਿਸ਼ਾ-ਸਮਗਰੀ ਦੇਸ਼ ਵੰਡ ਨਾਲ ਸੰਬੰਧਿਤ ਹੋਣ ਕਾਰਨ ਸਮੁੱਚੀ ਕਹਾਣੀ ਦਾ ਵਾਤਾਵਰਨ ਦੁਖਾਂਤਮਈ ਪ੍ਰਭਾਵ ਸਿਰਜਦਾ ਹੈ। ਧਾਰਮਿਕ ਕੱਟੜਤਾ ਨੇ ਹੀ ਨਹੀਂ ਬਲਕਿ ਨਿੱਜੀ ਲਾਲਚ ਤੇ ਲਾਲਸਾਵਾਂ ਨੇ ਵੀ ਇਸ ਦੁਖਾਂਤ ਵਿਚ ਵਾਧਾ ਕੀਤਾ।

**1.5.5 ਅਭਿਆਸ ਲਈ ਪ੍ਰਸ਼ਨ**

**ਛੋਟੇ ਪ੍ਰਸ਼ਨ**

1. 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿਚ ਦਰਜ ਨਵਤੇਜ ਸਿੰਘ ਦੀ ਕਹਾਣੀ ਦਾ ਨਾਮ ਕੀ ਹੈ?
2. 'ਮੋਤੀ' ਕਹਾਣੀ ਵਿਚਲੀ ਰੱਖੀ ਪਾਤਰ ਨਾਲ ਜਾਣ-ਪਛਾਣ ਕਰਾਓ।
3. 'ਭਾਗਾਂ ਦੀ ਡੋਰ' ਕਹਾਣੀ ਦੀ ਮੁੱਖ ਸਮੱਸਿਆ ਕੀ ਹੈ?
4. 'ਮੋਤੀ' ਕਹਾਣੀ ਵਿਚਲੇ ਦਿੱਤੇ ਨਾਂ ਦੇ ਪਾਤਰ ਦੇ ਵੱਡੇ ਮੁੰਡੇ ਦੀ ਮੌਤ/ਕਤਲ ਦਾ ਕਾਰਨ ਦੱਸੋ।

**ਵੱਡੇ ਪ੍ਰਸ਼ਨ**

1. 'ਭਾਗਾਂ ਦੀ ਡੋਰ' ਕਹਾਣੀ ਦਾ ਵਿਸ਼ਾ-ਵਸਤੂ ਵਿਸਥਾਰ ਨਾਲ ਪੇਸ਼ ਕਰੋ।
2. 'ਭਾਗਾਂ ਦੀ ਡੋਰ' ਕਹਾਣੀ ਦੀ ਆਲੋਚਨਾਤਮਕ ਪਰਖ ਕਰੋ।
3. 'ਮੋਤੀ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।
4. 'ਮੋਤੀ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

### 1.5.6 ਪੁਸਤਕ ਸੂਚੀ


1. ਹਰਿਭਜਨ ਸਿੰਘ (ਸੰਪਾ.), *ਕਥਾ ਪੰਜਾਬ*, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2023

2. ਜੁਗਿੰਦਰ ਸਿੰਘ ਰਾਹੀ, *ਮਸਲੇ ਗਲਪ ਦੇ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999

3. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ*, ਆਰਸੀ ਪਬਲਿਸ਼ਰਜ਼, ਦਿੱਲੀ, 2003

4. ਬਲਦੇਵ ਸਿੰਘ ਧਾਲੀਵਾਲ, *ਪੰਜਾਬੀ ਕਹਾਣੀ ਦਾ ਇਤਿਹਾਸ*, ਪੰਜਾਬੀ ਸਾਹਿਤ ਅਕੈਡਮੀ, ਦਿੱਲੀ, 2006

ਪਾਠ ਨੰਬਰ: 1.6

**ਲੇਖਕ :** ਡਾ. ਗੁਰਮੀਤ ਸਿੰਘ

# ‘ਬਾਜ਼ਾਰ ਦਾ ਮਾਤਮ’, ‘ਕਰੀਰ ਦੀ ਢਿੰਗਰੀ’ ਅਤੇ ‘ਠੱਗੀ’ ਕਹਾਣੀ ਦਾ ਸਾਰ/ਵਿਸ਼ਾ-ਵਸਤੂ ਤੇ ਆਲੋਚਨਾਤਮਕ-ਪਰਖ

**1.6.1 ਪਾਠ ਦਾ ਉਦੇਸ਼**

**1.6.2 ਭੂਮਿਕਾ**

**1.6.3 ਪਾਠ ਦੀ ਰੂਪ ਰੇਖਾ**

- **1.6.3.1 ‘ਬਾਜ਼ਾਰ ਦਾ ਮਾਤਮ’ - ਲੋਚਨ ਬਖ਼ਸ਼ੀ**
  - **1.6.3.1.1 ਕਹਾਣੀਕਾਰ ਲੋਚਨ ਬਖ਼ਸ਼ੀ ਨਾਲ ਜਾਣ-ਪਛਾਣ**
  - **1.6.3.1.2 ‘ਬਾਜ਼ਾਰ ਦਾ ਮਾਤਮ’ ਕਹਾਣੀ ਦਾ ਸਾਰ/ਵਿਸ਼ਾ-ਵਸਤੂ**
  - **1.6.3.1.3 ‘ਬਾਜ਼ਾਰ ਦਾ ਮਾਤਮ’ ਕਹਾਣੀ ਦੀ ਆਲੋਚਨਾਤਮਕ-ਪਰਖ**
- **1.6.3.2 ‘ਕਰੀਰ ਦੀ ਢਿੰਗਰੀ’ - ਗੁਰਦਿਆਲ ਸਿੰਘ**
  - **1.6.3.2.1 ਕਹਾਣੀਕਾਰ ਗੁਰਦਿਆਲ ਸਿੰਘ ਨਾਲ ਜਾਣ-ਪਛਾਣ**
  - **1.6.3.2.2 ‘ਕਰੀਰ ਦੀ ਢਿੰਗਰੀ’ ਕਹਾਣੀ ਦਾ ਸਾਰ/ਵਿਸ਼ਾ-ਵਸਤੂ**
  - **1.6.3.2.3 ‘ਕਰੀਰ ਦੀ ਢਿੰਗਰੀ’ ਕਹਾਣੀ ਦੀ ਆਲੋਚਨਾਤਮਕ-ਪਰਖ**
- **1.6.3.3 ‘ਠੱਗੀ’ - ਗੁਲਜ਼ਾਰ ਸਿੰਘ ਸੰਧੂ**
  - **1.6.3.3.1 ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨਾਲ ਜਾਣ-ਪਛਾਣ**
  - **1.6.3.3.2 ‘ਠੱਗੀ’ ਕਹਾਣੀ ਦਾ ਸਾਰ/ਵਿਸ਼ਾ-ਵਸਤੂ**
  - **1.6.3.3.3 ‘ਠੱਗੀ’ ਕਹਾਣੀ ਦੀ ਆਲੋਚਨਾਤਮਕ-ਪਰਖ**

**1.6.4 ਸਿੱਟਾ**

**1.6.5 ਅਭਿਆਸ ਲਈ ਪ੍ਰਸ਼ਨ**

**1.6.6 ਪੁਸਤਕ ਸੂਚੀ**

## 1.6.1 ਪਾਠ ਦਾ ਉਦੇਸ਼

‘ਕਥਾ ਪੰਜਾਬ’ ਕਹਾਣੀ ਸੰਗ੍ਰਹਿ ਵਿਚ ਇੱਕੀ ਕਹਾਣੀਆਂ ਸ਼ਾਮਲ ਹਨ। ਇਸ ਪਾਠ ਦਾ ਉਦੇਸ਼ ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਲੋਚਨ ਬਖ਼ਸ਼ੀ ਦੀ ਕਹਾਣੀ ‘ਬਾਜ਼ਾਰ ਦਾ ਮਾਤਮ’, ਗੁਰਦਿਆਲ ਸਿੰਘ ਦੀ ਕਹਾਣੀ ‘ਕਰੀਰ ਦੀ ਢਿੰਗਰੀ’ ਅਤੇ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ ‘ਠੱਗੀ’ ਦਾ ਅਧਿਐਨ ਪੇਸ਼ ਕਰਨਾ ਹੈ।

ਇਸ ਪਾਠ ਵਿਚ ਕਹਾਣੀਕਾਰ ਲੋਚਨ ਬਖ਼ਸ਼ੀ, ਗੁਰਦਿਆਲ ਸਿੰਘ ਅਤੇ ਗੁਲਜ਼ਾਰ ਸਿੰਘ ਸੰਧੂ ਦੇ ਜੀਵਨ ਨਾਲ ਜਾਣ-ਪਛਾਣ ਕਰਵਾਈ ਜਾਵੇਗੀ ਅਤੇ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਵੇਰਵਾ ਵੀ ਸਾਂਝਾ ਕੀਤਾ ਜਾਵੇਗਾ। ਇਸ ਉਪਰੰਤ ਤਿੰਨਾਂ ਲੇਖਕਾਂ ਦੀਆਂ ਕਹਾਣੀਆਂ ਕ੍ਰਮਵਾਰ 'ਬਾਜ਼ਾਰ ਦਾ ਮਾਤਮ', 'ਕਰੀਰ ਦੀ ਢਿੰਗਰੀ' ਅਤੇ 'ਠੱਗੀ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਕ ਪਰਖ ਪੇਸ਼ ਕੀਤੀ ਜਾਵੇਗੀ।

### 1.6.2 ਭੂਮਿਕਾ

ਪਿਆਰੇ ਵਿਦਿਆਰਥੀਓ! 'ਕਥਾ ਪੰਜਾਬ' ਪੁਸਤਕ ਤੁਹਾਡੇ ਬੀ. ਏ. ਭਾਗ ਪਹਿਲਾ ਦੇ ਸਮੈਸਟਰ ਪਹਿਲਾ ਵਿਚ ਸ਼ਾਮਲ ਹੈ। ਇਹ ਪੁਸਤਕ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਨੂੰ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਵਿਚ 21 ਕਹਾਣੀਕਾਰਾਂ ਦੀਆਂ 21 ਕਹਾਣੀਆਂ ਸ਼ਾਮਲ ਹਨ। ਭਾਵ ਕਿ ਹਰ ਕਹਾਣੀਕਾਰ ਦੀ ਇਕ-ਇਕ ਕਹਾਣੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਪੁਸਤਕ ਨੂੰ 'ਨੈਸ਼ਨਲ ਬੁੱਕ ਟਰੱਸਟ, ਇੰਡੀਆ' ਨੇ ਪਹਿਲੀ ਵਾਰ 1970 ਵਿਚ ਪ੍ਰਕਾਸ਼ਿਤ ਕੀਤਾ।

### 1.6.3 ਪਾਠ ਦੀ ਰੂਪ ਰੇਖਾ

#### 1.6.3.1 'ਬਾਜ਼ਾਰ ਦਾ ਮਾਤਮ' - ਲੋਚਨ ਬਖ਼ਸ਼ੀ

#### 1.6.3.1.1 ਕਹਾਣੀਕਾਰ ਲੋਚਨ ਬਖ਼ਸ਼ੀ ਨਾਲ ਜਾਣ-ਪਛਾਣ

ਪੰਜਾਬੀ ਕਹਾਣੀਕਾਰ ਲੋਚਨ ਬਖ਼ਸ਼ੀ ਦਾ ਜਨਮ 15 ਜਨਵਰੀ, 1923 ਨੂੰ ਘੁੰਘਰੀਲਾ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਮਾਇਆ ਸੀ। ਉਸ ਨੇ ਇਤਿਹਾਸ ਦੀ ਐੱਮ. ਏ. ਕੀਤੀ। ਉਸ ਨੇ ਆਕਾਸ਼ਵਾਣੀ ਵਿਚ ਨੌਕਰੀ ਕੀਤੀ। ਉਸ ਨੇ ਰਚਨਾਵਾਂ ਦੇ ਅਨੁਵਾਦ ਰਾਹੀਂ ਵੀ ਸਾਹਿਤਕ ਖੇਤਰ ਵਿਚ ਯੋਗਦਾਨ ਪਾਇਆ। ਉਸ ਨੂੰ ਸਾਹਿਤਕ ਖੇਤਰ ਵਿਚ ਪ੍ਰਸਿੱਧੀ ਕਹਾਣੀ ਰਚਨਾ ਕਾਰਨ ਮਿਲੀ। ਉਸ ਨੇ 'ਪਾਪ ਪੁੰਨ ਤੋਂ ਪਰੇ', 'ਵਰ ਤੇ ਸਰਾਪ', 'ਭਰੇ ਮੇਲੇ ਵਿਚ', 'ਮੇਰੀ ਖ਼ੁਸ਼ੀ ਮੋੜ ਦੇ', 'ਦਸ ਵਜ ਕੇ ਦਸ', 'ਦੇਓਲੀ ਦੇ ਪਰਛਾਵੇਂ', 'ਰਾਗ ਛਾਇਆ ਨਾਟ' ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

#### 1.6.3.1.2 'ਬਾਜ਼ਾਰ ਦਾ ਮਾਤਮ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਬਾਜ਼ਾਰ ਦਾ ਮਾਤਮ' ਕਹਾਣੀ ਲੋਚਨ ਬਖ਼ਸ਼ੀ ਦੀ ਪ੍ਰਸਿੱਧ ਕਹਾਣੀ ਹੈ। ਇਸ ਕਹਾਣੀ ਦਾ ਵਿਸ਼ਾ ਅਜੋਕੇ ਸਮਾਜ ਦਾ ਨਿੱਜੀ ਮੁਨਾਫ਼ੇ ਤਕ ਸਿਮਟ ਕੇ ਰਹਿ ਜਾਣਾ ਹੈ। ਪੂੰਜੀਵਾਦੀ ਦੌਰ ਵਿਚ ਮਨੁੱਖ ਨੇ ਆਪਣੇ ਅੰਦਰਲੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਬਿਲਕੁਲ ਭੁਲਾ ਦਿੱਤਾ ਹੈ। ਬਾਜ਼ਾਰ ਪ੍ਰਤੀਕਮਈ ਅਰਥਾਂ ਦਾ ਧਾਰਨੀ ਹੈ। ਅਜੋਕੇ ਸਮਾਜ ਦੇ ਪੂੰਜੀਵਾਦੀ ਤਾਣੇ-ਬਾਣੇ ਅੰਦਰਲੇ ਨਾਕਾਰਾਤਮਕ ਪੱਖਾਂ ਨੂੰ ਪ੍ਰਤੀਕਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪੂੰਜੀਵਾਦੀ ਸਮਾਜ ਵਿਚ ਪੂੰਜੀ ਨੂੰ ਲੋੜੋਂ ਵੱਧ ਅਹਿਮੀਅਤ ਦਿੱਤੇ ਜਾਣ ਨੇ ਮਨੁੱਖ ਲਈ ਕਈ ਸੰਕਟ ਪੈਦਾ ਕਰ ਦਿੱਤੇ ਹਨ।

ਕਹਾਣੀ ਬਾਜ਼ਾਰ ਦੇ ਇਕ ਮੰਗਤੇ ਜੋ ਕਿ ਇਕ ਪਾਗਲ ਹੈ, ਨਾਲ ਵਾਪਰੀਆਂ ਘਟਨਾਵਾਂ ਨੂੰ ਪੇਸ਼ ਕਰਦੀ ਹੈ। ਬਾਜ਼ਾਰ ਦੀ ਚਕਾਚੌਂਧ ਵਿਚ ਸਾਰੇ ਵਪਾਰੀ ਆਪਣੇ ਕੰਮਾਂ ਵਿਚ ਰੁੱਝੇ ਹੋਏ ਹਨ। ਉਨ੍ਹਾਂ ਨੂੰ ਆਪਣੇ ਗਾਹਕਾਂ ਤਕ ਮਤਲਬ ਹੈ। ਆਲੇ-ਦੁਆਲੇ ਵਾਪਰ ਰਹੇ ਵਰਤਾਰਿਆਂ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ। ਬਾਜ਼ਾਰ ਵਿਚ ਹਰ ਪਾਸੇ ਰੌਸ਼ਨੀ ਹੈ ਪਰ ਬੰਦਿਆਂ ਅੰਦਰ ਹਨੇਰਾ ਇਸ ਕਦਰ ਪਸਰਿਆ ਹੋਇਆ ਹੈ ਕਿ ਮਾਨਵੀ ਕਦਰਾਂ-ਕੀਮਤਾਂ ਕਿਧਰੇ ਦਿਖਾਈ ਨਹੀਂ ਦਿੰਦੀਆਂ। ਮੰਗਤੇ ਦੀ ਰੰਗ-ਬਰੰਗੀਆਂ ਰੌਸ਼ਨੀਆਂ ਨਾਲ ਜਗਮਗ

ਕਰਦੇ ਬਾਜ਼ਾਰ ਵਿਚ ਮੌਤ ਹੋ ਚੁੱਕੀ ਹੈ। ਉਸ ਦੀ ਮੌਤ ਤੋਂ ਸਾਰਾ ਬਾਜ਼ਾਰ ਬੇਖ਼ਬਰ ਹੈ। ਬਾਜ਼ਾਰ ਦਾ ਚੌਕੀਦਾਰ ਫ਼ੌਜਾ ਸਿੰਘ ਉਸ ਨੂੰ ਬੁਲਾਉਂਦਾ ਹੈ ਪਰ ਜਵਾਬ ਉਡੀਕੇ ਬਿਨਾਂ ਹੀ ਕਾਹਲ ਨਾਲ ਅੱਗੇ ਲੰਘ ਜਾਂਦਾ ਹੈ। ਬਾਜ਼ਾਰ ਦੀ ਹੀ ਇਕ ਠਾਕਰੀ ਨਾਂ ਦੀ ਮੰਗਤੀ ਜੋ ਕਿ ਪਾਗਲ ਹੈ, ਉੱਥੇ ਆਉਂਦੀ ਹੈ। ਇਹ ਮੰਗਤੀ ਹਰ ਰੋਜ਼ ਮੰਗਤੇ ਨਾਲ ਬੈਠ ਕੇ ਖਾਣਾ ਖਾਂਦੀ ਹੈ। ਮੰਗਤੇ ਨੂੰ ਲੰਮਾ ਪਿਆ ਦੇਖ ਕੇ ਪੁੱਛਦੀ ਹੈ ਕਿ "ਸੌਂ ਗਿਐਂ!" ਜਵਾਬ ਨਾ ਮਿਲਣ 'ਤੇ ਉਹ ਮੰਗਤੇ ਦੀ ਪੈਸਿਆਂ ਵਾਲੀ ਥੈਲੀ ਲੱਭਣ ਲਈ ਉਸ ਦੇ ਸਰੀਰ 'ਤੇ ਬਚਿਆ ਇਕੋ ਇਕ ਲੰਗੋਟ ਵੀ ਉਤਾਰ ਦਿੰਦੀ ਹੈ।

ਮੰਗਤੇ ਦੀ ਮੌਤ ਤੋਂ ਬਾਅਦ ਅਤੇ ਮੌਤ ਤੋਂ ਪਹਿਲਾਂ ਦੀਆਂ ਘਟਨਾਵਾਂ ਸਮਾਜ ਵੱਲੋਂ ਕੀਤੇ ਜਾਂਦੇ ਦਿਖਾਵੇ ਨੂੰ ਪੇਸ਼ ਕਰਦੀਆਂ ਹਨ। ਰਾਤ ਮਰ ਚੁੱਕੇ ਮੰਗਤੇ ਦੀ ਮੌਤ ਦਾ ਬਾਜ਼ਾਰ ਵਾਲਿਆਂ ਨੂੰ ਸਵੇਰੇ ਪਤਾ ਚਲਦਾ ਹੈ। ਸੇਠ ਧਨੀ ਰਾਮ ਵਰਗੇ ਬਾਜ਼ਾਰ ਦੇ ਵਪਾਰੀ ਉਸ ਦਾ ਮਾਤਮ ਮਨਾਉਣ ਵਿਚ ਮੋਹਰੀ ਬਣਦੇ ਹਨ। ਇਹ ਉਹੀ ਸੇਠ ਧਨੀ ਰਾਮ ਹੈ ਜਿਸ ਨੇ ਗਰਮੀਆਂ ਵਿਚ ਮੰਗਤੇ ਨੂੰ ਪਾਣੀ ਮੰਗਣ 'ਤੇ ਪਾਣੀ ਦਾ ਗਿਲਾਸ ਤਕ ਦੇਣ ਤੋਂ ਮਨਾ ਕਰ ਦਿੱਤਾ ਸੀ। ਅਸਲ ਵਿਚ ਬਾਜ਼ਾਰ ਦੇ ਇਨ੍ਹਾਂ ਵਪਾਰੀਆਂ ਨੂੰ ਗਾਹਕ ਤੋਂ ਬਿਨਾਂ ਕੁਝ ਦਿਖਾਈ ਨਹੀਂ ਦਿੰਦਾ। ਗਾਹਕ ਉਨ੍ਹਾਂ ਦੀ ਕਮਾਈ ਦਾ ਸਾਧਨ ਹਨ। ਗਾਹਕ ਨਾਲ ਉਨ੍ਹਾਂ ਦਾ ਮੁਨਾਫ਼ਾ ਜੁੜਿਆ ਹੋਇਆ ਹੈ। ਬਾਜ਼ਾਰ ਦੀ ਇਸ ਸੋਚ ਨੂੰ ਕਹਾਣੀ ਵਿਚਲਾ ਵੇਰਵਾ ਸਪਸ਼ਟ ਕਰਦਾ ਹੈ:

> ਹਾਂ ਗਾਹਕ ਤੇ ਮੌਤ ਦਾ ਕੋਈ ਪਤਾ ਨਹੀਂ – ਕਮੀਨੇ! ਇਹ ਸਭ ਇਕ ਬੋਲੀ ਬੋਲਦੇ ਨੇ। ਸਭ ਆਪੋ ਆਪਣੇ ਗਾਹਕਾਂ ਨੂੰ ਪਛਾਣਦੇ ਨੇ। ਇਹਨਾਂ ਨੂੰ ਆਪਣੇ ਗਾਹਕਾਂ ਤੋਂ ਕਦੇ ਫ਼ੁਰਸਤ ਨਹੀਂ ਹੋਣੀ।

ਮੰਗਤੇ ਦੀ ਲਾਸ਼ ਉਸ ਬਾਜ਼ਾਰ ਵਿਚ ਬਿਨਾਂ ਕੱਪੜਿਆਂ ਦੇ ਪਈ ਹੋਈ ਹੈ ਜਿਸ ਬਾਜ਼ਾਰ ਦੀਆਂ ਦੁਕਾਨਾਂ ਨਵੇਂ ਕੱਪੜਿਆਂ ਨਾਲ ਭਰੀਆਂ ਹੋਈਆਂ ਹਨ। ਮੰਗਤੇ ਦੀ ਮੌਤ ਤੋਂ ਬਾਅਦ ਬਬਾਣ ਦੇ ਰੂਪ ਵਿਚ ਉਸ ਦੀ ਅਰਥੀ ਤਿਆਰ ਕਰਨ ਵਾਲੀ ਘਟਨਾ ਦਾ ਬਿਆਨ ਮਾਨਵਤਾ ਨੂੰ ਸ਼ਰਮਸਾਰ ਕਰ ਵਾਲਾ ਹੈ। ਉਦਾਹਰਨ ਵਜੋਂ:

> ਉਹ ਸਾਰੇ ਜਣੇ ਇਕ ਬਬਾਣ ਸਜਾ ਰਹੇ ਸਨ। ਗਰੀ ਛੁਹਾਰਿਆਂ ਦੀਆਂ ਝਾਲਰਾਂ, ਉਹਦੇ ਚਾਰੇ ਪਾਸੇ ਲਟਕ ਰਹੀਆਂ ਸਨ।... ਵਧੀਆ ਸ਼ਾਲ ਦੁਸ਼ਾਲਿਆਂ ਦਾ ਇਕ ਢੇਰ ਕੁਤਬ ਮੀਨਾਰ ਵਾਂਗ ਉਸਰਦਾ ਜਾ ਰਿਹਾ ਸੀ, ਜਿਸ ਦੀ ਉਸਾਰੀ ਵਿਚ ਸਰੇ ਦੇ ਸਾਰੇ ਵਪਾਰੀ ਵਧ ਚੜ੍ਹ ਕੇ ਹਿੱਸਾ ਪਾ ਰਹੇ ਸਨ।

ਕਹਾਣੀ ਵਿਚ ਵਿਅੰਗ ਦਾ ਸਿਖਰ ਅਖੀਰ ਵਾਲੀ ਘਟਨਾ ਬਣਦੀ ਹੈ। ਮੰਗਤੇ ਦੀ ਅਰਥੀ ਨੂੰ ਬੜੀ ਧੂਮਧਾਮ ਨਾਲ ਬੈਂਡ ਵਾਜਿਆਂ ਨਾਲ ਬਬਾਣ ਦੇ ਰੂਪ ਵਿਚ ਲਿਜਾਇਆ ਜਾਂਦਾ ਹੈ। ਉਸ ਦੀ ਅਰਥੀ ਉੱਪਰ ਪੈਸੇ ਸੁੱਟੇ ਜਾਂਦੇ ਹਨ। ਇਨ੍ਹਾਂ ਪੈਸਿਆਂ ਨੂੰ ਇਕੱਠਾ ਕਰਕੇ ਭੋਲਾ ਤੇ ਮੱਦੀ ਫ਼ਿਲਮ ਦਾ ਸ਼ੋਅ ਵੇਖਣ ਚਲੇ ਜਾਂਦੇ ਹਨ। ਭੋਲੇ ਤੇ ਮੱਦੀ ਵੱਲੋਂ ਲਾਏ ਗਏ ਨਾਅਰੇ, 'ਸਾਡੇ ਬਾਜ਼ਾਰ ਦਾ ਪਾਗਲ ਜ਼ਿੰਦਾਬਾਦ' ਨਾਲ ਕਹਾਣੀ ਦਾ ਅੰਤ ਹੋ ਜਾਂਦਾ ਹੈ। ਕਹਾਣੀ ਵਿਚ ਮੰਗਤੇ ਦੀ ਜਿਉਂਦੇ ਜੀਅ ਕੋਈ ਹੋਂਦ ਨਾ ਹੋਣਾ ਅਤੇ ਮਰਨ ਤੋਂ ਬਾਅਦ ਉਸ ਦੀ 'ਹੋਂਦ' ਦਾ ਦਿਖਾਵਾਂ ਕਰਨਾ ਵਿਅੰਗ ਦੀ ਸਿਰਜਣਾ ਕਰਦਾ ਹੈ।

### 1.6.3.1.3 'ਬਾਜ਼ਾਰ ਦਾ ਮਾਤਮ' ਕਹਾਣੀ ਦੀ ਆਲੋਚਨਾਤਮਕ-ਪਰਖ

ਲੋਚਨ ਬਖ਼ਸ਼ੀ ਦੀ ਕਹਾਣੀ 'ਬਾਜ਼ਾਰ ਦਾ ਮਾਤਮ' ਇਕ ਪ੍ਰਤੀਕਾਤਮਕ ਕਹਾਣੀ ਹੈ। ਇਹ ਕਹਾਣੀ ਅਨਯ-ਪੁਰਖੀ ਬਿਰਤਾਂਤ ਵਾਲੀ ਹੈ। ਇਸ ਕਹਾਣੀ ਵਿਚਲੀਆਂ ਘਟਨਾਵਾਂ ਦਾ ਵਾਪਰਨ ਸਥਾਨ ਇਕ ਬਾਜ਼ਾਰ

ਹੈ। ਕਹਾਣੀ ਵਿਚ ਮੰਗਤੇ ਨੂੰ ਕੇਂਦਰੀ ਪਾਤਰ ਬਣਾਇਆ ਗਿਆ ਹੈ। ਜਿਸ ਦੀ ਮੌਤ ਹੋ ਚੁੱਕੀ ਹੈ। ਉਸ ਨਾਲ ਵਾਪਰੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਬਿਰਤਾਂਤਕ ਵਕਤੇ ਵੱਲੋਂ ਪੇਸ਼ ਹੋ ਰਹੀਆਂ ਹਨ। ਕਹਾਣੀ ਵਿਚ ਕਹੀ ਜਾਣ ਵਾਲੀ ਗੱਲ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਾਵਿ-ਪੰਕਤੀਆਂ ਤੇ ਗੁਰਬਾਣੀ ਦੇ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮਿਸਾਲ ਵਜੋਂ ਕੱਪੜਿਆਂ ਨਾਲ ਭਰੇ ਬਾਜ਼ਾਰ ਵਿਚ ਮੰਗਤੇ ਦੀ ਮੌਤ ਸਮੇਂ ਉਸ ਦੇ ਸਰੀਰ 'ਤੇ ਕੋਈ ਕੱਪੜਾ ਨਾ ਹੋਣ ਵਾਲੀ ਘਟਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕਰਨ ਲਈ ਇਸ ਜੁਗਤ ਦੀ ਵਰਤੋਂ ਕੀਤੀ ਗਈ ਹੈ। ਜਿਵੇਂ:

- 'ਅੰਜਨ ਮਾਹਿ ਨਿਰੰਜਨ'
- 'ਪਾਣੀ ਵਿਚ ਮੀਨ ਪਿਆਸੀ, ਮੋਹੇ ਸੁਨ ਸੁਨ ਆਵੇ ਹਾਸੀ'

ਇਸ ਤੋਂ ਬਿਨਾਂ ਕਹਾਣੀ ਬਿਰਤਾਂਤ ਵਿਚ ਕਾਵਿ ਜੁਗਤੀ ਦੀ ਇਕ ਹੋਰ ਉਦਾਹਰਨ ਇਸ ਪ੍ਰਕਾਰ ਹੈ:

'ਗਾਫ਼ਲ ਤੁਝੇ ਦੇਤਾ ਹੈ ਯਿਹ ਘੜਿਆਲ ਮੁਨਾਦੀ,

ਗਰਦੂੰ ਨੇ ਘੜੀ ਉਮਰ ਕੀ ਇਕ ਔਰ ਘਟਾ ਦੀ।

ਕਹਾਣੀ ਵਿਚ ਵਾਪਰ ਰਹੀਆਂ ਘਟਨਾਵਾਂ ਰਾਹੀਂ ਤਾਂ ਵਿਅੰਗ ਸਿਰਜਿਆ ਹੀ ਗਿਆ ਹੈ। ਇਸ ਤੋਂ ਬਿਨਾਂ ਕਹਾਣੀ ਵਿਚਲੇ ਪਾਤਰਾਂ ਦੀ ਵਾਰਤਾਲਾਪ ਰਾਹੀਂ ਵੀ ਸਮੁੱਚੀ ਸਥਿਤੀ ਉੱਪਰ ਵਿਅੰਗ ਸਿਰਜਿਆ ਗਿਆ ਹੈ। ਕਹਾਣੀ ਵਿਚ ਭੋਲੇ ਨਾਂ ਦੇ ਪਾਤਰ ਵੱਲੋਂ ਕਿਸੇ ਵਿਅਕਤੀ ਤੋਂ ਭੀੜ ਇਕੱਠੀ ਹੋਣ ਦਾ ਕਾਰਨ ਪੁੱਛੇ ਜਾਣ ਸਮੇਂ ਦੀ ਵਾਰਤਾਲਾਪ ਇਸ ਪ੍ਰਕਾਰ ਹੈ:

"ਕੌਣ ਮਰ ਗਿਆ?" ਭੋਲੇ ਨੇ ਕਿਸੇ ਤੋਂ ਪੁੱਛਿਆ।

"ਸਾਡੇ ਬਾਜ਼ਾਰ ਦਾ ਇਕ ਆਦਮੀ..."

"ਅਜੇ ਕਲ੍ਹ ਤੀਕ ਉਹ ਪਾਗਲ ਸੀ ਤੇ ਅੱਜ ਆਦਮੀ ਬਣ ਗਿਆ ਏ। ਕਮੀਨੇ!"

ਕਹਾਣੀ ਦਾ ਵਾਤਾਵਰਨ ਅਸਹਿਜਤਾ ਵਾਲਾ ਹੈ। ਕਹਾਣੀ ਵਿਚਲੇ ਵਿਅੰਗ ਦਾ ਪ੍ਰਭਾਵ ਇਸ ਕਦਰ ਗਹਿਰਾ ਹੈ ਕਿ ਇਹ ਵਾਤਾਵਰਨ ਨੂੰ ਹੋਰ ਗੰਭੀਰ ਬਣਾ ਦਿੰਦਾ ਹੈ। ਕਹਾਣੀ ਦਾ ਸਿਰਲੇਖ 'ਬਾਜ਼ਾਰ ਦਾ ਮਾਤਮ' ਕਹਾਣੀ ਦੇ ਵਿਸ਼ੇ ਅਨੁਸਾਰ ਹੈ। ਸਾਰੀ ਕਹਾਣੀ ਵਿਚ ਬਾਜ਼ਾਰ ਦਾ ਮਾਹੌਲ ਮਾਤਮ ਵਾਲਾ ਬਣਿਆ ਰਹਿੰਦਾ ਹੈ। ਬਾਜ਼ਾਰ ਇੱਥੇ ਪੂੰਜੀਵਾਦੀ ਸਮਾਜ ਦੇ ਪ੍ਰਤੀਕ ਦੇ ਰੂਪ ਵਿਚ ਵਰਤਿਆ ਗਿਆ ਹੈ। ਅਜਿਹੇ ਸਮਾਜ ਵਿਚ ਮਾਤਮ ਜਾਂ ਸੋਗ ਵਿਚ ਸ਼ਾਮਲ ਹੋਣਾ ਸਿਰਫ਼ ਦਿਖਾਵਾ ਮਾਤਰ ਹੈ। ਕਹਾਣੀ ਦੇ ਅਰਥਾਂ ਨੂੰ ਗਹਿਰਾਉਣ ਤੇ ਵਿਸਥਾਰ ਦੇਣ ਵਿਚ ਇਸ ਕਹਾਣੀ ਦੇ ਸਿਰਲੇਖ ਦੀ ਆਪਣੀ ਅਹਿਮੀਅਤ ਹੈ।

## ਸਵੈ ਮੁਲਾਂਕਣ

1. 'ਬਾਜ਼ਾਰ ਦਾ ਮਾਤਮ' ਕਹਾਣੀ ਦੇ ਕੇਂਦਰੀ ਪਾਤਰ ਦਾ ਨਾਂ ਕੀ ਹੈ?

   ..........................................................................................................

   ..........................................................................................................

2. 'ਬਾਜ਼ਾਰ ਦਾ ਮਾਤਮ' ਕਹਾਣੀ ਦੇ ਸਿਰਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰੋ।

....................................................................................................

....................................................................................................

### 1.6.3.2. 'ਕਰੀਰ ਦੀ ਢਿੰਗਰੀ' - ਗੁਰਦਿਆਲ ਸਿੰਘ

### 1.6.3.2.1 ਕਹਾਣੀਕਾਰ ਗੁਰਦਿਆਲ ਸਿੰਘ ਨਾਲ ਜਾਣ-ਪਛਾਣ

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦੀ ਬਹੁਤ ਚਰਚਿਤ ਤੇ ਜਾਣੀ-ਪਛਾਣੀ ਸਾਹਿਤਕ ਸ਼ਖ਼ਸੀਅਤ ਹੈ। ਉਸ ਦਾ ਜਨਮ 10 ਜਨਵਰੀ, 1933 ਨੂੰ ਜੈਤੋ, ਜ਼ਿਲ੍ਹਾ ਫਰੀਦਕੋਟ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਜਗਤ ਸਿੰਘ ਅਤੇ ਮਾਤਾ ਦਾ ਨਾਂ ਨਿਹਾਲ ਕੌਰ ਸੀ। ਉਸ ਨੇ ਐੱਮ. ਏ. ਪੰਜਾਬੀ ਤਕ ਦੀ ਪੜ੍ਹਾਈ ਕੀਤੀ। ਉਸ ਨੇ ਅਧਿਆਪਨ ਦਾ ਕਾਰਜ ਕਰਦੇ ਹੋਏ ਰੀਜ਼ਨਲ ਸੈਂਟਰ, ਬਠਿੰਡਾ ਵਿਚ ਪ੍ਰੋਫ਼ੈਸਰ ਵਜੋਂ ਸੇਵਾ ਨਿਭਾਈ। ਗੁਰਦਿਆਲ ਸਿੰਘ ਨੇ 'ਸੱਗੀ ਫੁੱਲ', 'ਚੰਨ ਦਾ ਬੂਟਾ', ਓਪਰਾ ਘਰ', 'ਕੁੱਤਾ 'ਤੇ ਆਦਮੀ', 'ਮਸਤੀ ਬੋਤਾ', 'ਰੁੱਖੇ ਮਿੱਸੇ ਬੰਦੇ', 'ਬੇਗਾਨਾ ਪਿੰਡ', 'ਕਰੀਰ ਦੀ ਢਿੰਗਰੀ' ਆਦਿ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ।

ਗੁਰਦਿਆਲ ਸਿੰਘ ਨੇ ਹੋਰਨਾਂ ਬਹੁਤ ਸਾਰੀਆਂ ਸਾਹਿਤਕ ਵਿਧਾਵਾਂ ਵਿਚ ਰਚਨਾ ਕੀਤੀ ਪਰ ਉਸ ਨੂੰ ਵਧੇਰੇ ਪ੍ਰਸਿੱਧੀ ਨਾਵਲਕਾਰ ਵਜੋਂ ਪ੍ਰਾਪਤ ਹੋਈ। ਉਸ ਨੇ ਪੰਜਾਬੀ ਨਾਵਲ ਨੂੰ ਨਵੇਂ ਮੁਕਾਮ ਤਕ ਪਹੁੰਚਾਇਆ। 'ਮੜ੍ਹੀ ਦਾ ਦੀਵਾ', 'ਅਣਹੋਏ', 'ਅੱਧ ਚਾਨਣੀ ਰਾਤ', 'ਪਰਸਾ' ਆਦਿ ਉਸ ਦੇ ਸ਼ਾਹਕਾਰ ਨਾਵਲ ਹਨ। ਉਸ ਨੂੰ ਸਾਹਿਤ ਰਚਨਾ ਲਈ ਬਹੁਤ ਸਾਰੇ ਇਨਾਮ-ਸਨਮਾਨ ਪ੍ਰਾਪਤ ਹੋਏ। ਭਾਰਤੀ ਸਾਹਿਤ ਅਕਾਦਮੀ ਵੱਲੋਂ ਉਸ ਨੂੰ 'ਅੱਧ ਚਾਨਣੀ ਰਾਤ' ਨਾਵਲ ਲਈ 1975 ਵਿਚ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ 'ਪਦਮ ਸ੍ਰੀ ਪੁਰਸਕਾਰ', 'ਗਿਆਨਪੀਠ ਪੁਰਸਕਾਰ', 'ਸੋਵੀਅਤ ਨਹਿਰੂ ਪੁਰਸਕਾਰ' ਆਦਿ ਸਨਮਾਨ ਪ੍ਰਾਪਤ ਹੋਏ। ਉਹ ਸਮਾਜ ਦੀ ਸਾਧਨ ਵਿਹੂਣੀ ਧਿਰ ਦੀ ਧਿਰ ਬਣਦਾ ਹੈ। ਜਿਹੜੇ ਲੋਕ ਸਮਾਜ ਵਿਚ 'ਹੁੰਦੇ ਹੋਏ' ਵੀ 'ਨਾ ਹੋਇਆ' ਵਰਗਾ ਜੀਵਨ ਜਿਊਂਦੇ ਹਨ, ਗੁਰਦਿਆਲ ਸਿੰਘ ਉਨ੍ਹਾਂ ਦੀ ਗੱਲ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਕਰਦਾ ਹੈ। ਇਸੇ ਲਈ ਉਸ ਨੂੰ 'ਅਣਹੋਇਆਂ' ਦਾ ਸਾਹਿਤਕਾਰ ਕਿਹਾ ਜਾਂਦਾ ਹੈ।

### 1.6.3.2.2 'ਕਰੀਰ ਦੀ ਢਿੰਗਰੀ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਕਰੀਰ ਦੀ ਢਿੰਗਰੀ' ਕਹਾਣੀ ਗੁਰਦਿਆਲ ਸਿੰਘ ਦੀ ਪ੍ਰਸਿੱਧ ਕਹਾਣੀ ਹੈ। ਕਹਾਣੀ ਵਿਚ ਪੇਸ਼ ਹੁੰਦਾ ਹੈ ਕਿ ਕਿਵੇਂ ਔਰਤ ਦੇ ਪੇਕੇ ਘਰ ਦੀ ਗਰੀਬੀ ਸਹੁਰੇ ਪਰਿਵਾਰ ਦੇ ਸ਼ਰੀਕੇ ਵਿਚ ਉਸ ਦੇ ਦੁਖਾਂਤ ਦਾ ਕਾਰਨ ਬਣਦੀ ਹੈ। ਗਰੀਬ ਪਰਿਵਾਰ ਦੇ ਤਰਸਯੋਗ ਹਾਲਾਤ ਦਰਮਿਆਨ ਔਰਤ ਦੀ ਨਿਵੇਕਲੀ ਦੁਖਾਂਤਕ ਹੋਣੀ ਨੂੰ ਕਹਾਣੀ ਵਿਚ ਵਿਸ਼ੇਸ਼ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਔਰਤ ਦੀ ਇਸ ਤਰਾਸਦੀ ਨੂੰ ਕਹਾਣੀ ਵਿਚ ਬਲੰਤੋ ਨਾਂ ਦੀ ਪਾਤਰ ਰਾਹੀਂ ਚਿਤਰਿਆ ਗਿਆ ਹੈ। ਦਾਜ ਇਸ ਕਹਾਣੀ ਦਾ ਮੂਲ ਧੁਰਾ ਬਣਦਾ ਹੋਇਆ ਸੰਕਟ ਪੈਦਾ ਕਰਦਾ ਹੈ। ਇਸ ਸੰਕਟ ਦੁਆਲੇ ਹੀ ਸਮੁੱਚੀ ਕਹਾਣੀ ਦਾ ਘਟਨਾ-ਕ੍ਰਮ ਸਿਰਜਿਆ ਗਿਆ ਹੈ।

ਗਿਆਲੇ ਦੀ ਪਤਨੀ ਬਲੰਤੋ ਗਰੀਬ ਪਰਿਵਾਰ ਵਿਚੋਂ ਹੈ। ਉਸ ਦੇ ਸਹੁਰੇ ਪਰਿਵਾਰ ਵੱਲੋਂ ਦਾਜ ਨਾ ਮਿਲਣ ਕਾਰਨ ਉਸ ਨੂੰ ਮੰਦਾ-ਚੰਗਾ ਬੋਲਿਆ ਜਾਂਦਾ ਹੈ। ਗਿਆਲੇ ਨੂੰ ਦਿੱਤੇ ਵਚਨ ਨੂੰ ਪੁਗਾਉਂਦੀ ਹੋਈ ਉਹ ਸਹੁਰੇ ਪਰਿਵਾਰ ਵਿਚ ਕਿਸੇ ਨੂੰ ਅੱਗੋਂ ਮੋੜਵਾਂ ਜਵਾਬ ਨਹੀਂ ਦਿੰਦੀ। ਗਿਆਲੇ ਦੇ ਛੋਟੇ ਭਰਾ ਮਾਘੀ ਦਾ ਵਿਆਹ ਹੁੰਦਾ ਹੈ ਤਾਂ ਉਸ ਦੇ ਸਹੁਰਿਆਂ ਵੱਲੋਂ ਦਾਜ ਨਾਲ ਘਰ ਭਰ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਗਿਆਲੇ ਨੂੰ ਘਰ

ਵਿਚੋਂ ਅੱਡ ਕਰ ਦਿੱਤਾ ਜਾਂਦਾ ਹੈ। ਜ਼ਮੀਨ ਤੇ ਹੋਰ ਸਮਾਨ ਦੀ ਵੰਡ ਦੌਰਾਨ ਗਿਆਲੇ ਨਾਲ ਕਾਣੀ ਵੰਡ ਕੀਤੀ ਜਾਂਦੀ ਹੈ। ਉਹ ਆਪਣੇ ਨਰਮ ਸੁਭਾਅ ਕਾਰਨ ਕੁਝ ਨਾ ਬੋਲਦਾ ਹੋਇਆ ਇਸ ਵੰਡ ਨੂੰ ਸਵੀਕਾਰ ਕਰ ਲੈਂਦਾ ਹੈ। ਅੱਡ ਹੋਣ ਦੇ ਬਾਵਜੂਦ ਵੀ ਬਲੰਤੋ ਦਾ ਸਹੁਰਾ ਤੇ ਦਿਓਰ ਮਾਘੀ ਉਸ ਨੂੰ ਮਾੜਾ-ਚੰਗਾ ਬੋਲਦੇ ਰਹਿੰਦੇ ਹਨ। ਬਲੰਤੋ ਕਿਸੇ ਤਰ੍ਹਾਂ ਦਾ ਕੋਈ ਮੋੜਵਾਂ ਜਵਾਬ ਨਹੀਂ ਦਿੰਦੀ। ਬਲੰਤੋ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਜਾਂਦੀ ਹੈ। ਇਕ ਦਿਨ ਗੁੱਸੇ ਵਿਚ ਆਏ ਸਹੁਰਾ ਤੇ ਮਾਘੀ ਜਦੋਂ ਬਲੰਤੋ ਨੂੰ ਮਾਰਨ ਪੈਂਦੇ ਹਨ ਤਾਂ ਬਲੰਤੋ ਦਾ ਏਨੇ ਸਾਲਾ ਦਾ ਦੱਬਿਆ ਗੁੱਸਾ ਫੁੱਟ ਪੈਂਦਾ ਹੈ। ਉਹ ਘੋਟਾ ਮਾਰ ਕੇ ਮਾਘੀ ਦੀ ਬਾਂਹ ਤੋੜ ਦਿੰਦੀ ਹੈ। ਨੰਬਰਦਾਰ ਵਰਗੇ ਜਦੋਂ ਬਲੰਤੋ ਨੂੰ ਅਪਸ਼ਬਦ ਬੋਲਣ ਲਗਦੇ ਹਨ ਤਾਂ ਉਹ ਉਨ੍ਹਾਂ ਨੂੰ ਵੀ ਵਰਜ ਦਿੰਦੀ ਹੈ। ਇਸ ਘਟਨਾ ਤੋਂ ਸੱਤ ਦਿਨ ਬਾਅਦ ਉਸ ਦੀ ਮੌਤ ਨਾਲ ਕਹਾਣੀ ਦਾ ਅੰਤ ਹੋ ਜਾਂਦਾ ਹੈ।

ਕਹਾਣੀ ਵਿਚ ਔਰਤ ਦੀ ਸਮਾਜ ਵਿਚ ਦੁਜੈਲੀ ਸਥਿਤੀ ਨੂੰ ਵਿਸ਼ੇਸ਼ ਤੌਰ ’ਤੇ ਪੇਸ਼ ਕੀਤਾ ਗਿਆ ਹੈ। ਸਮਾਜ ਵਿਚ ਔਰਤ ਆਪਣੀ ਵੱਖਰੀ ਪਛਾਣ ਕਰਕੇ ਬਹੁਤ ਪੱਧਰਾ ਉੱਪਰ ਦੁੱਖ ਸਹਿੰਦੀ ਹੈ। ਕਹਾਣੀ ਵਿਚ ਪੇਕੇ ਪਰਿਵਾਰ ਦੀ ਗਰੀਬੀ ਔਰਤ ਦੇ ਦੁਖਾਂਤ ਦਾ ਕਾਰਨ ਬਣਦੀ ਹੈ। ਬਲੰਤੋ ਦੇ ਵਿਅਕਤੀਤਵ ਦੇ ਬਾਕੀ ਸਾਰੇ ਗੁਣ ਸਹੁਰੇ ਪਰਿਵਾਰ ਦੀ ਇੱਛਾ ਮੁਤਾਬਿਕ ਦਾਜ ਨਾ ਲਿਆਉਣ ਕਾਰਨ ਅਣਦੇਖੇ ਕਰ ਦਿੱਤੇ ਜਾਂਦੇ ਹਨ। ਰਿਸ਼ਤੇ ਵਿਚ ਦਿਓਰ ਲਗਦੇ ਮਾਘੀ ਨੂੰ ਵਿਆਹ ਵਿਚ ਮਿਲਿਆ ਦਾਜ ਬਲੰਤੋ ਦੇ ਸਹੁਰੇ ਪਰਿਵਾਰ ਵੱਲੋਂ ਮਿਲਣ ਵਾਲੇ ਤਾਹਨੇ ਮਿਹਣਿਆਂ ਵਿਚ ਹੋਰ ਵਾਧਾ ਕਰ ਦਿੰਦਾ ਹੈ। ਸੱਸ ਵੱਲੋਂ ਸਿੱਧੇ ਰੂਪ ਵਿਚ ਅਤੇ ਦਰਾਣੀ ਵੱਲੋਂ ਅਸਿੱਧੇ ਰੂਪ ਵਿਚ ਦਿੱਤੇ ਜਾਂਦੇ ਮਿਹਣੇ ਔਰਤ ਨੂੰ ਔਰਤ ਦੀ ਦੁਸ਼ਮਣ ਵਜੋਂ ਪੇਸ਼ ਕਰਦੇ ਹੈ।

ਬਲੰਤੋ ਦਾ ਪਤੀ ਗਿਆਲਾ ਨਰਮ ਸੁਭਾਅ ਕਾਰਨ ਆਰਥਿਕ ਤੇ ਮਾਨਸਿਕ ਦੁਖਾਂਤ ਦਾ ਸ਼ਿਕਾਰ ਹੁੰਦਾ ਹੈ। ਗਿਆਲੇ ਨੂੰ ਪਿਤਾ ਤੇ ਭਰਾ ਵੱਲੋਂ ਕਾਣੀ ਵੰਡ ਕਰਕੇ ਅਲੱਗ ਕਰ ਦਿੱਤਾ ਜਾਂਦਾ ਹੈ। ਉਹ ਮਾਤਾ-ਪਿਤਾ ਦੇ ਸਤਿਕਾਰ ਅਤੇ ਨਰਮ ਸੁਭਾਅ ਕਾਰਨ ਚੁੱਪ-ਚਾਪ ਆਰਥਿਕ ਘਾਟਾ ਸਹਿਣ ਕਰ ਲੈਂਦਾ ਹੈ। ਗਿਆਲੇ ਦੀ ਲੋੜੋਂ ਵੱਧ ਇਹ ਨਰਮਾਈ ਇਕੱਲੇ ਉਸ ਲਈ ਹੀ ਨਹੀਂ ਬਲਕਿ ਉਸ ਦੀ ਪਤਨੀ ਬਲੰਤੋ ਤੇ ਤਿੰਨਾਂ ਬੱਚਿਆਂ ਲਈ ਵੀ ਸੰਕਟ ਬਣਦੀ ਹੈ। ਗਿਆਲੇ ਦਾ ਚੁੱਪ-ਚਾਪ ਵਧੀਕੀਆਂ ਸਹਿਣਾ ਤੇ ਬਲੰਤੋ ਉੱਪਰ ਮਾਨਸਿਕ ਤਸ਼ੱਦਦ ਹੁੰਦੇ ਦੇਖਣਾ, ਉਸ ਦਾ ਲੁਕਵੇਂ ਰੂਪ ਵਿਚ ਵਿਰੋਧੀ ਧਿਰ ਨਾਲ ਖੜਨ ਬਰਾਬਰ ਹੈ।

ਕਹਾਣੀ ਵਿਚ ਮਰਦ ਪ੍ਰਧਾਨ ਸਮਾਜ ਵਿਚਲੀ ਔਰਤ ਵਿਰੋਧੀ ਮਾਨਸਿਕਤਾ ਨੂੰ ਵੀ ਪੇਸ਼ ਕੀਤਾ ਗਿਆ ਹੈ। ਸੱਸ ਤੇ ਸਹੁਰੇ ਅੱਗੇ ਨਾ ਬੋਲਣ ਦੇ ਆਪਣੇ ਪਤੀ ਨੂੰ ਦਿੱਤੇ ਵਚਨ ਨੂੰ ਬਲੰਤੋ ਵਿਆਹ ਤੋਂ ਲੰਮੇ ਸਮੇਂ ਬਾਅਦ ਤਕ ਨਿਭਾਉਂਦੀ ਹੈ। ਇਕ ਦਿਨ ਸਹੁਰਾ ਤੇ ਮਾਘੀ ਬਲੰਤੋ ਨੂੰ ਮਾਰਨ ਪੈਂਦੇ ਹਨ ਤਾਂ ਗਿਆਲੇ ਵੱਲੋਂ ਵਚਨ ਦੇ ਰੂਪ ਵਿਚ ਅੜਾਈ ‘ਕਰੀਰ ਦੀ ਢਿੰਗਰੀ’ ਟੁੱਟ ਜਾਂਦੀ ਹੈ। ਸਬਰ ਦਾ ਬੰਨ੍ਹ ਟੁੱਟਦਿਆਂ ਹੀ ਬਲੰਤੋ ਦੇ ਮਨ ਅੰਦਰ ਕਈ ਸਾਲਾ ਦਾ ਭਰਿਆ ਗੁਬਾਰ ਸਹੁਰੇ ਤੇ ਮਾਘੀ ਉੱਪਰ ਗੁੱਸੇ ਦੇ ਰੂਪ ਵਿਚ ਨਿਕਲਦਾ ਹੈ। ਇਸ ਘਟਨਾ ਤੋਂ ਬਾਅਦ ਨੰਬਰਦਾਰ ਅਤੇ ਪਿੰਡ ਦੀ ਜੁੜੀ ਭੀੜ ਦੇ ਬੋਲ ਔਰਤ ਵਿਰੋਧੀ ਮਾਨਸਿਕਤਾ ਨੂੰ ਪ੍ਰਗਟ ਕਰਦੇ ਹਨ। ਇਹ ਉਹ ਧਿਰ ਹੈ ਜੋ ਗਲਤ ਹੁੰਦਾ ਹੋਇਆ ਦੇਖ ਕੇ ਵੀ ਅਣਦੇਖਿਆ ਕਰਦੀ ਹੈ। ਇਸ ਦੀ ਨਿਸ਼ਾਨਦੇਹੀ ਬਲੰਤੋ ਦੇ ਬੋਲ ਕਰਦੇ ਹਨ:

> ਜਦੋਂ ਇਹ ਮੇਰੇ ਨਾਲ ਤੇਰ੍ਹਵੀਆਂ ਕਰਦੇ ਹੁੰਦੇ ਸੀ ਓਦੋਂ ਤੂੰ ਵੱਡਾ ਪੰਚੈਤੀ ਕਿੱਥੇ ਗਿਆ ਸੀ...
> ਏਸੇ ਪਿੰਡ ਵਸਦਾ ਸੀ ਕਿ ਕਿਤੇ ਹੋਰ?

ਜਦੋਂ ਔਰਤ ਵੱਲੋਂ ਆਪਣੇ ਨਾਲ ਹੁੰਦੇ ਧੱਕੇ ਤੇ ਵਧੀਕੀਆਂ ਲਈ ਆਪ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਮਰਦ ਪ੍ਰਧਾਨ ਸਮਾਜ ਵਿਚ ਔਰਤ ਵਿਰੋਧੀ ਸੋਚ ਵਾਲਿਆਂ ਲਈ ਇਸ ਨੂੰ ਸਹਿਣ ਕਰਨਾ ਔਖਾ ਹੋ ਜਾਂਦਾ ਹੈ। ਇਸ ਤਰ੍ਹਾਂ ਮਾੜੀ ਆਰਥਿਕਤਾ, ਗਰੀਬ ਕਿਸਾਨੀ, ਔਰਤ ਹੀ ਔਰਤ ਦੀ ਵਿਰੋਧੀ, ਮਰਦਾਵੀਂ ਹੈਂਕੜ ਆਦਿ ਪੱਖਾਂ ਨੂੰ ਕਹਾਣੀ ਵਿਚਲੀਆਂ ਘਟਨਾਵਾਂ ਰਾਹੀਂ ਉਭਾਰਿਆ ਗਿਆ ਹੈ।

### 1.6.3.2.3 'ਕਰੀਰ ਦੀ ਢਿੰਗਰੀ' ਕਹਾਣੀ ਦੀ ਆਲੋਚਨਾਤਮਕ-ਪਰਖ

ਗੁਰਦਿਆਲ ਸਿੰਘ ਨੇ 'ਕਰੀਰ ਦੀ ਢਿੰਗਰੀ' ਕਹਾਣੀ ਨੂੰ ਅਨਯ-ਪੁਰਖੀ ਬਿਰਤਾਂਤ ਰਾਹੀਂ ਪੇਸ਼ ਕੀਤੀ ਹੈ। ਕਹਾਣੀ ਵਿਚਲੀਆਂ ਘਟਨਾਵਾਂ ਦਾ ਵਾਪਰਨ ਸਥਾਨ ਪਿੰਡ ਹੈ। ਕਹਾਣੀ ਦੀ ਮੁੱਖ ਪਾਤਰ ਬਲੰਤੋ ਹੈ। ਬਲੰਤੋ ਦਾ ਪਾਤਰ ਬਿੰਬ ਸਮੁੱਚੀ ਕਹਾਣੀ ਵਿਚੋਂ ਤਾਂ ਉੱਭਰ ਕੇ ਸਾਹਮਣੇ ਆਉਂਦਾ ਹੈ ਪਰ ਇਸ ਪਾਤਰ ਦੀ ਬਾਹਰੀ ਦਿਖ ਵਾਲੇ ਬਿੰਬ ਨੂੰ ਵਿਸ਼ੇਸ਼ ਤੌਰ 'ਤੇ ਚਿਤਰਿਆ ਗਿਆ ਹੈ। ਕਹਾਣੀ ਵਿਚ ਬਲੰਤੋ ਦੀ ਸੁੰਦਰਤਾ ਵਾਲੇ ਬਿੰਬ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

> ਜਦੋਂ ਬਲੰਤੋ ਵਿਆਹੀ ਆਈ ਸੀ... ਪਿੰਡ ਦੀ ਸਭ ਤੋਂ ਵਡੀ ਨਘੋਚਣ, ਸੋਧਾਂ ਨੈਣ ਨੂੰ ਵੀ ਕੋਈ ਘਾਟ ਨਹੀਂ ਸੀ ਦਿਸੀ। ਉਹ ਉਹਦੇ ਰੂਪ ਨੂੰ ਕੋਈ ਉਪਮਾ ਨਹੀਂ ਸੀ ਦੇ ਸਕੀ। 'ਪਰੀ ਵਰਗੀ', 'ਮੂਰਤ ਵਰਗੀ' ਤੇ 'ਫੂਲਾਂ ਰਾਣੀ' ਵਰਗੇ ਸਾਰੇ ਸ਼ਬਦ ਉਹਨੂੰ ਫੋਕੇ ਫੋਕੇ ਲੱਗੇ ਸਨ।

ਗੁਰਦਿਆਲ ਸਿੰਘ ਨੇ ਇਸ ਕਹਾਣੀ ਵਿਚ ਦ੍ਰਿਸ਼ ਚਿਤਰਨ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਹੈ। ਕਹਾਣੀ ਦਾ ਵਾਤਾਵਰਨ ਮਾਲਵੇ ਦੇ ਪੇਂਡੂ ਜੀਵਨ ਨਾਲ ਸੰਬੰਧਿਤ ਹੈ। ਮਲਵਈ ਭਾਸ਼ਾ ਦੀ ਵਰਤੋਂ ਬੜੇ ਕਲਾਮਈ ਢੰਗ ਰਾਹੀਂ ਕੀਤੀ ਗਈ ਹੈ। ਸੰਬੰਧਿਤ ਇਲਾਕੇ ਦੀ ਭਾਸ਼ਾ ਦੀ ਅਜਿਹੀ ਵਰਤੋਂ ਯਥਾਰਥ ਦਾ ਪ੍ਰਭਾਵ ਸਿਰਜਣ ਵਿਚ ਸਹਾਈ ਹੁੰਦੀ ਹੈ।

### ਸਵੈ ਮੁਲਾਂਕਣ

1. 'ਕਰੀਰ ਦੀ ਢਿੰਗਰੀ' ਕਹਾਣੀ ਦੇ ਲੇਖਕ ਦਾ ਨਾਂ ਦੱਸੋ।

   ..........................................................................................................

   ..........................................................................................................

2. 'ਕਰੀਰ ਦੀ ਢਿੰਗਰੀ' ਕਹਾਣੀ ਵਿਚ ਪੰਜਾਬ ਦੇ ਕਿਹੜੇ ਖ਼ਿੱਤੇ ਦੀ ਕਿਹੜੀ ਉਪ-ਭਾਸ਼ਾ ਵਰਤੀ ਗਈ ਹੈ?

   ..........................................................................................................

   ..........................................................................................................

### 1.6.3.3 'ਠੱਗੀ' - ਗੁਲਜ਼ਾਰ ਸਿੰਘ ਸੰਧੂ

### 1.6.3.3.1 ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਨਾਲ ਜਾਣ-ਪਛਾਣ

ਗੁਲਜ਼ਾਰ ਸਿੰਘ ਸੰਧੂ ਪੰਜਾਬੀ ਸਾਹਿਤ ਦੇ ਪ੍ਰਸਿੱਧ ਸਾਹਿਤਕਾਰਾਂ ਵਿਚ ਸ਼ੁਮਾਰ ਲੇਖਕ ਹੈ। ਉਸ ਦਾ ਜਨਮ 22 ਮਾਰਚ, 1934 ਨੂੰ ਨਾਨਕੇ ਪਿੰਡ ਕੋਟਲਾ ਬਡਲਾ (ਲੁਧਿਆਣਾ) ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਹਰੀ ਸਿੰਘ ਅਤੇ ਮਾਤਾ ਦਾ ਨਾਂ ਗੁਰਚਰਨ ਕੌਰ ਸੀ। ਉਸ ਨੇ ਇਕ ਤੋਂ ਵਧੇਰੇ ਸਾਹਿਤਕ ਵਿਧਾਵਾਂ ਵਿਚ ਰਚਨਾ ਕਰਦਿਆਂ ਹੋਇਆਂ ਬਹੁ-ਵਿਧਾਵੀ ਸਾਹਿਤਕਾਰ ਵਜੋਂ ਆਪਣੀ ਪਛਾਣ ਸਥਾਪਤ ਕੀਤੀ। ਉਸ ਨੂੰ ਵਧੇਰੇ

ਪ੍ਰਸਿੱਧੀ ਕਹਾਣੀਕਾਰ ਵਜੋਂ ਮਿਲੀ। ਉਸ ਨੇ 'ਹੁਸਨ ਦੇ ਹਾਣੀ' (1963), 'ਇਕ ਸਾਂਝ ਪੁਰਾਣੀ' (1965), 'ਸੋਨੇ ਦੀ ਇੱਟ' (1970), 'ਅਮਰ ਕਥਾ' (1978), 'ਗਮਲੇ ਦੀ ਵੇਲ' (1984), 'ਰੁਦਨ ਬਿੱਲੀਆਂ ਦਾ' (1998), 'ਚੋਣਵੀਂਆਂ ਕਹਾਣੀਆਂ: ਇਸਤਰੀ ਮਾਣ ਮਰਿਆਦਾ ਦਾ ਰੰਗ' (2004), 'ਦਿਨ ਦੀਵੀਂ ਲੁੱਟ' (2007) ਵਰਗੇ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ। ਉਸ ਨੇ 2014 ਵਿਚ 'ਕੁੱਲ ਕਹਾਣੀਆਂ' ਸੰਗ੍ਰਹਿ ਵਿਚ ਆਪਣੀਆਂ ਸਾਰੀਆਂ ਕਹਾਣੀਆਂ ਨੂੰ ਪ੍ਰਕਾਸ਼ਿਤ ਕੀਤਾ। 'ਅਮਰ ਕਥਾ' ਕਹਾਣੀ ਸੰਗ੍ਰਹਿ ਲਈ ਉਸ ਨੂੰ 1982 ਵਿਚ 'ਸਾਹਿਤ ਅਕਾਦਮੀ, ਦਿੱਲੀ' ਵੱਲੋਂ ਸਨਮਾਨ ਪ੍ਰਾਪਤ ਹੋਇਆ। ਉਸ ਨੇ ਕਹਾਣੀ ਤੋਂ ਬਿਨਾਂ ਨਾਵਲ, ਨਿੱਕੇ ਨਾਵਲ, ਵਾਰਤਕ, ਅਨੁਵਾਦ ਆਦਿ ਰਾਹੀਂ ਪੰਜਾਬੀ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ।

### 1.6.3.3.2 'ਠੱਗੀ' ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਠੱਗੀ' ਕਹਾਣੀ ਵਿਚ ਬੁਢਾਪੇ ਅਤੇ ਬਿਮਾਰੀ ਦੀ ਅਵਸਥਾ ਦੇ ਸਮੇਂ ਪਲ-ਪਲ ਬਦਲਦੀ ਮਾਨਸਿਕ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜੇਕਰ ਕਿਸੇ ਪ੍ਰਕਾਰ ਦੀ ਅਣਹੋਣੀ ਜਾਂ ਦੁਖਾਂਤ ਸਾਂਝੇ ਰੂਪ ਵਿਚ ਵਾਪਰਦਾ ਹੈ ਤਾਂ ਅਜਿਹਾ ਵਰਤਾਰਾ ਬੰਦੇ ਦੇ ਮਾਨਸਿਕ ਪੱਧਰ ਉੱਪਰ ਦੁਖਾਂਤ ਦੇ ਪ੍ਰਭਾਵ ਨੂੰ ਘਟਾ ਦਿੰਦਾ ਹੈ। ਇਸ ਕਹਾਣੀ ਵਿਚ ਬੇਬੇ ਅਤੇ ਨਸੀਬ ਕੇਂਦਰੀ ਪਾਤਰ ਹਨ। ਬੇਬੇ ਦੀ ਨਸੀਬ ਨਾਲ ਵਾਰਤਾਲਾਪ ਰਾਹੀਂ ਜਾਂ ਉਸ ਦੀਆਂ ਆਪਣੇ ਮਨ ਹੀ ਮਨ ਕੀਤੀਆਂ ਗਈਆਂ ਸੋਚਾਂ-ਵਿਚਾਰਾਂ ਰਾਹੀਂ ਕਹਾਣੀ ਆਦਿ ਤੋਂ ਅੰਤ ਤਕ ਆਪਣਾ ਸਫ਼ਰ ਤੈਅ ਕਰਦੀ ਹੈ। ਬੇਬੇ ਪਾਤਰ ਦੀ ਮਾਨਸਿਕ ਸਥਿਤੀ ਅਤੇ ਇਸ ਵਿਚ ਲਗਾਤਾਰ ਵਾਪਰਦੇ ਪਰਿਵਰਤਨ ਨੂੰ ਕਹਾਣੀ ਵਿਚ ਵੱਖ-ਵੱਖ ਘਟਨਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ।

ਕਹਾਣੀ ਵਿਚ ਬਜ਼ੁਰਗਾਂ ਵੱਲੋਂ ਆਪਣੇ ਤੋਂ ਛੋਟਿਆਂ ਨਾਲ ਮੋਹ ਤੇ ਪਿਆਰ ਵਾਲੀ ਭਾਵਨਾ ਨੂੰ ਪੇਸ਼ ਕੀਤਾ ਗਿਆ ਹੈ। ਬਜ਼ੁਰਗਾਂ ਦੇ ਇਸ ਮੋਹ ਨੂੰ ਪਰਿਵਾਰਿਕ ਪੱਧਰ ਉੱਪਰ ਨਹੀਂ ਬਲਕਿ ਪਿੰਡ ਪੱਧਰ ਪੇਸ਼ ਕੀਤਾ ਗਿਆ ਹੈ। ਨਸੀਬ ਦਾ ਜੰਮੂ ਵਾਲੀ ਬੇਬੇ ਨਾਲ ਕੋਈ ਪਰਿਵਾਰਿਕ ਰਿਸ਼ਤਾ-ਨਾਤਾ ਨਹੀਂ। ਬੇਬੇ ਦਾ ਨਸੀਬ ਨਾਲ ਮੋਹ ਇਕੋ ਪਿੰਡ ਵਿਚ ਰਹਿਣ ਕਾਰਨ ਹੈ। ਕਹਾਣੀ ਦਾ ਆਰੰਭ ਇਸ ਪੱਖ ਨੂੰ ਉਭਾਰਦਾ ਹੈ। ਕਹਾਣੀ ਵਿਚ ਨਸੀਬ ਜਦੋਂ ਛੁੱਟੀ ਆਉਂਦਾ ਹੈ ਤਾਂ ਜੰਮੂ ਵਾਲੀ ਬੇਬੇ ਨੂੰ ਜ਼ਰੂਰ ਮਿਲਦਾ ਹੈ। ਬੇਬੇ ਵੀ ਅੱਗੋਂ ਉਸ ਨਾਲ ਮੋਹ ਜਤਾਉਂਦੀ ਹੋਈ ਕਈ ਤਰ੍ਹਾਂ ਦੇ ਸਵਾਲ ਪੁੱਛਦੀ ਹੈ ਜਿਵੇਂ, 'ਕਦੋਂ ਆਇਆ ਮੇਰੇ ਮਹਿਲਾਂ ਦਾ ਤੋਤਾ? ਕਿੰਨੀ ਨੌਕਰੀ ਐ ਹੁਣ ਤੇਰੀ? ਪ੍ਰਦੇਸ ਰਹਿਣਾ ਤਾਂ ਕੈਦ ਕੱਟਣ ਵਾਂਗ ਹੁੰਦੈ। ਪਰ ਕੀ ਮਾੜੈ? ਢਿੱਡ ਦੀ ਖ਼ਾਤਰ ਦੁਨੀਆ ਬਹੁਤ ਕੁਝ ਕਰਦੀ ਏ।' ਨਸੀਬ ਦਾ ਪਿੰਡ ਆਉਣ 'ਤੇ ਹਰ ਵਾਰ ਬੇਬੇ ਨੂੰ ਮਿਲਣਾ ਪੇਂਡੂ ਸਮਾਜ ਵਿਚ ਉਚੇਚੇ ਤੌਰ 'ਤੇ ਵੱਡਿਆਂ ਦੇ ਆਦਰ-ਸਤਿਕਾਰ ਨੂੰ ਦਿੱਤੀ ਜਾਂਦੀ ਅਹਿਮੀਅਤ ਨੂੰ ਦਰਸਾਉਂਦਾ ਹੈ।

ਕਹਾਣੀ ਬਿਮਾਰੀ ਕਾਰਨ ਬਜ਼ੁਰਗਾਂ ਦੇ ਮੰਜੇ ਉੱਪਰ ਪੈ ਜਾਣ ਤੋਂ ਬਾਅਦ ਦੀ ਤਰਸਯੋਗ ਹਾਲਤ ਅਤੇ ਮਾਨਸਿਕ ਸਥਿਤੀ ਨੂੰ ਵੀ ਪੇਸ਼ ਕਰਦੀ ਹੈ। ਇਕ ਵਾਰੀ ਜਦੋਂ ਨਸੀਬ ਆਪਣੀ ਭੈਣ ਦੇ ਵਿਆਹ ਲਈ ਪਿੰਡ ਆਉਂਦਾ ਹੈ ਤਾਂ ਉਸ ਨੂੰ ਜੰਮੂ ਵਾਲੀ ਬੇਬੇ ਨੂੰ ਅਧਰੰਗ ਹੋਣ ਬਾਰੇ ਪਤਾ ਲਗਦਾ ਹੈ। ਬੇਬੇ ਦੇ ਚਾਰੇ ਪੁੱਤਰ ਉਸ ਦੀ ਮੰਜੀ ਤੂੜੀ ਵਾਲੇ ਕੋਠੇ ਵਿਚ ਡਾਹ ਦਿੰਦੇ ਹਨ। ਪੁੱਤਰ ਤਾਂ ਪਹਿਲਾਂ ਵੀ ਉਸ ਦੇ ਕਾਬੂ ਵਿਚ ਨਹੀਂ ਹੁੰਦੇ, ਹੁਣ ਨੂੰਹਾਂ ਵੀ ਗੱਲ ਮੰਨਣੋਂ ਹਟ ਜਾਂਦੀਆਂ ਹਨ। ਬੇਬੇ ਦੀ ਬਿਮਾਰੀ ਅਤੇ ਰੁਤਬੇ ਵਿਚ ਆਇਆ ਨਿਘਾਰ ਮਾਨਸਿਕ ਅਵਸਥਾ ਨੂੰ ਪ੍ਰਭਾਵਿਤ ਕਰਦਾ ਹੈ। ਬੇਬੇ ਦੀ ਅਜਿਹੀ ਮਾਨਸਿਕ ਸਥਿਤੀ ਨੂੰ ਕਹਾਣੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ:

> ਉਸ ਨੂੰ ਜਾਪਦਾ ਕਿ ਮੱਝ ਗਊ ਵਾਲੀ ਖੁਰਲੀ ਤੇ ਬੰਨ੍ਹ ਛੱਡੀ ਹੈ ਤੇ ਗਊ ਬੱਕਰੀ ਵਾਲੇ ਕਿੱਲੇ ਤੇ।... ਪਰ ਉਹ ਬੇਵਸ ਸੀ, ਸਭ ਕੁਝ ਅੰਦਰੇ ਅੰਦਰ ਪੀਂਦੀ ਜਾਂਦੀ।

ਨਸੀਬ ਨੂੰ ਜੰਮੂ ਵਾਲੀ ਬੇਬੇ ਬਾਰੇ ਸੁਣ ਕੇ ਬੜਾ ਦੁੱਖ ਹੁੰਦਾ ਹੈ। ਬੇਬੇ ਜੋ ਪਿੰਡ ਦੇ ਹਰ ਜੀਅ ਦੀ ਖ਼ਬਰ-ਸਾਰ ਲਏ ਬਿਨਾਂ ਨਹੀਂ ਰਹਿੰਦੀ ਸੀ, ਉਹ ਸਾਰਾ ਦਿਨ ਮੰਜੀ ਉੱਪਰ ਪਈ ਰਹਿੰਦੀ ਹੈ। ਪਿੰਡ ਦੇ ਹਰ ਕੰਮ ਵਿਚ ਮੋਹਰੀ ਰਹਿਣ ਵਾਲੀ ਬੇਬੇ ਦੀ ਅਜਿਹੀ ਹਾਲਤ ਕਹਾਣੀ ਵਿਚ ਦੁਖਾਂਤਕ ਸਥਿਤੀ ਨੂੰ ਸਿਰਜਦੀ ਹੈ। ਬੇਬੇ ਮਨ ਹੀ ਮਨ ਸੋਚਦੀ ਹੈ ਕਿ ਉਹ ਆਪਣੀ ਅਧਰੰਗ ਦੀ ਬਿਮਾਰੀ ਦੇ ਇਲਾਜ ਬਾਰੇ ਨਸੀਬ ਨੂੰ ਪੁੱਛੇ। ਉਹ ਕਈ ਥਾਵਾਂ ਉੱਪਰ ਕੰਮ ਦੇ ਸਿਲਸਿਲੇ ਵਿਚ ਜਾਂਦਾ ਰਹਿੰਦਾ ਹੈ। ਸ਼ਾਇਦ ਉਸ ਨੂੰ ਪਤਾ ਹੋਵੇਗਾ ਕਿ ਇਸ ਬਿਮਾਰੀ ਦੇ ਇਲਾਜ ਲਈ ਕੋਈ ਦਵਾਈ ਬਣ ਗਈ ਹੋਵੇ ਜਿਸ ਨੂੰ ਖਾ ਕੇ ਉਹ ਠੀਕ ਹੋ ਸਕਦੀ ਹੋਵੇ। ਬੇਬੇ ਦੇ ਮਨ ਵਿਚ ਚਲਦੇ ਅਜਿਹੇ ਵਿਚਾਰ ਉਸ ਦੀ ਮਾਨਸਿਕ ਸਥਿਤੀ ਨੂੰ ਬਿਆਨ ਕਰਦੇ ਹਨ। ਬੇਬੇ ਦੁਬਾਰਾ ਠੀਕ ਹੋ ਕੇ ਜ਼ਿੰਦਗੀ ਨਾਲ ਜੁੜਨਾ ਲੋਚਦੀ ਹੈ।

ਨਸੀਬ ਜਦੋਂ ਬੇਬੇ ਨੂੰ ਦੱਸਦਾ ਹੈ ਕਿ ਡਾਕਟਰਾਂ ਕੋਲ ਹਰ ਇਕ ਰੋਗ ਦੀ ਦਵਾਈ ਹੈ। ਇਹ ਸੁਣ ਕੇ ਬੇਬੇ ਇਕ ਵਾਰ ਤਾਂ ਖ਼ੁਸ਼ ਹੋ ਜਾਂਦੀ ਹੈ ਪਰ ਅਗਲੇ ਹੀ ਪਲ ਨਿਰਾਸ਼ ਹੋ ਜਾਂਦੀ ਹੈ। ਉਸ ਨੂੰ ਲਗਦਾ ਹੈ ਕਿ ਛੇ ਮਹੀਨੇ ਵਿਚ ਦੁਨੀਆ ਬਹੁਤ ਬਦਲ ਗਈ ਹੈ। ਹੁਣ ਇਹ ਦੁਨੀਆ ਉਸ ਦੇ ਹੱਥ ਨਹੀਂ ਆ ਸਕਦੀ। ਉਸ ਦੇ ਨੂੰਹਾਂ, ਪੁੱਤਰ, ਉਸ ਦੇ ਸਾਕ ਸੰਬੰਧੀ ਸਭ ਹੋਰ ਦੇ ਹੋਰ ਹੋ ਗਏ ਹਨ। ਉਹ ਪਹਿਲਾਂ ਵਾਂਗ ਉਸ ਦਾ ਆਦਰ ਮਾਣ ਨਹੀਂ ਕਰ ਸਕਦੇ। ਬੇਬੇ ਨੂੰ ਉਸ ਦੁਨੀਆ ਤੋਂ ਡਰ ਲੱਗਣ ਲਗ ਜਾਂਦਾ ਹੈ, ਜਿਸ ਦੀ ਉਹ ਰਾਜ਼ੀ ਹੋ ਕੇ ਵੀ ਮਾਲਕਣ ਨਹੀਂ ਹੋ ਸਕਦੀ ਸੀ। ਅਜਿਹੀਆਂ ਸੋਚਾਂ ਬੇਬੇ ਨੂੰ ਉਦਾਸ ਕਰ ਜਾਂਦੀਆਂ ਹਨ।

ਭਾਖੜਾ ਦਾ ਬੰਨ੍ਹ ਟੁੱਟਣ ਦੀ ਅਫ਼ਵਾਹ ਫੈਲਦੀ ਹੈ ਤਾਂ ਬੇਬੇ ਦੇ ਕੰਨਾ ਤਕ ਵੀ ਪੁੱਜਦੀ ਹੈ। ਇਸ ਅਫ਼ਵਾਹ ਨੂੰ ਹੋਰਨਾਂ ਵਾਂਗ ਬੇਬੇ ਵੀ ਸੱਚ ਮੰਨ ਲੈਂਦੀ ਹੈ। ਅੰਦਰੋਂ ਅੰਦਰੀਂ ਹਰ ਇਕ ਬੰਦਾ ਡਰ ਰਿਹਾ ਸੀ। ਪਰ ਬਾਹਰੋਂ-ਬਾਹਰੋਂ ਸਾਰੇ ਹੱਸ ਰਹੇ ਸਨ। ਨਸੀਬ ਇਸ ਸਥਿਤੀ ਵਿਚ ਵੀ ਡੋਲਿਆ ਨਹੀਂ ਸੀ। ਜੰਮੂ ਵਾਲੀ ਬੇਬੇ ਖ਼ੁਸ਼ ਸੀ ਕਿ ਨਸੀਬ ਨੇ ਲੋਕਾਂ ਵਾਂਗ ਡਰਦਿਆਂ ਆਪਣੀ ਭੈਣ ਦੇ ਵਿਆਹ ਦੀ ਤਰੀਕ ਪਿੱਛੇ ਨਹੀਂ ਪਾਈ। ਉਹ ਖ਼ੁਸ਼ ਸੀ ਕਿ ਉਹ ਮੁੰਡੇ ਦੀ ਮਿੰਨਤ ਤਰਲਾ ਕਰਕੇ ਕੁੜੀ ਦੇ ਵਿਆਹ ਵਿਚ ਸ਼ਾਮਲ ਹੋ ਜਾਵੇਗੀ।

ਬੇਬੇ ਆਪਣੇ ਠੀਕ ਹੋਣ ਦੀ ਸਾਰੀ ਉਮੀਦ ਛੱਡ ਦਿੰਦੀ ਹੈ। ਉਸ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਹੁਣ ਉਹ ਠੀਕ ਨਹੀਂ ਹੋ ਸਕਦੀ। ਅਜਿਹੀਆਂ ਸੋਚਾਂ ਅਤੇ ਅਹਿਸਾਸ ਦੇ ਚਲਦਿਆਂ ਭਾਖੜਾ ਦਾ ਬੰਨ੍ਹ ਟੁੱਟਣ ਦੀ ਖ਼ਬਰ ਬੇਬੇ ਨੂੰ ਸਕੂਨ ਦਿੰਦੀ ਹੈ। ਉਸ ਨੂੰ ਇਹ ਰੱਬੀ ਦਾਤ ਜਾਪਦੀ ਹੈ। ਜਿਸ ਨੇ ਇਕੋ ਹੱਲੇ ਸਾਰੇ ਪੰਜਾਬ ਨੂੰ ਮੁਕਤ ਕਰ ਦੇਣਾ ਹੈ। ਪਰ ਜਦੋਂ ਨਸੀਬ ਬੇਬੇ ਨੂੰ ਇਸ ਖ਼ਬਰ ਦੇ ਅਫ਼ਵਾਹ ਹੋਣ ਬਾਰੇ ਦੱਸਦਾ ਹੈ ਤਾਂ ਉਸ ਦੇ ਮੂੰਹ ਦਾ ਰੰਗ ਉੱਡ ਜਾਂਦਾ ਹੈ। ਉਹ ਇਸ ਕਦਰ ਨਿਰਾਸ਼ ਹੋ ਜਾਂਦੀ ਹੈ ਜਿਵੇਂ ਉਸ ਦੇ ਸਾਰੇ ਸਰੀਰ ਵਿਚ ਜਾਨ ਹੀ ਨਾ ਰਹੀਂ ਹੋਵੇ। ਬੇਬੇ ਨੂੰ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਸ ਨਾਲ ਕਿਸੇ ਨੇ 'ਠੱਗੀ' ਕੀਤੀ ਹੋਵੇ।

ਮਨੁੱਖੀ ਸੁਭਾਅ ਹੈ ਕਿ ਜਦੋਂ ਉਸ ਦੀ ਸਰਦਾਰੀ ਨੂੰ ਠੇਸ ਪਹੁੰਚਦੀ ਹੈ ਤਾਂ ਉਸ ਨੂੰ ਇਹ ਚੀਜ਼ ਮਾਨਸਿਕ ਤੌਰ 'ਤੇ ਬਹੁਤ ਤੰਗ ਪ੍ਰੇਸ਼ਾਨ ਕਰਦੀ ਹੈ। ਆਪਣੇ ਹਿੱਸੇ ਦੀ ਦੁਨੀਆ 'ਤੇ ਜਦੋਂ ਕੰਟਰੋਲ ਨਹੀਂ ਰਹਿੰਦਾ ਤਾਂ ਉਸ ਨੂੰ ਇਹ ਸਹਿਣ ਕਰਨਾ ਔਖਾ ਹੋ ਜਾਂਦਾ ਹੈ। ਇਸ ਦੇ ਨਾਲ ਹੀ ਨਿੱਜੀ ਦੁਖਾਂਤ ਦੇ ਸਮੂਹਿਕ ਸੰਕਟ ਦੇ ਰੂਪ ਵਿਚ ਵਟਣ ਦੀ ਉਮੀਦ ਮਾਤਰ ਨੂੰ ਹੀ ਬੰਦਾ ਵੱਡੀ ਧਰਵਾਸ ਤੇ ਸਹਾਰਾ ਬਣਾ ਲੈਂਦਾ ਹੈ।

#### 1.6.3.3.3 'ਠੱਗੀ' ਕਹਾਣੀ ਦੀ ਆਲੋਚਨਾਤਮਕ-ਪਰਖ

ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਠੱਗੀ' ਅਨਯ-ਪੁਰਖੀ ਬਿਰਤਾਂਤ ਵਾਲੀ ਹੈ। ਕਹਾਣੀ ਨੂੰ ਛੋਟੀਆਂ-ਛੋਟੀਆਂ ਘਟਨਾਵਾਂ ਅੱਗੇ ਤੋਰਦੀਆਂ ਹਨ। ਇਹ ਸਾਰੀਆਂ ਘਟਨਾਵਾਂ ਕਹਾਣੀ ਵਿਚਲੀ ਬੇਬੇ ਪਾਤਰ ਦੇ ਜੀਵਨ ਨਾਲ ਸੰਬੰਧਿਤ ਹਨ। ਅਧਰੰਗ ਦੀ ਬਿਮਾਰੀ ਨਾਲ ਪੀੜਤ ਬੇਬੇ ਹੁਣ ਮੰਜੇ ਉੱਪਰ ਪਈ ਹੈ। ਇਸੇ ਲਈ ਕਹਾਣੀ ਵਿਚ ਬੇਬੇ ਜੀਵਨ ਨਾਲ ਸੰਬੰਧਿਤ ਬਿਮਾਰੀ ਤੋਂ ਪਹਿਲਾਂ ਦੀਆਂ ਘਟਨਾਵਾਂ ਕਹਾਣੀ ਨੂੰ ਵਿਸਥਾਰ ਵੀ ਦਿੰਦੀਆਂ ਹਨ ਅਤੇ ਬੇਬੇ ਦੀ ਪਾਤਰ ਉਸਾਰੀ ਕਰਨ ਵਿਚ ਵੀ ਸਹਾਈ ਹੁੰਦੀਆਂ ਹਨ। ਇਨ੍ਹਾਂ ਘਟਨਾਵਾਂ ਰਹੀਂ ਬੇਬੇ ਦੀ ਪਿੰਡ ਵਿਚ ਰੋਹਬਦਾਰ ਸ਼ਖ਼ਸੀਅਤ, ਹਿੰਮਤੀ ਸੁਭਾਅ ਤੇ ਹਰ ਗੱਲ ਦੀ ਖ਼ਬਰ ਰੱਖਣ ਵਾਲੀ ਪਾਤਰ ਦਾ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ। ਕਹਾਣੀ ਦਾ ਸਿਰਲੇਖ 'ਠੱਗੀ' ਬਹੁਤ ਢੁਕਵਾਂ ਹੈ। ਬੇਬੇ ਪਾਤਰ ਭਾਖੜਾ ਦਾ ਬੰਨ੍ਹ ਟੁੱਟਣ ਵਾਲੀ ਅਫ਼ਵਾਹ ਨੂੰ ਸੱਚ ਮੰਨੀ ਬੈਠੀ ਹੁੰਦੀ ਹੈ। ਜਦੋਂ ਉਸ ਨੂੰ ਬੰਨ੍ਹ ਟੁੱਟਣ ਵਾਲੀ ਖ਼ਬਰ ਦੇ ਅਫ਼ਵਾਹ ਹੋਣ ਬਾਰੇ ਪਤਾ ਲਗਦਾ ਹੈ ਤਾਂ ਉਹ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰਦੀ ਹੈ। ਇਹ ਘਟਨਾ ਅਤੇ ਕਹਾਣੀ ਦਾ ਸਿਰਲੇਖ ਆਪਸ ਵਿਚ ਜੁੜ ਕੇ ਅਰਥਾਂ ਨੂੰ ਸੰਚਾਰਨ ਵਿਚ ਇਕ ਦੂਜੇ ਦੇ ਪੂਰਕ ਬਣਦੇ ਹਨ।

### ਸਵੈ ਮੁਲਾਂਕਣ

1. 'ਠੱਗੀ' ਕਹਾਣੀ ਦੇ ਲੇਖਕ ਦਾ ਨਾਂ ਕੀ ਹੈ?

   ...........................................................................................................

   ...........................................................................................................

2. 'ਠੱਗੀ' ਕਹਾਣੀ ਦੇ ਦੋ ਪਾਤਰਾਂ ਦੇ ਨਾਂ ਲਿਖੋ।

   ...........................................................................................................

   ...........................................................................................................

### 1.6.4 ਸਿੱਟਾ

ਲੋਚਨ ਬਖ਼ਸ਼ੀ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚ ਸ਼ੁਮਾਰ ਹੈ ਜੋ ਕਹਾਣੀ ਵਿਚ ਪ੍ਰਤੀਕਾਂ ਦੀ ਵਧੇਰੇ ਵਰਤੋਂ ਕਰਦੇ ਹਨ। ਲੋਚਨ ਬਖ਼ਸ਼ੀ ਦੀ ਇਹ ਕਹਾਣੀ 'ਬਾਜ਼ਾਰ ਦਾ ਮਾਤਮ' ਇਕ ਪ੍ਰਤੀਕਾਤਮਕ ਕਹਾਣੀ ਹੈ। ਇਹ ਕਹਾਣੀ ਸਮਾਜ ਦੇ ਦੋਹਰੇ ਕਿਰਦਾਰ ਨੂੰ ਪੇਸ਼ ਕਰਦੀ ਹੋਈ ਅਜੋਕੇ ਮਨੁੱਖ ਦੀ ਨਿੱਜੀ ਮੁਨਾਫ਼ੇ ਵਾਲੀ ਮਾਨਸਿਕਤਾ ਨੂੰ ਉਭਾਰਦੀ ਹੈ। ਇਸ ਸਭ ਦੀ ਪੇਸ਼ਕਾਰੀ ਲਈ ਵਿਅੰਗਮਈ ਜੁਗਤ ਨੂੰ ਵਿਸ਼ੇਸ਼ ਤੌਰ 'ਤੇ ਕਹਾਣੀ ਵਿਚ ਵਰਤਿਆ ਗਿਆ ਹੈ।

ਗੁਰਦਿਆਲ ਸਿੰਘ ਦੀਆਂ ਕਹਾਣੀਆਂ ਦਾ ਵੱਡਾ ਹਿੱਸਾ ਪੰਜਾਬ ਦੇ ਪਿੰਡਾਂ ਦੇ ਜੀਵਨ ਨਾਲ ਸੰਬੰਧਿਤ ਹੈ। ਮਾਲਵੇ ਦੇ ਪਿੰਡਾਂ ਦੇ ਜੀਵਨ ਨੂੰ ਉਸ ਨੇ ਵਿਸ਼ੇਸ਼ ਤੌਰ 'ਤੇ ਚਿਤਰਿਆ ਹੈ। 'ਕਰੀਰ ਦੀ ਢਿੰਗਰੀ' ਕਹਾਣੀ ਦੀ ਵਿਸ਼ਾ-ਸਮਗਰੀ ਵੀ ਪੰਜਾਬ ਦੇ ਇਸੇ ਖ਼ਿੱਤੇ ਨਾਲ ਸੰਬੰਧਿਤ ਹੈ। ਕਹਾਣੀ ਦੀ ਮੁੱਖ ਸਮੱਸਿਆ ਦਾਜ ਹੈ ਜਿਸ ਵਿਚੋਂ ਔਰਤ ਦੀਆਂ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਤੇ ਸੰਕਟ ਜਨਮ ਲੈਂਦੇ ਹਨ। ਇਸ ਦੇ ਨਾਲ ਹੀ ਔਰਤ ਨੂੰ ਸਮਾਜ ਵਿਚ ਦੂਜੇ ਦਰਜੇ ਦਾ ਮਨੁੱਖ ਸਮਝਣ ਵਾਲੀ ਮਰਦ ਮਾਨਸਿਕਤਾ ਨੂੰ ਕਹਾਣੀ ਵਿਚਲੀਆਂ ਘਟਨਾਵਾਂ ਰਾਹੀਂ ਵਿਸ਼ੇਸ਼ ਤੌਰ 'ਤੇ ਉਭਾਰਿਆ ਗਿਆ ਹੈ।

ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਠੱਗੀ' ਵਿਚ ਪੇਸ਼ ਕੀਤਾ ਗਿਆ ਹੈ ਕਿ ਬੁਢਾਪੇ ਅਤੇ ਬਿਮਾਰੀ ਦੀ ਅਵਸਥਾ ਵਿਚ ਬੰਦੇ ਦੀ ਮਾਨਸਿਕਤਾ ਨੂੰ ਵੱਖ-ਵੱਖ ਪ੍ਰਸਥਿਤੀਆਂ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਬੰਦੇ ਨੂੰ

ਥੋੜ੍ਹੀ ਖ਼ੁਸ਼ੀ ਵੀ ਵਧੇਰੇ ਲਗਦੀ ਹੈ ਤੇ ਥੋੜ੍ਹਾ ਦੁੱਖ ਵੀ ਵਧੇਰੇ ਦੁਖੀ ਕਰਦਾ ਹੈ। ਅਜਿਹਾ ਬੰਦੇ ਦੇ ਮਾਨਸਿਕ ਪੱਖੋਂ ਕਮਜ਼ੋਰ ਹੋ ਜਾਣ ਅਤੇ ਮੁਸ਼ਕਿਲ ਹਾਲਾਤ ਵਿਚ ਹੌਸਲਾ ਛੱਡ ਦੇਣ ਕਾਰਨ ਹੁੰਦਾ ਹੈ। ਮੌਤ ਹਰ ਇਕ ਲਈ ਦੁੱਖਦਾਈ ਹੈ ਜੋ ਕਿ ਇਨਸਾਨੀ ਫ਼ਿਤਰਤ ਹੈ। ਬੇਬੇ ਦੀ ਮਾਨਸਿਕ ਹਾਲਤ ਅਜਿਹੀ ਹੋ ਚੁੱਕੀ ਹੈ ਕਿ ਉਸ ਨੂੰ ਇਕੱਲੇ ਮਰਨਾ ਦੁੱਖ ਦਿੰਦਾ ਹੈ ਪਰ ਪੂਰੇ ਪੰਜਾਬ ਦਾ ਮੌਤ ਦੇ ਮੂੰਹ ਵਿਚ ਜਾਣਾ ਉਸ ਨੂੰ ਧਰਵਾਸ ਦਿੰਦਾ ਹੈ। ਇਹ ਕਹਾਣੀ ਬੇਬੇ ਪਾਤਰ ਰਾਹੀਂ ਮੌਤ ਦੇ ਸਨਮੁੱਖ ਖੜੇ ਬੰਦੇ ਦੇ ਮਾਨਸਿਕ ਹਾਲਾਤ ਅਤੇ ਸਥਿਤੀ ਨੂੰ ਦਰਸਾਉਂਦੀ ਹੈ।

### 1.6.5 ਅਭਿਆਸ ਲਈ ਪ੍ਰਸ਼ਨ

#### ਛੋਟੇ ਪ੍ਰਸ਼ਨ

1. 'ਬਾਜ਼ਾਰ ਦਾ ਮਾਤਮ' ਕਹਾਣੀ ਦੇ ਲੇਖਕ ਦਾ ਨਾਮ ਕੀ ਹੈ?
2. 'ਬਾਜ਼ਾਰ ਦਾ ਮਾਤਮ' ਕਹਾਣੀ ਦੇ ਕਿਸੇ ਇਕ ਪਾਤਰ ਨਾਲ ਜਾਣ-ਪਛਾਣ ਕਰਾਓ।
3. 'ਕਰੀਰ ਦੀ ਢਿੰਗਰੀ' ਕਹਾਣੀ ਦੇ ਦੋ ਪਾਤਰਾਂ ਦਾ ਨਾਮ ਲਿਖੋ।
4. 'ਕਰੀਰ ਦੀ ਢਿੰਗਰੀ' ਕਹਾਣੀ ਦੀ ਮੁੱਖ ਸਮੱਸਿਆ ਕੀ ਹੈ?
5. ਗੁਲਜ਼ਾਰ ਸਿੰਘ ਸੰਧੂ ਨੂੰ ਕਿਹੜੇ ਕਹਾਣੀ ਸੰਗ੍ਰਹਿ ਲਈ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਨਮਾਨਿਤ ਕੀਤਾ ਗਿਆ?
6. 'ਠੱਗੀ' ਕਹਾਣੀ ਦੀ ਬੇਬੇ ਨੂੰ ਕਿਹੜੀ ਬਿਮਾਰੀ ਸੀ?

#### ਵੱਡੇ ਪ੍ਰਸ਼ਨ

1. 'ਬਾਜ਼ਾਰ ਦਾ ਮਾਤਮ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ'
2. ਲੋਚਨ ਬਖ਼ਸ਼ੀ ਨਾਲ ਜਾਣ-ਪਛਾਣ ਕਰਵਾਓ ਅਤੇ ਉਸ ਦੀ ਕਹਾਣੀ 'ਬਾਜ਼ਾਰ ਦਾ ਮਾਤਮ' ਦੀ ਆਲੋਚਨਾਤਮਕ ਪਰਖ ਪੇਸ਼ ਕਰੋ।
3. 'ਕਰੀਰ ਦੀ ਢਿੰਗਰੀ' ਕਹਾਣੀ ਦਾ ਸਾਰ ਬਿਆਨ ਕਰੋ।
4. 'ਕਰੀਰ ਦੀ ਢਿੰਗਰੀ' ਕਹਾਣੀ ਦੀ ਪਾਤਰ ਬਲੰਤੋ ਬਾਰੇ ਵਿਸਥਾਰ ਨਾਲ ਚਰਚਾ ਕਰੋ।
5. 'ਠੱਗੀ' ਕਹਾਣੀ ਦੀ ਬੇਬੇ ਦੀ ਮਾਨਸਿਕ ਸਥਿਤੀ ਨੂੰ ਕਹਾਣੀ ਵਿਚਲੀਆਂ ਘਟਨਾਵਾਂ ਦੇ ਆਧਾਰ 'ਤੇ ਬਿਆਨ ਕਰੋ।
6. 'ਠੱਗੀ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

### 1.6.6 ਸਹਾਇਕ ਪੁਸਤਕ ਸੂਚੀ


1. ਹਰਿਭਜਨ ਸਿੰਘ (ਸੰਪਾ.), *ਕਥਾ ਪੰਜਾਬ*, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ, 2023
2. ਜੁਗਿੰਦਰ ਸਿੰਘ ਰਾਹੀ, *ਮਸਲੇ ਗਲਪ ਦੇ*, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999
3. ਧਨਵੰਤ ਕੌਰ, *ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ-ਸ਼ਾਸਤਰੀ ਅਧਿਐਨ*, ਆਰਸੀ ਪਬਲਿਸ਼ਰਜ਼, ਦਿੱਲੀ, 2003
4. ਬਲਦੇਵ ਸਿੰਘ ਧਾਲੀਵਾਲ, *ਪੰਜਾਬੀ ਕਹਾਣੀ ਦਾ ਇਤਿਹਾਸ*, ਪੰਜਾਬੀ ਸਾਹਿਤ ਅਕੈਡਮੀ, ਦਿੱਲੀ, 2006

**ਪਾਠ ਨੰਬਰ : 1.7** **ਲੇਖਕ- ਡਾ. ਦੀਪਕ**

## ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਤੇ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਇਕ ਹਉਕਾ' ਦਾ ਸਾਰ/ਵਿਸ਼ਾ-ਵਸਤੂ

1.7.1 ਪਾਠ ਦਾ ਉਦੇਸ਼
1.7.2 ਭੂਮਿਕਾ
1.7.3 ਪਾਠ ਦੀ ਰੂਪ-ਰੇਖਾ
1.7.3.1 ਕਰਤਾਰ ਸਿੰਘ ਦੁੱਗਲ ਨਾਲ ਜਾਣ-ਪਛਾਣ, ਕਹਾਣੀ 'ਕਰਾਮਾਤ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.7.3.2 ਅੰਮ੍ਰਿਤਾ ਪ੍ਰੀਤਮ ਨਾਲ ਜਾਣ-ਪਛਾਣ, ਕਹਾਣੀ 'ਇਕ ਹਉਕਾ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.7.4 ਸਿੱਟਾ
1.7.5 ਅਭਿਆਸ ਲਈ ਪ੍ਰਸ਼ਨ
1.7.6 ਸਹਾਇਕ ਪੁਸਤਕ ਸੂਚੀ

### 1.7.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਵਿੱਚ ਦਰਜ 'ਕਰਾਮਾਤ' ਤੇ 'ਇਕ ਹਉਕਾ' ਕਹਾਣੀਆਂ ਦੇ ਸਾਰ/ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਣਾ ਹੈ। ਇਹਨਾਂ ਕਹਾਣੀਆਂ ਦੇ ਲੇਖਕ ਕਰਤਾਰ ਸਿੰਘ ਦੁੱਗਲ ਅਤੇ ਅੰਮ੍ਰਿਤਾ ਪ੍ਰੀਤਮ ਹਨ।

### 1.7.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਦੇ ਪਰਚਾ ਲਾਜ਼ਮੀ ਪੰਜਾਬੀ ਵਿੱਚ ਕਹਾਣੀ ਸੰਗ੍ਰਹਿ 'ਕਥਾ ਪੰਜਾਬ' ਸ਼ਾਮਿਲ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਵੱਖ-ਵੱਖ ਲੇਖਕਾਂ ਦੀਆਂ ਕੁਲ 21 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਹਾਣੀ ਸੰਗ੍ਰਹਿ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਸ ਕਹਾਣੀ ਸੰਗ੍ਰਹਿ ਵਿਚ ਦਰਜ 'ਕਰਾਮਾਤ' ਤੇ 'ਇਕ ਹਉਕਾ' ਕਹਾਣੀਆਂ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਸਮਗਰੀ ਭੇਜੀ ਜਾ ਰਹੀ ਹੈ। ਇਸ ਕਿਤਾਬ ਨੂੰ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਛਾਪਿਆ ਗਿਆ ਹੈ।

### 1.7.3.1 ਕਰਤਾਰ ਸਿੰਘ ਦੁੱਗਲ ਨਾਲ ਜਾਣ-ਪਛਾਣ, ਕਹਾਣੀ 'ਕਰਾਮਾਤ' ਦਾ ਸਾਰ/ਵਿਸ਼ਾ-ਵਸਤੂ

**ਲੇਖਕ ਨਾਲ ਜਾਣ-ਪਛਾਣ**

ਕਰਤਾਰ ਸਿੰਘ ਦੁੱਗਲ ਦਾ ਜਨਮ ਪਿੰਡ ਧਮਿਆਲ ਜ਼ਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ ਵਿੱਚ) ਵਿਖੇ 1 ਮਾਰਚ 1917 ਨੂੰ ਜੀਵਨ ਸਿੰਘ ਦੁੱਗਲ ਅਤੇ ਸਤਵੰਤ ਕੌਰ ਦੇ ਘਰ ਹੋਇਆ। ਫਾਰਮਨ ਕ੍ਰਿਸਚੀਅਨ ਕਾਲਜ, ਲਾਹੌਰ ਤੋਂ ਐਮ. ਏ. ਅੰਗਰੇਜ਼ੀ ਕਰਨ ਤੋਂ ਬਾਅਦ ਦੁੱਗਲ ਨੇ ਆਪਣਾ ਪ੍ਰੋਫੈਸ਼ਨਲ ਜੀਵਨ ਆਲ ਇੰਡੀਆ

ਰੇਡੀਉ ਤੋਂ ਸ਼ੁਰੂ ਕੀਤਾ ਸੀ। ਇਸ ਅਦਾਰੇ ਨਾਲ ਇਹ 1942 ਤੋਂ 1966 ਤੱਕ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਕੰਮ ਕਰਦਾ ਰਿਹਾ ਅਤੇ ਸਟੇਸ਼ਨ ਡਾਇਰੈਕਟਰ ਬਣਿਆ। ਇਸ ਦੌਰਾਨ ਉਸ ਨੇ ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਪ੍ਰੋਗਰਾਮ ਬਣਾਉਣ ਦਾ ਕਾਰਜ ਨਿਭਾਇਆ। ਦੁੱਗਲ 1966 ਤੋਂ 1973 ਤੱਕ ਨੈਸ਼ਨਲ ਬੁੱਕ ਟਰੱਸਟ ਦਾ ਸਕੱਤਰ ਅਤੇ ਡਾਇਰੈਕਟਰ ਵੀ ਰਿਹਾ। ਉਸ ਨੇ ਸੂਚਨਾ ਐਡਵਾਈਜ਼ਰ ਵਜੋਂ ਮਨਿਸਟਰੀ ਆਫ਼ ਇਨਫਰਮੇਸ਼ਨ ਐਂਡ ਬਰਾਡਕਾਸਟਿੰਗ (ਪਲੈਨਿੰਗ ਕਮਿਸ਼ਨ) ਵਿੱਚ ਵੀ ਕੰਮ ਕੀਤਾ। ਉਹ ਰਾਜ ਸਭਾ ਦਾ ਮੈਂਬਰ ਵੀ ਰਿਹਾ। ਉਹ ਕਈ ਸੰਸਥਾਵਾਂ ਦਾ ਸੰਸਥਾਪਕ ਵੀ ਸੀ, ਜਿਨ੍ਹਾਂ ਵਿੱਚ ਰਾਜਾ ਰਾਮ ਮੋਹਨ ਰਾਏ ਲਾਇਬਰੇਰੀ ਫਾਉਂਡੇਸ਼ਨ, ਇੰਸਟੀਚਿਉਟ ਆਫ਼ ਸੋਸ਼ਲ ਐਂਡ ਇਕਨਾਮਿਕ ਚੇਂਜ ਬੰਗਲੌਰ ਅਤੇ ਜ਼ਾਕਿਰ ਹੁਸੈਨ ਐਜੂਕੇਸ਼ਨਲ ਫਾਉਂਡੇਸ਼ਨ ਸ਼ਾਮਿਲ ਹਨ। ਉਹ ਸਾਹਿਤਕ ਖੇਤਰ ਦੀਆਂ ਕਈ ਸੰਸਥਾਵਾਂ ਦਾ ਅਹੁਦੇਦਾਰ ਵੀ ਰਿਹਾ। ਉਹ ਪੰਜਾਬੀ ਸਾਹਿਤ ਸਭਾ ਦਿੱਲੀ ਦਾ ਪ੍ਰਧਾਨ ਸੀ ਅਤੇ 1984 ਵਿੱਚ ਪੰਜਾਬੀ ਯੂਨੀਵਰਸਿਟੀ ਦਾ ਨੈਮੀਨੇਟਿਡ ਫੈਲੋ ਬਣਿਆ। ਅਗਸਤ 1977 ਨੂੰ ਉਸ ਨੂੰ ਸਤਿਕਾਰ ਦਿੰਦਿਆਂ ਰਾਜ ਸਭਾ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ। ਉਹਨਾਂ ਨੂੰ ਭਾਰਤ ਸਰਕਾਰ ਵੱਲੋਂ 1988 ਵਿੱਚ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਦੁੱਗਲ ਨੂੰ ਕਹਾਣੀ ਸੰਗ੍ਰਹਿ 'ਇੱਕ ਛਿਟ ਚਾਨਣ ਦੀ' ਲਈ ਸਾਹਿਤ ਅਕਾਦਮੀ ਅਵਾਰਡ ਮਿਲਿਆ। ਉਹਨਾਂ ਦੇ ਕਹਾਣੀ-ਸੰਗ੍ਰਹਿ 'ਸਵੇਰ ਸਾਰ', 'ਪਿੱਪਲ ਪੱਤੀਆਂ', 'ਕੁੜੀ ਕਹਾਣੀ ਕਰਦੀ ਗਈ', 'ਡੰਗਰ', 'ਅੱਗ ਖਾਣ ਵਾਲੇ', 'ਨਵਾਂ ਘਰ', 'ਨਵਾਂ ਆਦਮੀ', 'ਕੱਚਾ ਦੁੱਧ', 'ਫੁੱਲ ਤੋੜਨਾ ਮਨ੍ਹਾ ਹੈ', 'ਲੜਾਈ ਨਹੀਂ', 'ਕਰਾਮਾਤ', 'ਗੈਰਜ', 'ਪਾਰੇ ਮੈਰੇ', 'ਇਕ ਛਿੱਟ ਚਾਨਣ ਦੀ', 'ਸਭੇ ਸਾਂਝੀਵਾਲ ਸਦਾਇਨਿ', 'ਢੋਇਆ ਹੋਇਆ ਬੂਹਾ', 'ਇਕ ਗਰਾਂ ਵਾਲੀ ਰਾਤ', 'ਤਰਕਾਲਾਂ ਵੇਲੇ', 'ਹੰਸਾ ਆਦਮੀ', 'ਪੈਣਗੇ ਵੈਣ ਡੂੰਘੇ', 'ਭਾਬੀ ਜਾਨ', 'ਮੌਤ ਇਕ ਗੁੰਚੇ ਦੀ' ਆਦਿ ਹਨ। ਉਸ ਦੇ ਨਾਟਕਾਂ ਅਤੇ ਨਾਵਲਾਂ ਨੂੰ ਵੀ ਢੇਰ ਪ੍ਰਸਿੱਧੀ ਮਿਲੀ, ਪਰ ਉਸ ਦਾ ਸਭ ਤੋਂ ਵਧੀਕ ਜ਼ਿਕਰ ਕਹਾਣੀਕਾਰ ਦੇ ਰੂਪ ਵਿਚ ਹੀ ਹੁੰਦਾ ਹੈ। ਉਸ ਦੀ ਕਹਾਣੀ-ਸਾਧਨਾ ਇਕ ਅਟੁੱਟ ਪ੍ਰਵਾਹ ਵਾਂਗੂੰ ਕਾਰਜਸ਼ੀਲ ਰਹੀ ਹੈ। ਪਿਛਲੇ ਤਿੰਨ ਦਹਾਕਿਆਂ ਵਿਚਲੇ ਪੰਜਾਬ ਦਾ ਭਾਵਕ ਇਤਿਹਾਸ ਉਸ ਦੀਆਂ ਕਹਾਣੀਆਂ ਵਿਚ ਪ੍ਰਤੀਬਿੰਬਿਤ ਹੈ।

**ਕਹਾਣੀ ਦਾ ਸਾਰ/ਵਿਸ਼ਾ ਵਸਤੂ**

ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਕਰਾਮਾਤ' ਉਹਨਾਂ ਗਿਣੀਆਂ ਚੁਣੀਆਂ ਕਹਾਣੀਆਂ ਵਿਚੋਂ ਹੈ ਜੋ ਪੰਜਾਬੀ ਮਿੱਥ ਅਤੇ ਇਤਿਹਾਸ ਨੂੰ ਬੌਧਿਕ ਪੱਧਰ ਉੱਪਰ ਪੇਸ਼ ਕਰਦੀਆਂ ਹਨ। ਇਸ ਕਹਾਣੀ ਵਿੱਚ ਲੇਖਕ ਨੇ ਇਤਿਹਾਸਕ ਘਟਨਾ ਨੂੰ ਪੇਸ਼ ਕਰਨ ਲਈ ਪੰਜਾਬੀ ਮਾਨਸਿਕਤਾ ਵਿੱਚ ਪ੍ਰਚਲਿਤ ਬਾਬਾ ਨਾਨਕ ਦੁਆਰਾ ਹੱਥ ਨਾਲ ਪਹਾੜ ਰੋਕਣ ਦੀ ਮਿੱਥ ਨੂੰ ਆਧਾਰ ਬਣਾਇਆ ਹੈ। ਪਹਿਲੀ ਘਟਨਾ ਬਾਬਾ ਨਾਨਕ ਦੁਆਰਾ ਹੱਥ ਨਾਲ ਪਹਾੜ ਰੋਕਣ ਦੀ ਇਤਿਹਾਸਕ ਮਿੱਥ ਹੈ, ਜਿਸ ਨੂੰ ਕਹਾਣੀ ਦਾ ਪਾਤਰ ਨਕਾਰ ਦਿੰਦਾ ਹੈ। ਉਹ ਕਿਸੇ ਵੀ ਤਰੀਕੇ ਨਾਲ ਮੰਨਣ ਲਈ ਤਿਆਰ ਨਹੀਂ ਕਿ ਕੋਈ ਇਨਸਾਨ ਹੱਥ ਨਾਲ ਰੁੜ੍ਹਦੇ ਆਉਂਦੇ ਪਹਾੜ ਨੂੰ ਰੋਕ ਸਕਦਾ ਹੈ ਪਰ ਜਦੋਂ ਕਹਾਣੀ ਦੀ ਦੂਜੀ ਘਟਨਾ ਜਿਸ ਵਿਚ ਹਨ੍ਹੇਰੀ ਵਾਂਗ ਆਉਂਦੀ ਰੇਲ-ਗੱਡੀ ਨੂੰ ਸਿੱਖ ਸ਼ਰਧਾਲੂ ਆਪਣੀਆਂ ਜਾਨਾਂ ਦੇ ਕੇ ਰੋਕ ਲੈਂਦੇ ਹਨ ਤਾਂ ਕਹਾਣੀ ਵਿਚਲਾ ਪਾਤਰ ਨੂੰ ਹੱਥ ਨਾਲ ਪਹਾੜ ਰੋਕਣ ਦੀ ਘਟਨਾ ਉੱਪਰ ਹੈਰਾਨੀ ਨਹੀਂ ਹੁੰਦੀ।

ਲੇਖਕ ਕਹਾਣੀ ਵਿਚ ਦੱਸਦਾ ਹੈ ਕਿ, "ਬਾਬਾ ਨਾਨਕ ਆਪਣੇ ਧਿਆਨ ਵਿਚ ਮਸਤ ਤੁਰਦੇ ਜਾ ਰਹੇ ਸਨ ਕਿ ਮਰਦਾਨੇ ਨੂੰ ਪਿਆਸ ਲੱਗੀ। ਪਰ ਉੱਥੇ ਪਾਣੀ ਨਹੀਂ ਸੀ। ਬਾਬੇ ਨੇ ਕਿਹਾ, 'ਮਰਦਾਨਿਆ ਸਬਰ ਕਰ ਲੈ। ਅਗਲੇ ਪਿੰਡ ਜਾ ਕੇ ਜਿਤਨਾ ਤੇਰਾ ਜੀ ਕਰੇ ਤੂੰ ਪੀ ਲਵੀਂ। ਪਰ ਮਰਦਾਨੇ ਨੂੰ ਤੇ ਡਾਢੀ ਪਿਆਸ ਲੱਗੀ ਹੋਈ ਸੀ। ਬਾਬਾ ਨਾਨਕ ਇਹ ਸੁਣ ਕੇ ਫ਼ਿਕਰਮੰਦ ਹੋਏ। ਇਸ ਜੰਗਲ ਵਿਚ ਪਾਣੀ ਤਾਂ ਦੂਰ ਦੂਰ ਤਕ ਨਹੀਂ ਸੀ ਤੇ

ਜਦੋਂ ਮਰਦਾਨਾ ਅੜੀ ਕਰ ਬੈਠਦਾ ਹੈ ਤਾਂ ਸਭ ਲਈ ਬੜੀ ਮੁਸ਼ਕਲ ਕਰ ਦਿੰਦਾ ਸੀ। ਬਾਬੇ ਨੇ ਫੇਰ ਸਮਝਾਇਆ, 'ਮਰਦਾਨਿਆ! ਇੱਥੇ ਪਾਣੀ ਕਿਤੇ ਵੀ ਨਹੀਂ, ਤੂੰ ਸਬਰ ਕਰ ਲੈ। ਰੱਬ ਦਾ ਭਾਣਾ ਮੰਨ। ਪਰ ਮਰਦਾਨਾ ਤਾਂ ਉੱਥੇ ਦਾ ਉੱਥੇ ਬੈਠ ਗਿਆ। ਇਕ ਕਦਮ ਹੋਰ ਉਸ ਤੋਂ ਅੱਗੇ ਨਹੀਂ ਸੀ ਤੁਰਿਆ ਜਾਂਦਾ। ਗੁਰੂ ਨਾਨਕ ਮਰਦਾਨੇ ਦੀ ਜ਼ਿੱਦ ਨੂੰ ਵੇਖ ਕੇ ਮੁਸਕਰਾਉਂਦੇ, ਹੈਰਾਨ ਪਏ ਹੁੰਦੇ ਨੇ। ਆਖ਼ਰ ਜਦੋਂ ਬਾਬੇ ਨਾਨਕ ਨੇ ਮਰਦਾਨੇ ਨੂੰ ਕਿਸੇ ਗੱਲ ਤੇ ਆਉਂਦੇ ਨਾ ਵੇਖਿਆ, ਤਾਂ ਉਹ ਅੰਤਰ ਧਿਆਨ ਹੋ ਗਏ। ਜਦੋਂ ਗੁਰੂ ਨਾਨਕ ਦੀ ਅੱਖ ਖੁੱਲ੍ਹੀ, ਮਰਦਾਨਾ ਮੱਛੀ ਵਾਂਗ ਤੜਫ਼ ਰਿਹਾ ਸੀ। ਸਤਿਗੁਰੂ ਉਸ ਨੂੰ ਵੇਖ ਕੇ ਮੁਸਕਰਾਏ ਤੇ ਕਹਿਣ ਲੱਗੇ, 'ਭਾਈ ਮਰਦਾਨਿਆ! ਇਸ ਪਹਾੜੀ ਉੱਤੇ ਇਕ ਕੁਟੀਆ ਹੈ, ਜਿਸ ਵਿਚ ਵਲੀ ਕੰਧਾਰੀ ਨਾਂ ਦਾ ਇਕ ਦਰਵੇਸ਼ ਰਹਿੰਦਾ ਹੈ। ਜੇ ਤੂੰ ਉਹਦੇ ਕੋਲ ਜਾਏਂ ਤਾਂ ਤੈਨੂੰ ਪਾਣੀ ਮਿਲ ਸਕਦਾ ਹੈ। ਇਸ ਇਲਾਕੇ ਵਿਚ ਉਹਦਾ ਹੀ ਖੂਹ ਪਾਣੀ ਨਾਲ ਭਰਿਆ ਹੈ, ਹੋਰ ਕਿਤੇ ਵੀ ਪਾਣੀ ਨਹੀਂ।

"ਮਰਦਾਨੇ ਨੂੰ ਪਿਆਸ ਡਾਢੀ ਲੱਗੀ ਹੋਈ ਸੀ, ਸੁਣਦਿਆਂ ਸਾਰ ਪਹਾੜੀ ਵੱਲ ਦੌੜ ਪਿਆ। ਕੜਕਦੀ ਦੁਪਹਿਰ ਉਧਰੋਂ ਪਿਆਸ, ਉਧਰੋਂ ਪਹਾੜੀ ਦਾ ਸਫ਼ਰ ਸਾਹੋ-ਸਾਹੀ, ਪਸੀਨੋ-ਪਸੀਨਾ ਹੋਇਆ ਮਰਦਾਨਾ ਬੜੀ ਮੁਸ਼ਕਲ ਨਾਲ ਪਹਾੜੀ ਉੱਤੇ ਪੁਜਾ।

**ਸਵੈ-ਮੁਲਾਂਕਣ ਪ੍ਰਸ਼ਨ**

1. ਪੰਜਾ ਸਾਹਿਬ ਦਾ ਸਾਕਾ ਕੀ ਹੈ?

   ..........................................................................................................
   ..........................................................................................................
   ..................

2. ਕਰਾਮਾਤ ਕਹਾਣੀ ਵਿੱਚ ਕਿਸ ਮਿਥਿਹਾਸਿਕ ਘਟਨਾ ਨੂੰ ਆਧਾਰ ਬਣਾਇਆ ਗਿਆ ਹੈ?

   ..........................................................................................................
   ..........................................................................................................
   ..................

ਵਲੀ ਕੰਧਾਰੀ ਨੂੰ ਸਲਾਮ ਕਰਕੇ ਉੱਥੇ ਪਾਣੀ ਲਈ ਬੇਨਤੀ ਕੀਤੀ। ਵਲੀ ਕੰਧਾਰੀ ਨੇ ਖੂਹ ਵਲ ਇਸ਼ਾਰਾ ਕੀਤਾ। ਜਦੋਂ ਖੂਹ ਵਲ ਜਾਣ ਲਗਾ ਤਾਂ ਵਲੀ ਕੰਧਾਰੀ ਦੇ ਮਨ ਵਿਚ ਕੁਝ ਆਇਆ, ਤੇ ਉਸ ਨੇ ਮਰਦਾਨੇ ਤੋਂ ਪੁੱਛਿਆ, 'ਭਲੇ ਲੋਕ ਤੂੰ ਕਿਥੋਂ ਆਇਆ ਏਂ ?' ਮਰਦਾਨੇ ਕਿਹਾ, 'ਮੈਂ ਨਾਨਕ ਪੀਰ ਦਾ ਸਾਥੀ ਹਾਂ। ਅਸੀਂ ਤੁਰਦੇ ਤੁਰਦੇ ਇੱਧਰ ਆ ਨਿਕਲੇ ਹਾਂ। ਮੈਨੂੰ ਪਿਆਸ ਡਾਢੀ ਲੱਗੀ ਹੈ ਤੇ ਹੇਠਾਂ ਕਿਤੇ ਪਾਣੀ ਨਹੀਂ। ਬਾਬੇ ਨਾਨਕ ਦਾ ਨਾਂ ਸੁਣ ਕੇ ਵਲੀ ਕੰਧਾਰੀ ਨੂੰ ਡਾਢਾ ਕਰੋਧ ਆ ਗਿਆ ਤੇ ਉਸ ਨੇ ਮਰਦਾਨੇ ਨੂੰ ਆਪਣੀ ਕੁਟੀਆ ਵਿਚੋਂ ਬਾਹਰ ਕੱਢ ਦਿੱਤਾ। ਥੱਕਿਆ ਹਾਰਿਆ ਮਰਦਾਨਾ ਹੇਠ ਬਾਬੇ ਨਾਨਕ ਕੋਲ ਆ ਫ਼ਰਿਆਦੀ ਹੋਇਆ। ਬਾਬੇ ਨਾਨਕ ਨੇ ਉਸ ਤੋਂ ਸਾਰੀ ਵਿਥਿਆ ਸੁਣੀ ਤੇ ਮੁਸਕਰਾ ਪਏ, 'ਮਰਦਾਨਿਆ, ਤੂੰ ਇਕ ਵਾਰ ਫੇਰ ਜਾ। ਬਾਬੇ ਨਾਨਕ ਨੇ ਮਰਦਾਨੇ ਨੂੰ ਸਲਾਹ ਦਿੱਤੀ। ਇਸ ਵਾਰ ਤੂੰ ਨਿਮਰਤਾ ਨਾਲ, ਨਿਮਰ ਦਿਲ ਲੈ ਕੇ ਜਾ, ਕਹੀਂ ਮੈਂ ਨਾਨਕ ਦਰਵੇਸ਼ ਦਾ ਸਾਥੀ ਹਾਂ। ਮਰਦਾਨੇ ਨੂੰ ਪਿਆਸ ਡਾਢੀ ਲੱਗੀ ਸੀ, ਪਾਣੀ ਹੋਰ ਕਿਤੇ ਹੈ ਨਹੀਂ ਸੀ। ਮਰਦਾਨਾ ਖਪਦਾ ਕ੍ਰਿਝਦਾ ਸ਼ਿਕਾਇਤ ਕਰਦਾ ਫੇਰ ਉੱਤੇ ਵੱਲ ਤੁਰ ਪਿਆ। ਪਰ ਵਲੀ ਕੰਧਾਰੀ ਨੇ ਪਾਣੀ ਫੇਰ ਨਾ ਦਿੱਤਾ। ਮੈਂ ਇਕ ਕਾਫ਼ਰ ਦੇ ਸਾਥੀ ਨੂੰ ਪਾਣੀ ਦੀ ਚੂਲੀ ਵੀ ਨਹੀਂ ਦਿਆਂਗਾ। ਵਲੀ ਕੰਧਾਰੀ ਨੇ ਮਰਦਾਨੇ ਨੂੰ ਫੇਰ ਉਂਜ ਦਾ ਉਂਜ ਮੋੜ ਦਿੱਤਾ। ਜਦੋਂ ਮਰਦਾਨਾ ਇਸ ਵੇਰ ਹੇਠ ਆਇਆ ਤਾਂ ਉਸ ਦਾ ਬੁਰਾ ਹਾਲ ਸੀ। ਉਸ ਦੇ ਹੋਠਾਂ ਉੱਤੇ ਪੇਪੜੀ ਜੰਮੀ ਹੋਈ ਸੀ। ਮੂੰਹ ਉੱਤੇ ਤਰੇਲੀਆਂ ਛੁਟੀਆਂ ਹੋਈਆਂ ਸਨ। ਇੰਜ ਜਾਪਦਾ ਸੀ ਕਿ ਮਰਦਾਨਾ ਬਸ ਘੜੀ ਦੋ ਘੜੀ ਦਾ

ਮਹਿਮਾਨ ਹੈ। ਬਾਬੇ ਨਾਨਕ ਨੇ ਸਾਰੀ ਗੱਲ ਸੁਣੀ ਤੇ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿ ਕੇ ਇਕ ਵਾਰ ਫੇਰ ਵਲੀ ਵਲ ਜਾਣ ਲਈ ਕਿਹਾ। ਹੁਕਮ ਦਾ ਬੱਧਾ ਮਰਦਾਨਾ ਤੁਰ ਪਿਆ। ਪਰ ਉਸ ਨੂੰ ਪਤਾ ਸੀ ਕਿ ਉਸ ਦੀ ਜਾਨ ਰਸਤੇ ਵਿਚ ਹੀ ਨਿਕਲ ਜਾਵੇਗੀ। ਮਰਦਾਨਾ ਤੀਜੀ ਵਾਰ ਪਹਾੜ ਦੀ ਚੋਟੀ ਉੱਤੇ ਵਲੀ ਕੰਧਾਰੀ ਦੇ ਚਰਨਾ ਉੱਤੇ ਜਾ ਡਿੱਗਾ। ਪਰ ਕਰੋਧ ਵਿਚ ਬਲ ਰਹੇ ਵਲੀ ਕੰਧਾਰੀ ਨੇ ਇਸ ਵਾਰ ਵੀ ਉਸ ਦੀ ਬੇਨਤੀ ਨੂੰ ਠੁਕਰਾ ਦਿੱਤਾ। ਉਸ ਨੇ ਕਿਹਾ, 'ਨਾਨਕ ਆਪਣੇ ਆਪ ਨੂੰ ਪੀਰ ਅਖਵਾਉਂਦਾ ਹੈ ਤਾਂ ਆਪਣੇ ਮੁਰੀਦ ਨੂੰ ਇਕ ਘੁੱਟ ਪਾਣੀ ਨਹੀਂ ਪਿਲਾ ਸਕਦਾ ?" ਮਰਦਾਨਾ ਇਕ ਵਾਰ ਜਦੋਂ ਹੇਠਾਂ ਪੁੱਜਾ, ਪਿਆਸ ਵਿਚ ਬਿਹਬਲ ਉਹ ਬਾਬੇ ਨਾਨਕ ਦੇ ਚਰਨਾਂ ਵਿਚ ਬੇਹੋਸ਼ ਹੋ ਗਿਆ। ਗੁਰੂ ਬਾਬੇ ਨਾਨਕ ਨੇ ਮਰਦਾਨੇ ਦੀ ਕੰਡ ਉੱਤੇ ਹੱਥ ਫੇਰਿਆ। ਉਸ ਨੂੰ ਹੌਸਲਾ ਦਿੱਤਾ ਤੇ ਮਰਦਾਨੇ ਨੇ ਅੱਖ ਖੋਲ੍ਹੀ, ਬਾਬੇ ਨੇ ਉਹਨੂੰ ਸਾਹਮਣੇ ਇਕ ਪੱਥਰ ਪੁੱਟਣ ਲਈ ਕਿਹਾ। ਮਰਦਾਨੇ ਨੇ ਪੱਥਰ ਪੁੱਟਿਆ ਤੇ ਹੇਠੋਂ ਪਾਣੀ ਦਾ ਝਰਨਾ ਫੁੱਟ ਨਿਕਲਿਆ, ਜਿਵੇਂ ਨਹਿਰ ਪਾਣੀ ਦੀ ਵਗਣ ਲਗ ਪਈ ਤੇ ਵੇਖਦਿਆਂ ਵੇਖਦਿਆਂ ਚਹੁੰ ਪਾਸੇ ਪਾਣੀ ਹੀ ਪਾਣੀ ਹੋ ਗਿਆ। ਇਤਨੇ ਵਿਚ ਵਲੀ ਕੰਧਾਰੀ ਨੂੰ ਪਾਣੀ ਦੀ ਲੋੜ ਪਈ। ਖੂਹ ਵਿਚ ਵੇਖੇ ਤੇ ਪਾਣੀ ਦੀ ਇਕ ਸਿਪ ਵੀ ਨਹੀਂ ਸੀ। ਵਲੀ ਕੰਧਾਰੀ ਨੂੰ ਡਾਢਾ ਅਸਚਰਜ ਹੋਇਆ। ਹੇਠ ਪਹਾੜੀ ਦੇ ਕਦਮਾਂ ਦੇ ਵਿਚ ਚੱਠੇ ਵਗ ਰਹੇ ਸਨ। ਚਸ਼ਮੇ ਫੁੱਟੇ ਸਨ। ਦੂਰ ਬਹੁਤ ਦੂਰ ਇਕ ਕਿੱਕਰ ਹੇਠ ਵਲੀ ਕੰਧਾਰੀ ਨੇ ਵੇਖਿਆ ਬਾਬਾ ਨਾਨਕ ਤੇ ਉਸ ਦਾ ਸਾਥੀ ਬੈਠੇ ਸਨ। ਗੁੱਸੇ ਵਿਚ ਆ ਕੇ ਵਲੀ ਨੇ ਚੱਟਾਨ ਦੇ ਇਕ ਟੁਕੜੇ ਨੂੰ ਆਪਣੇ ਪੂਰੇ ਜ਼ੋਰ ਨਾਲ ਉੱਤੋਂ ਰੇੜ੍ਹਿਆ। ਇੰਜ ਪਹਾੜੀ ਦੀ ਪਹਾੜੀ ਨੂੰ ਆਪਣੇ ਵਲ ਰਿੜ੍ਹਦਾ ਆਉਂਦਾ ਵੇਖ ਮਰਦਾਨਾ ਚਿਚਲਾ ਉੱਠਿਆ। ਬਾਬੇ ਨਾਨਕ ਨੇ ਠਰ੍ਹੰਮੇ ਨਾਲ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿਣ ਲਈ ਕਿਹਾ ਤੇ ਜਦੋਂ ਪਹਾੜੀ ਦਾ ਇਕ ਟੁਕੜਾ ਬਾਬੇ ਦੇ ਸਿਰ ਕੋਲ ਆਇਆ, ਗੁਰੂ ਨਾਨਕ ਨੇ ਹੱਥ ਦੇ ਕੇ ਆਪਣੇ ਪੰਜੇ ਨਾਲ ਰੋਕ ਲਿਆ ਤੇ ਹਸਨ ਅਬਦਾਲ ਵਿਚ ਜਿਸ ਦਾ ਨਾਂ ਹੁਣ 'ਪੰਜਾ ਸਾਹਿਬ' ਹੈ, ਅਜੇ ਤੀਕ ਪਹਾੜੀ ਦੇ ਟੁਕੜੇ ਉੱਤੇ ਬਾਬੇ ਨਾਨਕ ਦਾ ਪੰਜਾ ਲੱਗਾ ਹੋਇਆ ਹੈ।

ਇਹ ਸਾਖੀ ਆਪਣੀ ਮਾਂ ਕੋਲੋਂ ਸੁਣ ਕੇ ਪਾਤਰ ਦੱਸਦਾ ਹੈ ਕਿ ਮੈਨੂੰ ਇਹ ਸਾਖੀ ਡਾਢੀ ਚੰਗੀ ਲਗ ਰਹੀ ਸੀ। ਪਰ ਜਦੋਂ ਮੈਂ ਇਕ ਹੱਥ ਨਾਲ ਪਹਾੜੀ ਰੋਕਣ ਵਾਲੀ ਗੱਲ ਸੁਣੀ ਤਾਂ ਮੇਰੇ ਮੂੰਹ ਦਾ ਸਵਾਦ ਫਿੱਕਾ ਹੋ ਗਿਆ। ਇਹ ਕਿਸ ਤਰ੍ਹਾਂ ਹੋ ਸਕਦਾ ਸੀ? ਕੋਈ ਆਦਮੀ ਪਹਾੜੀ ਨੂੰ ਕਿਸ ਤਰ੍ਹਾਂ ਰੋਕ ਸਕਦਾ ਏ? ਤੇ ਪਹਾੜੀ ਵਿਚ ਅਜੇ ਤੀਕ ਬਾਬੇ ਨਾਨਕ ਦਾ ਪੰਜਾ ਲੱਗਾ ਹੋਇਆ ਹੈ। ਮੈਨੂੰ ਜ਼ਰਾ ਇਤਬਾਰ ਨਾ ਆਉਂਦਾ। 'ਬਾਅਦ ਵਿਚ ਕਿਸੇ ਨੇ ਖੁਣ ਦਿੱਤਾ ਹੋਣਾ ਏ।" ਮੈਂ ਆਪਣੀ ਮਾਂ ਨਾਲ ਕਿਤਨਾ ਚਿਰ ਬਹਿਸ ਕਰਦਾ ਰਿਹਾ। ਮੈਂ ਇਹ ਤੇ ਮੰਨ ਸਕਦਾ ਹਾਂ ਕਿ ਪੱਥਰ ਹੇਠੋਂ ਪਾਣੀ ਫੁੱਟ ਆਵੇ। ਸਾਇੰਸ ਨੇ ਕਈ ਤਰੀਕੇ ਕੱਢੇ ਹਨ, ਜਿਨ੍ਹਾਂ ਨਾਲ ਜਿਸ ਥਾਂ ਪਾਣੀ ਹੋਵੇ ਉਸ ਥਾਂ ਦਾ ਪਤਾ ਲਾਇਆ ਜਾ ਸਕਦਾ ਹੈ। ਪਰ ਇਕ ਇਨਸਾਨ ਦਾ ਰਿੜ੍ਹੀ ਆ ਰਹੀ ਪਹਾੜੀ ਨੂੰ ਰੋਕ ਲੈਣਾ ਮੈਂ ਨਹੀਂ ਮੰਨ ਸਕਦਾ ਸਾਂ। ਮੈਂ ਨਹੀਂ ਮੰਨਦਾ ਸਾਂ ਤਾਂ ਮੇਰੀ ਮਾਂ ਮੇਰੇ ਮੂੰਹ ਵਲ ਵੇਖ ਕੇ ਚੁੱਪ ਕਰ ਗਈ।

ਕੁਝ ਦਿਨ ਹੀ ਗੁਜ਼ਰੇ ਸਨ ਕਿ ਅਸੀਂ ਸੁਣਿਆ, ਪੰਜੇ ਸਾਹਿਬ 'ਸਾਕਾ' ਹੋ ਗਿਆ ਹੈ। ਉਹਨਾਂ ਦਿਨਾਂ ਵਿਚ 'ਸਾਕੇ ਬੜੇ ਹੁੰਦੇ ਸਨ। ਜਦੋਂ ਵੀ ਕੋਈ 'ਸਾਕਾ' ਹੁੰਦਾ, ਮੈਂ ਸਮਝ ਲੈਂਦਾ, ਅੱਜ ਸਾਡੇ ਘਰ ਰੋਟੀ ਨਹੀਂ ਪੱਕੇਗੀ ਤੇ ਰਾਤ ਨੂੰ ਭੁੰਜੇ ਸੌਣਾ ਪਵੇਗਾ। ਪਰ ਇਹ 'ਸਾਕਾ' ਹੁੰਦਾ ਕੀ ਏ, ਮੈਨੂੰ ਨਹੀਂ ਸੀ ਪਤਾ। ਸਾਡਾ ਪਿੰਡ ਪੰਜਾ ਸਾਹਿਬ ਤੋਂ ਕੋਈ ਜ਼ਿਆਦਾ ਦੂਰ ਨਹੀਂ ਸੀ। ਜਦੋਂ ਇਸ ਸਾਕੇ ਦੀ ਖ਼ਬਰ ਆਈ ਮੇਰੇ ਮਾਂ ਜੀ ਪੰਜਾ ਸਾਹਿਬ ਲਈ ਤੁਰ ਪਏ। ਨਾਲ ਮੈਂ ਸਾਂ, ਮੇਰੀ ਨਿੱਕੀ ਭੈਣ ਸੀ। ਪੰਜਾ ਸਾਹਿਬ ਦਾ ਸਾਰਾ ਰਸਤਾ ਮੇਰੀ ਮਾਂ ਦੀ ਅੱਖ ਨਹੀਂ ਸੁੱਕੀ। ਅਸੀਂ ਹੈਰਾਨ ਸਾਂ ਕਿ ਇਹ ਸਾਕਾ ਕੀ ਹੁੰਦਾ ਏ ? ਤੇ ਜਦੋਂ ਪੰਜਾ ਸਾਹਿਬ ਪੁੱਜੇ, ਅਸੀਂ ਇਕ ਅਜੀਬ ਕਹਾਣੀ ਸੁਣੀ।

ਦੂਰ ਕਿਤੇ ਸ਼ਹਿਰ ਵਿਚ ਫ਼ਰੰਗੀ ਨੇ ਨਿਹੱਥੇ ਹਿੰਦੁਸਤਾਨੀਆਂ ਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਮਾਰ ਸੁੱਟਿਆ ਸੀ। ਮਰਨ ਵਾਲਿਆਂ ਵਿਚ ਨੌਜਵਾਨ ਵੀ ਸਨ, ਬੁੱਢੇ ਵੀ ਸਨ ਤੇ ਜਿਹੜੇ ਬਾਕੀ ਰਹਿ ਗਏ, ਉਹਨਾਂ ਨੂੰ ਗੱਡੀ ਵਿਚ ਪਾ ਕੇ ਕਿਸੇ ਹੋਰ ਸ਼ਹਿਰ ਵਿਚ ਜੇਲ੍ਹ ਵਿਚ ਭੇਜਿਆ ਜਾ ਰਿਹਾ ਸੀ। ਕੈਦੀ ਭੁੱਖੇ ਸਨ, ਪਿਆਸੇ ਸਨ ਤੇ ਹੁਕਮ ਇਹ ਸੀ ਕਿ ਗੱਡੀ ਨੂੰ ਰਸਤੇ ਵਿਚ ਕਿਤੇ ਵੀ ਨਾ ਠਹਿਰਾਇਆ ਜਾਵੇ। ਜਦੋਂ ਪੰਜਾ ਸਾਹਿਬ ਵੀ ਖ਼ਬਰ ਪੁੱਜੀ, ਜਿਸ ਕਿਸੇ ਨੇ ਸੁਣਿਆ ਲੋਕਾਂ ਨੂੰ ਚਾਰੇ ਕੱਪੜੇ ਅੱਗ ਲਗ ਗਈ। ਪੰਜਾ ਸਾਹਿਬ ਜਿੱਥੇ ਬਾਬੇ ਨਾਨਕ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਸੀ, ਉਸ ਸ਼ਹਿਰ ਤੋਂ ਗੱਡੀ ਭਰੀ ਦੀ ਭਰੀ ਪਿਆਸਿਆਂ ਦੀ ਲੰਘ ਜਾਏ, ਭੁੱਖਿਆਂ ਦੀ ਲੰਘ ਜਾਏ, ਮਜ਼ਲੂਮਾਂ ਦੀ ਲੰਘ ਜਾਏ, ਇਹ ਕਿਵੇਂ ਹੋ ਸਕਦਾ ਸੀ? ਤੇ ਫ਼ੈਸਲਾ ਹੋਇਆ ਕਿ ਗੱਡੀ ਨੂੰ ਰੋਕਿਆ ਜਾਵੇਗਾ। ਸਟੇਸ਼ਨ ਮਾਸਟਰ ਨੂੰ ਅਰਜ਼ੀ ਪਾਈ ਗਈ, ਟੈਲੀਫ਼ੋਨਾਂ ਖੜਕੀਆਂ, ਤਾਰਾਂ ਗਈਆਂ, ਪਰ ਫ਼ਰੰਗੀ ਦਾ ਹੁਕਮ ਸੀ। ਗੱਡੀ ਰਸਤੇ ਵਿਚ ਕਿਤੇ ਨਹੀਂ ਖੜੀ ਕੀਤੀ ਜਾਵੇਗੀ। ਗੱਡੀ ਵਿਚ ਆਜ਼ਾਦੀ ਦੇ ਪਰਵਾਨੇ, ਦੇਸ਼-ਭਗਤ ਭੁੱਖੇ ਸਨ, ਉਹਨਾਂ ਲਈ ਪਾਣੀ ਦਾ ਕੋਈ ਇੰਤਜ਼ਾਮ ਨਹੀਂ ਸੀ। ਗੱਡੀ ਨੇ ਪੰਜਾ ਸਾਹਿਬ ਨਹੀਂ ਰੁਕਣਾ ਸੀ। ਪਰ ਪੰਜਾ ਸਾਹਿਬ ਦੇ ਲੋਕਾਂ ਦਾ ਇਹ ਫ਼ੈਸਲਾ ਅਟੱਲ ਸੀ ਕਿ ਗੱਡੀ ਨੂੰ ਜ਼ਰੂਰ ਰੋਕ ਲੈਣਾ ਹੈ ਤੇ ਸ਼ਹਿਰ ਵਾਸੀਆਂ ਨੇ ਸਟੇਸ਼ਨ ਉੱਤੇ ਰੋਟੀਆਂ ਦੇ, ਖੀਰਾਂ-ਪੂੜਿਆਂ ਦੇ, ਦਾਲਾਂ ਦੇ ਢੇਰ ਲਾ ਦਿੱਤੇ। ਪਰ ਗੱਡੀ ਤਾਂ ਇਕ ਹਨੇਰੀ ਦੀ ਤਰ੍ਹਾਂ ਆਵੇਗੀ ਤੇ ਤੂਫ਼ਾਨ ਦੀ ਤਰ੍ਹਾਂ ਨਿਕਲ ਜਾਵੇਗੀ। ਉਸ ਨੂੰ ਕਿਵੇਂ ਰੋਕਿਆ ਜਾਵੇ।

ਮੇਰੀ ਮਾਂ ਦੀ ਸਹੇਲੀ ਨੇ ਸਾਨੂੰ ਦੱਸਿਆ, "ਉਸ ਥਾਂ ਪਟੜੀ ਉੱਤੇ ਪਹਿਲਾਂ ਉਹ ਲੇਟ ਗਏ ਮੇਰੇ ਬੱਚਿਆਂ ਦੇ ਪਿਤਾ। ਫਿਰ ਉਹਨਾਂ ਦੇ ਨਾਲ ਉਹਨਾਂ ਦੇ ਹੋਰ ਸਾਥੀ ਲੇਟ ਗਏ। ਉਹਨਾਂ ਦੇ ਬਾਅਦ ਅਸੀਂ ਪਤਨੀਆਂ ਲੇਟੀਆਂ। ਫੇਰ ਸਾਡੇ ਬੱਚੇ ਤੇ ਫੇਰ ਗੱਡੀ ਆਈ। ਦੂਰੋਂ ਚੀਕਦੀ ਹੋਈ, ਚਿਚਲਾਉਂਦੀ ਹੋਈ, ਸੀਟੀਆਂ ਮਾਰਦੀ ਹੋਈ। ਅਜੇ ਦੂਰ ਹੀ ਸੀ ਕਿ ਮੱਠੀ ਪੈ ਗਈ। ਪਰ ਰੇਲ ਸੀ ਖਲੋਂਦਿਆਂ ਖਲੋਂਦਿਆਂ ਹੀ ਖਲੋਂਦੀ। ਮੈਂ ਵੇਖ ਰਹੀ ਸੀ ਕਿ ਪਹੀਏ ਉਹਨਾਂ ਦੀ ਛਾਤੀ ਉੱਤੇ ਚੜ੍ਹ ਗਏ। ਫੇਰ ਉਹਨਾਂ ਦੇ ਨਾਲ ਦੇ ਦੀ ਛਾਤੀ ਉੱਤੇ . . . . ਤੇ ਫੇਰ ਮੈਂ ਅੱਖਾਂ ਮੀਟ ਲਈਆਂ ਮੈਂ ਅੱਖਾਂ ਖੋਲ੍ਹੀਆਂ ਤਾਂ ਮੇਰੇ ਸਿਰ ਉੱਤੇ ਗੱਡੀ ਖਲੋਤੀ ਸੀ। ਮੇਰੇ ਨਾਲ ਧੁੜਕ ਰਹੀਆਂ ਛਾਤੀਆਂ ਵਿਚੋਂ 'ਧੰਨ ਨਿਰੰਕਾਰ' ਦੀ ਆਵਾਜ਼ ਆ ਰਹੀ ਸੀ ਤੇ ਫੇਰ ਮੇਰੇ ਵੇਖਦਿਆਂ ਵੇਖਦਿਆਂ ਗੱਡੀ ਮੁੜੀ ਤੇ ਪਹੀਆਂ ਹੇਠ ਆਈਆਂ ਲਾਸ਼ਾਂ ਟੁਕੜੇ ਟੁਕੜੇ ਹੋ ਗਈਆਂ . . ."

ਮੈਂ ਆਪਣੀ ਅੱਖੀਂ ਲਹੂ ਦੀ ਵਗੀ ਹੋਈ ਨਦੀ ਨੂੰ ਵੇਖਿਆ। ਵਗਦੀ ਵਗਦੀ ਕਿਤਨੇ ਹੀ ਦੂਰ ਇਕ ਪੱਕੇ ਬਣੇ ਨਾਲੇ ਦੇ ਪੁਲ ਤਕ ਚਲੀ ਗਈ ਸੀ ਤੇ ਮੈਂ ਹੱਕਾ-ਬੱਕਾ ਹੈਰਾਨ ਸਾਂ, ਮੈਥੋਂ ਇਕ ਬੋਲ ਨਾ ਬੋਲਿਆ ਗਿਆ। ਸਾਰਾ ਦਿਨ ਮੈਂ ਪਾਣੀ ਦਾ ਘੁੱਟ ਨਾ ਪੀ ਸਕਿਆ। ਸ਼ਾਮੀਂ ਜਦੋਂ ਅਸੀਂ ਵਾਪਸ ਆ ਰਹੇ ਸਾਂ, ਰਸਤੇ ਵਿਚ ਮੇਰੀ ਮਾਂ ਨੇ ਮੇਰੀ ਛੋਟੀ ਭੈਣ ਨੂੰ ਪੰਜਾ ਸਾਹਿਬ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ। ਕਿਵੇਂ ਬਾਬਾ ਨਾਨਕ ਮਰਦਾਨੇ ਨਾਲ ਇਸ ਪਾਸੇ ਆਏ। ਕਿਵੇਂ ਮਰਦਾਨੇ ਨੂੰ ਪਿਆਸ ਲੱਗੀ। ਕੰਧਾਰੀ ਨੇ ਤਿੰਨ ਵਾਰ ਮਰਦਾਨੇ ਨੂੰ ਨਿਰਾਸ ਵਾਪਸ ਕਰ ਦਿੱਤਾ। ਕਿਵੇਂ ਬਾਬੇ ਨਾਨਕ ਨੇ ਮਰਦਾਨੇ ਨੂੰ ਇਕ ਪੱਥਰ ਪੁੱਟਣ ਲਈ ਕਿਹਾ। ਕਿਵੇਂ ਹੇਠੋਂ ਪਾਣੀ ਦਾ ਇਕ ਚਸ਼ਮਾ ਫੁੱਟ ਪਿਆ ਤੇ ਵਲੀ ਕੰਧਾਰੀ ਦੇ ਖੂਹ ਦਾ ਸਾਰੇ ਦਾ ਸਾਰਾ ਪਾਣੀ ਹੇਠਾਂ ਖਿੱਚਿਆ ਹੋਇਆ ਆ ਗਿਆ। ਤੇ ਫੇਰ ਕਿਵੇਂ ਗੁੱਸੇ ਵਿਚ ਵਲੀ ਕੰਧਾਰੀ ਨੇ ਉੱਤੋਂ ਪਹਾੜੀ ਦਾ ਇਕ ਟੁਕੜਾ ਰੇੜ੍ਹਿਆ। ਕਿਵੇਂ ਮਰਦਾਨਾ ਘਬਰਾਇਆ, ਪਰ ਬਾਬੇ ਨਾਨਕ ਨੇ "ਧੰਨ ਨਿਰੰਕਾਰ" ਕਹਿ ਕੇ ਆਪਣੇ ਹੱਥ ਨਾਨਕ ਪਹਾੜੀ ਦੇ ਟੁਕੜੇ ਨੂੰ ਠੱਲ੍ਹ ਲਿਆ।

"ਪਰ ਪਹਾੜ ਨੂੰ ਕਿਵੇਂ ਕੋਈ ਰੋਕ ਸਕਦਾ ਹੈ ?" ਮੇਰੀ ਛੋਟੀ ਭੈਣ ਨੇ ਝੱਟ ਮਾਂ ਨੂੰ ਟੋਕਿਆ।

"ਕਿਉਂ ਨਹੀਂ ਕੋਈ ਰੋਕ ਸਕਦਾ ?" ਮੈਂ ਵਿਚੋਂ ਬੋਲ ਪਿਆ, "ਅੰਨ੍ਹੇਰੀ ਵਾਂਗ ਉੱਡਦੀ ਹੋਈ ਟਰੇਨ ਨੂੰ ਰੋਕਿਆ ਜਾ ਸਕਦਾ ਹੈ, ਤਾਂ ਬਾਬਾ ਪਹਾੜ ਦੇ ਟੁਕੜੇ ਨੂੰ ਕਿਉਂ ਨਹੀਂ ਕੋਈ ਰੋਕ ਸਕਦਾ ?"

ਤੇ ਫਿਰ ਮੇਰੀਆਂ ਅੱਖਾਂ ਵਿਚੋਂ ਛਮ ਛਮ ਅੱਥਰੂ ਵਗਣ ਲਗ ਪਏ, ਕਰਨੀ ਵਾਲੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੇ ਆਪਣੀ ਜਾਨ ਉੱਤੇ ਖੇਡ ਕੇ ਨਾ ਰੁਕਣ ਵਾਲੀ ਗੱਡੀ ਨੂੰ ਰੋਕ ਲਿਆ ਸੀ ਤੇ ਆਪਣੇ ਭੁੱਖੇ ਭਾਣੇ ਦੇਸ-ਵਾਸੀਆਂ ਨੂੰ ਰੋਟੀ ਖਵਾਈ ਸੀ ਤੇ ਪਾਣੀ ਪਿਲਾਇਆ ਸੀ।

**ਆਲੋਚਨਾਤਮਿਕ ਪਰਖ**

'ਕਰਾਮਾਤ' ਕਹਾਣੀ ਵਿੱਚ ਪੰਜਾ ਸਾਹਿਬ ਦੇ ਸਾਕੇ ਸਮੇਂ ਜਦੋਂ ਅੰਗਰੇਜ਼ਾਂ ਵੱਲੋਂ ਦੇਸ਼ ਵਾਸੀਆਂ ਨੂੰ ਭੁੱਖੇ-ਪਿਆਸ ਜੇਲ੍ਹਾਂ ਵਿੱਚ ਲਿਜਾਇਆ ਜਾ ਰਿਹਾ ਸੀ ਤਾਂ ਸਿੱਖ ਸ਼ਰਧਾਲੂਆਂ ਵੱਲੋਂ ਉਹਨਾਂ ਨੂੰ ਪਾਣੀ ਤੇ ਭੋਜਨ ਛਕਾਉਣ ਲਈ ਰੇਲ ਰੋਕਣ ਦੀ ਘਟਨਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਇਤਿਹਾਸਕ ਘਟਨਾ ਵਿੱਚ ਸਿੱਖ ਸ਼ਰਧਾਲੂਆਂ ਨੇ ਹਨੇਰੀ ਵਾਂਗ ਆਉਂਦੀ ਰੇਲ ਨੂੰ ਰੋਕਣ ਲਈ ਰੇਲ-ਪਟੜੀ ਉੱਪਰ ਪੈ ਕੇ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਇਸ ਇਤਿਹਾਸਕ ਘਟਨਾ ਨੂੰ ਬਿਆਨ ਕਰਨ ਲਈ ਲੇਖਕ ਪੰਜਾ ਸਾਹਿਬ ਨਾਲ ਪ੍ਰਚਲਿਤ ਸਾਖੀ, ਗੁਰੂ ਨਾਨਕ ਸਾਹਿਬ ਵੱਲੋ ਤੇਜ਼ੀ ਨਾਲ ਰੁੜ੍ਹਦਾ ਆਉਂਦਾ ਪਹਾੜ ਰੋਕਣ ਦੀ ਘਟਨਾ ਨੂੰ ਆਧਾਰ ਬਣਾਉਂਦਾ ਹੈ। ਇਸ ਕਹਾਣੀ ਨੂੰ ਪੇਸ਼ ਕਰਨ ਲਈ ਕਹਾਣੀਕਾਰ ਨੇ ਵਾਰਤਾਲਾਪ ਵਿਧੀ ਦੀ ਵਰਤੋਂ ਕੀਤੀ ਹੈ। ਕਹਾਣੀ ਦੇ ਸ਼ੁਰੂਆਤ ਵਿੱਚ ਕਹਾਣੀ ਦਾ ਪਾਤਰ ਇਸ ਘਟਨਾ ਨੂੰ ਗ਼ੈਰ-ਵਿਗਿਆਨਕ ਮੰਨਦਾ ਹੈ ਪਰ ਕਹਾਣੀ ਦੇ ਅੰਤ ਤੱਕ ਪਹੁੰਚਦਿਆਂ ਉਸ ਦੀ ਮਨੋਸਥਿਤੀ ਤੇ ਨਜ਼ਰੀਆ ਬਦਲ ਜਾਂਦਾ ਹੈ।

**1.7.3.2 ਅੰਮ੍ਰਿਤ ਪ੍ਰੀਤਮ ਨਾਲ ਜਾਣ-ਪਛਾਣ, ਕਹਾਣੀ 'ਇਕ ਹਉਕਾ' ਦਾ ਸਾਰ/ਵਿਸ਼ਾ-ਵਸਤੂ**

**ਲੇਖਿਕਾ ਨਾਲ ਜਾਣ-ਪਛਾਣ**

ਅੰਮ੍ਰਿਤ ਪ੍ਰੀਤਮ ਪੰਜਾਬੀ ਦੀ ਕਵਿੱਤਰੀ, ਨਾਵਲਕਾਰ, ਕਹਾਣੀਕਾਰ ਅਤੇ ਵਾਰਤਕਕਾਰ ਸੀ। ਜਿਸ ਨੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਸਾਹਿਤ ਰਚਨਾ ਕੀਤੀ। ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਈ. ਨੂੰ ਗਿਆਨੀ ਕਰਤਾਰ ਸਿੰਘ ਹਿੱਤਕਾਰੀ ਦੇ ਘਰ ਗੁੱਜਰਾਂਵਾਲਾ (ਪਾਕਿਸਤਾਨ) ਵਿੱਚ ਹੋਇਆ। ਉਸ ਨੂੰ ਪੰਜਾਬੀ ਭਾਸ਼ਾ ਦੇ 20ਵੀਂ ਸਦੀ ਦੇ ਸਭ ਤੋਂ ਅਹਿਮ ਕਵੀਆਂ ਵਿੱਚ ਮੰਨਿਆ ਜਾਂਦਾ ਹੈ ਅਤੇ ਪਹਿਲੀ ਅਹਿਮ ਨਾਰੀ ਲੇਖਿਕਾ ਮੰਨਿਆ ਜਾਂਦਾ ਹੈ। ਛੇ ਦਹਾਕਿਆਂ ਵਿੱਚ ਫੈਲੇ ਆਪਣੇ ਸਾਹਿਤਕ ਸਫ਼ਰ ਦੌਰਾਨ, ਉਸ ਨੇ ਕਵਿਤਾ, ਨਾਵਲ, ਜੀਵਨੀ, ਨਿਬੰਧ ਵਰਗੀਆਂ ਵਿਧਾਵਾਂ ਦੇ ਅੰਦਰ 100 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਇਨ੍ਹਾਂ ਰਚਨਾਵਾਂ ਵਿੱਚ ਪ੍ਰੀਤਮ ਦੇ 20 ਕਾਵਿ-ਸੰਗ੍ਰਹਿ, 13 ਕਹਾਣੀ-ਸੰਗ੍ਰਹਿ, ਵਾਰਤਕ ਦੀਆਂ ਕਿਤਾਬਾਂ, ਤਿੰਨ ਸਫ਼ਰਨਾਮੇ, ਦੋ ਸਵੈ-ਜੀਵਨੀਆਂ ਅਤੇ ਪੰਜਾਬੀ ਲੋਕ ਗੀਤਾਂ ਦਾ ਇੱਕ ਸੰਗ੍ਰਹਿ ਵੀ ਸ਼ਾਮਿਲ ਹਨ। ਉਸ ਦੀਆਂ ਕਿਤਾਬਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ ਹੈ। ਅੰਮ੍ਰਿਤਾ ਪ੍ਰੀਤਮ ਨੇ 1966 ਤੋਂ ਨਾਗਮਣੀ ਮਾਸਿਕ ਪੱਤਰ ਦੀ ਸੰਪਾਦਨਾ ਸ਼ੁਰੂ ਕੀਤੀ। ਅੰਮ੍ਰਿਤਾ ਪ੍ਰੀਤਮ ਦੀ ਸਭ ਤੋਂ ਮਸ਼ਹੂਰ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਹੈ ਜਿਸ ਵਿੱਚ ਉਹ ਹਿੰਦੁਸਤਾਨ ਦੀ ਵੰਡ ਤੋਂ ਬਾਅਦ ਹੋਏ ਕਤਲੇਆਮ ਪ੍ਰਤੀ ਆਪਣਾ ਰੋਸ ਦਿਖਾਉਂਦੇ ਹੋਏ ਵਾਰਿਸ ਸ਼ਾਹ ਨੂੰ ਵਾਪਸ ਆਉਣ ਦੀ ਦੁਹਾਈ ਪਾਉਂਦੀ ਹੈ।ਇੱਕ ਨਾਵਲਕਾਰ ਦੇ ਤੌਰ ਉੱਤੇ ਪਿੰਜਰ (1950) ਉਸ ਦਾ ਸਭ ਤੋਂ ਮਸ਼ਹੂਰ ਨਾਵਲ ਹੈ ਜਿਸ ਉੱਤੇ ਬਾਅਦ ਵਿੱਚ ਇੱਕ ਅਵਾਰਡ ਜੇਤੂ ਫ਼ਿਲਮ ਪਿੰਜਰ (2003) ਵੀ ਬਣੀ।

1956 ਈ. ਵਿੱਚ ਅੰਮ੍ਰਿਤਾ ਨੂੰ ਆਪਣੀ ਕਾਵਿ ਪੁਸਤਕ 'ਸੁਨੇਹੜੇ' ਲਈ ਸਾਹਿਤ ਅਕਾਦਮੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ, ਜਿਸ ਨਾਲ ਇਹ ਇਨਾਮ ਜਿੱਤਣ ਵਾਲੀ ਉਹ ਪਹਿਲੀ ਔਰਤ ਲੇਖਿਕਾ ਬਣੀ। 1982 ਵਿੱਚ ਉਸਨੂੰ ਆਪਣੀ ਕਾਵਿ ਪੁਸਤਕ 'ਕਾਗਜ਼ ਤੇ ਕੈਨਵਸ' ਲਈ ਭਾਰਤ ਦੇ ਸਭ ਤੋਂ ਵੱਡੇ ਸਾਹਿਤਕ ਇਨਾਮਾਂ ਵਿੱਚੋਂ ਇੱਕ, ਗਿਆਨ-ਪੀਠ ਇਨਾਮ, ਨਾਲ ਸਨਮਾਨਿਤ ਕੀਤਾ ਗਿਆ, ਜਿਸ ਨੂੰ

ਜਿੱਤਣ ਵਾਲੀ ਉਹ ਪਹਿਲੀ ਪੰਜਾਬੀ ਲੇਖਿਕਾ ਸੀ।1969 ਵਿੱਚ ਉਸ ਨੂੰ ਪਦਮ ਸ਼੍ਰੀ ਪੁਰਸਕਾਰ ਮਿਲਿਆ ਤੇ 2004 ਵਿੱਚ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ, ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਗਿਆ। ਅੰਮ੍ਰਿਤਾ ਪ੍ਰੀਤਮ ਨੇ ਮਾਸਿਕ ਪਤ੍ਰਿਕਾ 'ਨਾਗਮਣੀ' ਰਾਹੀਂ ਇਕ ਨਵੀਂ ਪ੍ਰਕਾਰ ਦੀ ਪੱਤਰਕਾਰੀ ਦੀ ਪਿਰਤ ਪਾਈ ਹੈ। ਨਿਰੰਤਰ ਕਾਵਿ-ਸਾਧਨਾ ਅੰਮ੍ਰਿਤਾ ਪ੍ਰੀਤਮ ਦੀ ਜੀਵਨ-ਜਾਚ ਦਾ ਸਥਾਈ ਅੰਗ ਹੈ। ਬੇਬਾਕ ਕਥਨ ਅਤੇ ਸੁਹਜ ਭਰਿਆ ਪ੍ਰਗਟਾਵਾ ਉਸ ਦੀ ਕਵਿਤਾ ਅਤੇ ਕਹਾਣੀ ਦੋਹਾਂ ਦਾ ਸਾਂਝਾ ਗੁਣ ਹਨ। ਜੋਬਨਵੰਤ ਇਸਤ੍ਰੀ ਚਰਿੱਤਰ ਦੀ ਸਹਿਜ ਅਭਿਵਿਅੰਜਨਾ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਦਾ ਵਿਲੱਖਣ ਗੁਣ ਹੈ। ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਰਚਨਾਵਾਂ ਵਿੱਚ ਫ਼ਿਰਕੂ-ਫ਼ਸਾਦਾਂ ਅਤੇ ਸਰਮਾਏਦਾਰੀ ਸ਼ੋਸ਼ਣ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। 1960 ਵਿੱਚ ਅੰਮ੍ਰਿਤਾ ਦੀ ਆਪਣੇ ਪਤੀ ਤੋਂ ਦੂਰੀ ਪੈ ਗਈ, ਫਿਰ ਜੀਵਨ ਦੇ ਆਖ਼ਰੀ 40 ਸਾਲ ਇਮਰੋਜ਼ ਨਾਲ ਬਿਤਾਏ। ਅੰਮ੍ਰਿਤਾ ਪ੍ਰੀਤਮ ਇੱਕ ਬਹੁਤ ਸ਼ਕਤੀਸ਼ਾਲੀ ਵਿਅਕਤੀਤਵ ਦੀ ਮਾਲਕ ਸੀ। ਉਸ ਨੇ ਪੰਜਾਬੀ ਸਾਹਿਤ ਦੀ ਵਿਲੱਖਣ ਸੇਵਾ ਕੀਤੀ। ਅੰਮ੍ਰਿਤ ਪ੍ਰੀਤਮ ਦੇ 'ਛੱਤੀ ਵਰ੍ਹੇ ਬਾਅਦ', 'ਕੁੰਜੀਆਂ', 'ਤੀਜੀ ਔਰਤ', 'ਇਕ ਸ਼ਹਿਰ ਦੀ ਮੌਤ', 'ਚਾਨਣ ਦਾ ਹਉਕਾ', 'ਜੰਗਲੀ ਬੂਟੀ', 'ਗੋਜ਼ਰ ਦੀਆਂ ਪਰੀਆਂ', 'ਆਖ਼ਰੀ ਖ਼ਤ' ਆਦਿ ਪ੍ਰਸਿੱਧੀ ਕਹਾਣੀ ਸੰਗ੍ਰਹਿ ਹਨ।

**ਕਹਾਣੀ ਦਾ ਸਾਰ/ਵਿਸ਼ਾ ਵਸਤੂ**

ਅੰਮ੍ਰਿਤ ਪ੍ਰੀਤਮ ਦੀ ਕਹਾਣੀ 'ਇੱਕ ਹਉਕਾ' ਵਿੱਚ ਲੇਖਿਕਾ ਨੇ ਇੱਕ ਬੁੱਢੇ ਦਹਾਜੂ ਨਾਲ ਪੈਸੇ ਲੈ ਕੇ ਵਿਆਹੀ ਹੋਈ ਔਰਤ ਦੀ ਅਸੰਤੁਸ਼ਟ ਤੇ ਕੁੰਠਿਤ ਮਨੋ-ਸਥਿਤੀ ਨੂੰ ਪੇਸ਼ ਕੀਤਾ ਹੈ। ਕਹਾਣੀ ਵਿੱਚ ਨੇਕ ਸੁਭਾ ਵਾਲੀ ਵੱਡੀ ਸਰਦਾਰਨੀ ਨਿਹਾਲ ਕੌਰ ਦੇ ਆਪਣੀ ਕੋਈ ਔਲਾਦ ਨਾ ਹੋਣ ਕਰਕੇ ਉਸ ਨੇ ਆਪਣੇ ਬੁੱਢੇ ਪਤੀ, ਜੋ ਕਿ ਇਕ ਅਮੀਰ ਸਰਦਾਰ ਸੀ ਦਾ ਵਿਆਹ ਆਪਣੇ ਹੱਥੀਂ ਵੀਰੋ ਨਾਂ ਦੀ ਇਕ ਗ਼ਰੀਬ ਜਿਹੇ ਘਰ ਦੀ ਕੁੜੀ ਨਾਲ ਕਰਵਾ ਦਿੱਤਾ ਸੀ ਤੇ ਇਸ ਤਰ੍ਹਾਂ ਵੀਰੋ ਛੋਟੀ ਸਰਦਾਰਨੀ ਤੇ ਉਹ ਆਪ ਵੱਡੀ ਸਰਦਾਰਨੀ ਬਣ ਗਈ ਸੀ। ਜਵਾਨ ਔਰਤ ਦੀਆਂ ਅਤ੍ਰਿਪਤ ਭਾਵਨਾਵਾਂ ਦੀ ਪੂਰਤੀ ਨਾ ਹੋਣ ਕਾਰਨ ਸਮਾਜਿਕ ਪ੍ਰਬੰਧ ਤੋਂ ਕੀਤੀ ਬਗ਼ਾਵਤ ਇਸ ਕਹਾਣੀ ਦਾ ਕੇਂਦਰੀ ਥੀਮ ਬਣ ਕੇ ਉੱਭਰਦਾ ਹੈ।

ਕਹਾਣੀਕਾਰ ਦੱਸਦੀ ਹੈ ਕਿ, ਵੀਰੋ ਜਦੋਂ ਦੀ ਇਸ ਘਰ ਵਿਚ ਛੋਟੀ ਸਰਦਾਰਨੀ ਬਣ ਕੇ ਆਈ ਸੀ, ਨਿਹਾਲ ਕੌਰ ਦੀ ਧੀ ਵਾਂਗ ਸੇਵਾ ਕਰਦੀ ਸੀ। ਨਿਹਾਲ ਕੌਰ ਨੇ ਨਾ ਧੀ ਦੀ ਡੋਲੀ ਤੋਰੀ ਸੀ ਤੇ ਨਾ ਪੁੱਤਰ ਦੀ ਡੋਲੀ ਲਿਆਉਣੀ ਸੀ, ਪਰ ਜਦੋਂ ਉਹਦੀ ਹੱਥੀਂ ਵਿਆਹੀ ਸੌਂਕਣ ਉਹਦੇ ਪੈਰ ਘੁੱਟਦੀ ਸੀ ਤਾਂ ਨਿਹਾਲ ਕੌਰ ਨੂੰ ਜਾਪਦਾ ਸੀ ਕਿ ਉਹਨੇ ਧੀ ਵੀ ਵੇਖ ਲਈ ਸੀ ਤੇ ਨੂੰਹ ਵੀ। ਨਿਹਾਲ ਕੌਰ ਨੇ ਇਕ ਡੂੰਘਾ ਸਾਹ ਭਰ ਕੇ ਬੜੇ ਹੱਸਦੇ ਹੋਠਾਂ ਨਾਲ ਆਪਣੇ ਆਪ ਨੂੰ ਮਨਾ ਲਿਆ ਸੀ ਕਿ ਵੀਰੋ ਉਹਦੀ ਧੀ ਵੀ ਸੀ ਤੇ ਨੂੰਹ ਵੀ। ਨਿਹਾਲ ਕੌਰ ਦਾ ਪਤੀ ਸਰਦਾਰ ਆਪਣੀ ਹਵੇਲੀ ਦਾ ਵਾਰਸ ਜ਼ਰੂਰ ਲੱਭਦਾ ਸੀ, ਪਰ ਹਵੇਲੀ ਨੂੰ ਉਸ ਔਰਤ ਦੇ ਨਾਂ ਨਹੀਂ ਸੀ ਕਰ ਸਕਦਾ, ਜਿਹਦੀ ਕੁੱਖ ਨੇ ਕੋਈ ਵਾਰਸ ਤੇ ਪਤਾ ਨਹੀਂ ਕਦੋਂ ਜੰਮਣਾ ਸੀ, ਹਾਲ ਦੀ ਘੜੀ ਸਿਰਫ਼ ਉਹਦੀ ਭਵਿੱਖ ਬਾਣੀ ਕਰਨੀ ਸੀ। ਸਰਦਾਰ ਨੇ ਦੂਜਾ ਵਿਆਹ ਕਰਨ ਤੋਂ ਨਾਂਹ ਕਰ ਦਿੱਤੀ ਸੀ। ਪਰ ਇਸ ਨਾਂਹ ਵਿਚ ਵਾਰਸ ਨਾ ਹੋਣ ਦਾ ਹਉਕਾ ਰਲਿਆ ਹੋਇਆ ਸੀ। ਨਿਹਾਲ ਕੌਰ ਨੇ ਇਹ ਹਉਕਾ ਸੁਣਿਆ ਸੀ ਇਸੇ ਲਈ ਉਸ ਨੇ ਇਕ ਬੜੇ ਨਿਮਾਣੇ ਜਿਹੇ ਘਰ ਦੀ ਕੁੜੀ ਵੀਰੋ ਲੱਭ ਕੇ ਆਪਣੇ ਸਰਦਾਰ ਨਾਲ ਵਿਆਹੀ ਸੀ ਤੇ ਉਹਦੇ ਬਦਲੇ ਵਿਚ ਉਹਦਾ ਹਉਕਾ ਆਪ ਲੈ ਲਿਆ ਸੀ।

ਇਕ ਦਿਨ ਸਰਦਾਰ ਨੇ ਕੰਧ ਵਿਚ ਲੱਗੀ ਹੋਈ ਆਪਣੀ ਲੋਹੇ ਦੀ ਅਲਮਾਰੀ ਖੋਲ੍ਹੀ, ਤਾਂ ਕਿੰਨਾ ਚਿਰ ਖੁੱਲ੍ਹੀ ਅਲਮਾਰੀ ਦੇ ਅੱਗੇ ਖਲੋਤਾ ਕੁਝ ਸੋਚਦਾ ਰਿਹਾ। "ਵੱਡੀ ਸਰਦਾਰਨੀ ਕਿਥੇ ਗਈ ਏ ?" ਸਰਦਾਰ ਨੇ ਵੀਰੋ ਨੂੰ ਕਾਹਲਿਆਂ ਪੈ ਕੇ ਪੁੱਛਿਆ। ਵੱਡੀ ਸਰਦਾਰਨੀ ਘਰ ਨਹੀਂ ਸੀ। ਸਰਦਾਰ ਨੇ ਅਲਮਾਰੀ ਬੰਦ ਕਰ ਕੇ ਚਾਬੀ

ਬੋਝੇ ਵਿਚ ਪਾ ਲਈ ਤੇ ਕਾਰਖ਼ਾਨੇ ਜਾਂਦਾ ਵੀਰੋ ਨੂੰ ਆਖ ਗਿਆ ਕਿ ਨਿਹਾਲ ਕੌਰ ਜਿਸ ਵੇਲੇ ਵੀ ਘਰ ਆਵੇ ਉਹ ਹੇਠਾਂ ਮੁਨਸ਼ੀ ਨੂੰ ਆਵਾਜ਼ ਦੇ ਕੇ ਮੈਨੂੰ ਕਾਰਖ਼ਾਨੇ ਵਿਚ ਸੁਨੇਹਾ ਭੇਜ ਦੇਵੇ। ਨਿਹਾਲ ਕੌਰ ਜਿਸ ਵੇਲੇ ਆਈ ਵੀਰੋ ਬਾਹਰਲੇ ਪੂਰੇ ਉੱਤੇ ਬੜੀ ਘਾਬਰੀ ਹੋਈ ਬੈਠੀ ਹੋਈ ਸੀ। ਉਸ ਨੂੰ ਹੁਣੇ ਇਕ ਉਲਟੀ ਆਈ ਸੀ। ਨਿਹਾਲ ਕੌਰ ਨੇ ਵੀਰੋ ਦੀ ਬਾਂਹ ਫੜੀ, ਉਹਦੇ ਮੋਢੇ ਘੁੱਟੇ ਤੇ ਉਹਨੂੰ ਮੰਜੀ ਉੱਤੇ ਲਿਟਾਇਆ। ਪਰ ਵੀਰੋ ਨੇ ਕੰਬਦੇ ਕੰਬਦੇ ਪੈਰ ਮੰਜੀ ਤੋਂ ਹੇਠਾਂ ਲਾਹੇ ਤੇ ਉੱਠ ਕੇ ਨਿਹਾਲ ਕੌਰ ਦੇ ਪੈਰ ਫੜ ਲਏ।'ਸਰਦਾਰਨੀ ! ਤੂੰ ਮੈਨੂੰ ਇਕ ਦਿਨ ਆਖਿਆ ਸੀ ਕਿ ਮੈਂ ਤੇਰੀ ਧੀ ਵੀ ਹਾਂ ਤੇ ਨੂੰਹ ਵੀ। ਅੱਜ ਮੈਨੂੰ ਭਾਵੇਂ ਆਪਣੀ ਧੀ ਸਮਝ ਕੇ ਬਚਾ ਲੈ ਤੇ ਭਾਵੇਂ ਨੂੰਹ ਸਮਝ ਕੇ।" ਵੀਰੋ ਵਿਲਕ ਉੱਠੀ। ਵਿਲਕਦੀ ਵਿਲਕਦੀ ਵੀਰੋ ਨੇ ਨਿਹਾਲ ਕੌਰ ਨੂੰ ਦੱਸਿਆ ਕਿ ਪਿੱਛੇ ਜਦੋਂ ਉਹਦਾ ਭਰਾ ਉਹਨੂੰ ਮਿਲਣ ਆਇਆ ਸੀ ਤਾਂ ਉਹਦੇ ਭਰਾ ਨੂੰ ਕੁਝ ਪੈਸਿਆਂ ਦੀ ਡਾਢੀ ਲੋੜ ਸੀ। ਵੀਰੋ ਨੇ ਉਸ ਨੂੰ ਕੁਝ ਪੈਸੇ ਵੀ ਦਿੱਤੇ ਸਨ, ਪਰ ਪੈਸੇ ਉਹਦੇ ਕੋਲ ਬੜੇ ਥੋੜ੍ਹੇ ਸਨ, ਇਸ ਲਈ ਉਸ ਨੇ ਸਰਦਾਰ ਦੇ ਬੋਝੇ ਵਿਚੋਂ ਅਲਮਾਰੀ ਦੀ ਚਾਬੀ ਚੁਰਾ ਕੇ ਲੋਹੇ ਦੀ ਅਲਮਾਰੀ ਖੋਲ੍ਹੀ ਸੀ ਤੇ ਅਲਮਾਰੀ ਵਿਚੋਂ ਚਾਂਦੀ ਦੇ ਭਾਂਡੇ ਕੱਢ ਕੇ ਆਪਣੇ ਭਰਾ ਨੂੰ ਦੇ ਦਿੱਤੇ ਸਨ। ਇਹ ਸੁਣ ਕੇ ਨਿਹਾਲ ਕੌਰ ਕਹਿੰਦੀ ਹੈ ਕਿ ਇਹ ਤੇਰਾ ਆਪਣਾ ਘਰ ਏ ਵੀਰੋ! ਜੇ ਤੂੰ ਆਪਣੇ ਘਰ ਨੂੰ ਆਪਣੇ ਹੱਥੀਂ ਉਜਾੜੇਂਗੀ 'ਗੱਲ ਅਜੇ ਨਿਹਾਲ ਕੌਰ ਦੇ ਮੂੰਹ ਵਿਚ ਸੀ, ਵੀਰੋ ਤਮਕ ਉੱਠੀ "ਇਹ ਘਰ ਨਾ ਮੈਨੂੰ ਕਦੇ ਆਪਣਾ ਲੱਗਾ ਏ, ਨਾ ਲੱਗਣਾ ਏ, ਪਰ ਇਹ ਮੈਂ ਤੇਰੇ ਨਾਲ ਇਕਰਾਰ ਕਰਨੀ ਆਂ ਸਰਦਾਰਨੀ ਕਿ ਅੱਗੋਂ ਮੈਂ ਕਦੀ ਇਸ ਘਰ ਦੀ ਕੋਈ ਚੀਜ਼ ਕਿਸੇ ਨੂੰ ਨਹੀਂ ਦਿਆਂਗੀ। ਮੈਂ ਉਸ ਦਿਨ ਵੀ ਗ਼ਲਤੀ ਕੀਤੀ ਸੀ। ਐਵੇਂ ਕਰ ਬੈਠੀ, ਪਿੱਛੋਂ ਪਛਤਾਈ ਸਾਂ। ਤੈਨੂੰ ਪਤਾ ਏ ਮੇਰਾ ਵਿਆਹ ਕਰਨ ਲੱਗਿਆਂ ਮੇਰੇ ਪਿਉ ਨੇ ਮੇਰੇ ਭਰਾ ਦੇ ਕਾਰੋਬਾਰ ਦਾ ਵਾਸਤਾ ਪਾ ਕੇ ਤੇਰੇ ਕੋਲੋਂ ਦੋ ਹਜ਼ਾਰ ਰੁਪਿਆ ਮੰਗਿਆ ਸੀ। ਤੂੰ ਦੋ ਹਜ਼ਾਰ ਰੁਪਿਆ ਦੇ ਦਿੱਤਾ ਸੀ ਤੇ ਮੇਰੇ ਪਿਉ ਨੇ ਵਿਆਹ ਕਰ ਦਿੱਤਾ। ਵੇਚਣ ਵਿਚ ਕੀ ਕਸਰ ਰਹਿ ਗਈ ? ਦੋ ਹਜ਼ਾਰ ਪਿੱਛੇ ਮੈਨੂੰ ਇਸ ਬੁੱਢੇ ਸਰਦਾਰ ਦੇ ਪੱਲੇ ਪਾ ਦਿੱਤਾ। ਮੇਰੇ ਪਿਉ ਤੇ ਭਰਾ ਕਾਹਦੇ ਸੁੱਕੇ ਨੇ .... ਮੈਂ ਕਿਸੇ ਦਾ ਘਰ ਉਜਾੜ ਕੇ ਉਹਨਾਂ ਦਾ ਘਰ ਕਿਉਂ ਭਰਾਂ।

"ਵੀਰੋ . . . . " ਨਿਹਾਲ ਕੌਰ ਤ੍ਰਭਕ ਕੇ ਵੀਰੋ ਦੇ ਮੂੰਹ ਵੱਲ ਵੇਖਣ ਲਗ ਪਈ। .... ਨਿਹਾਲ ਕੌਰ ਨੇ ਵੀਰੋ ਦੀ ਲਾਜ ਰੱਖ ਲਈ। ਸਰਦਾਰ ਨੂੰ ਕਹਿ ਦਿੱਤਾ ਕਿ ਅਲਮਾਰੀ ਵਿਚ ਪਏ ਹੋਏ ਚਾਂਦੀ ਦੇ ਭਾਂਡੇ ਬੜੇ ਪੁਰਾਣੇ ਢੰਗ ਦੇ ਸਨ, ਉਹਨੇ ਉਹ ਭਾਂਡੇ ਕੱਢ ਕੇ ਤੇ ਕੁਝ ਚਾਂਦੀ ਆਪਣੇ ਕੋਲੋਂ ਪਾ ਕੇ ਸੁਨਿਆਰੇ ਨੂੰ ਨਵੇਂ ਭਾਂਡੇ ਘੜਨੇ ਦਿੱਤੇ ਹੋਏ ਸਨ। ਸਰਦਾਰ ਦਾ ਫ਼ਿਕਰ ਮੁੱਕ ਗਿਆ। ਪਰ ਨਿਹਾਲ ਕੌਰ ਜਦੋਂ ਵੀ ਵੀਰੋ ਦੇ ਮੂੰਹ ਵੱਲ ਵੇਖਦੀ, ਉਹਦੇ ਮਨ ਵਿਚ ਇਕ ਫ਼ਿਕਰ ਛਿੜ ਪੈਂਦਾ। ਵੀਰੋ ਦੀਆਂ ਕਾਲੀਆਂ ਭੌਰਿਆਂ ਵਰਗੀਆਂ ਅੱਖਾਂ ਸਨ। ਉਹਦੀਆਂ ਬਾਹਵਾਂ ਵੇਲਣਿਆਂ ਵਾਂਗ ਗੋਲ ਤੇ ਪੀਡੀਆਂ ਸਨ, ਮਾਸ ਉੱਤੇ ਚੂੰਢੀ ਨਹੀਂ ਸੀ ਭਰੀ ਜਾਂਦੀ। ਨਿਹਾਲ ਕੌਰ ਨੂੰ ਜਾਪਣ ਲਗ ਪਿਆ ਕਿ ਸਰਦਾਰ ਕੋਲੋਂ ਜਿਹੜਾ ਹਉਕਾ ਲੈ ਕੇ ਉਹਨੇ ਆਪਣੇ ਜ਼ਿੰਮੇ ਪਾ ਲਿਆ ਸੀ, ਵੀਰੋ ਨੇ ਉਹੀ ਹਉਕਾ ਉਹਦੇ ਕੋਲੋਂ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ।

ਵੀਰੋ ਨੂੰ ਦਿਨ ਚੜ੍ਹ ਗਏ। ਹਵੇਲੀ ਬਹੁਤ ਵੱਡੀ ਸੀ, ਪਰ ਮੁਬਾਰਕਾਂ ਏਨੀਆਂ ਸਨ ਕਿ ਹਵੇਲੀ ਵਿੱਚ ਮਿਉਂਦੀਆਂ ਨਹੀਂ ਸਨ। ਸਰਦਾਰ ਦਾ ਪੈਰ ਭੋਏਂ ਤੇ ਨਹੀਂ ਸੀ ਲਗਦਾ, ਤੇ ਨਿਹਾਲ ਕੌਰ ਵੀਰੋ ਨੂੰ ਪੈਰ ਭੋਏਂ ਤੇ ਨਹੀਂ ਸੀ ਲਾਹਣ ਦੇਂਦੀ। ਪਰ ਲੋਕ ਨਾ ਸਰਦਾਰ ਨੂੰ ਏਨੀਆਂ ਮੁਬਾਰਕਾਂ ਦੇਂਦੇ ਸਨ, ਨਾ ਵੀਰੋ ਨੂੰ, ਜਿੰਨੀਆਂ ਨਿਹਾਲ ਕੌਰ ਨੂੰ ! ਨਿਹਾਲ ਕੌਰ ਵੀਰੋ ਨੂੰ ਕਹਿੰਦੀ ਹੈ ਕਿ ਮੈਂ ਕਿਹੜੇ ਵੇਲੇ ਤੈਨੂੰ ਆਪਣੀ ਧੀ ਤੇ ਨੂੰਹ ਆਖਿਆ ਸੀ। ਮੈਂ ਸੱਚੀ ਮੁੱਚੀ ਇਕ ਸੱਸ ਮਾਂ ਵਾਂਗ ਖ਼ੁਸ਼ ਹਾਂ। ਮੈਨੂੰ ਕਦੀ ਇਹ ਚੇਤਾ ਨਹੀਂ ਰਹਿੰਦਾ ਕਿ ਤੂੰ ਮੇਰੀ .. " ਨਿਹਾਲ ਕੌਰ ਦੀ ਇਸ ਗੱਲ ਨੂੰ ਵੀਰੋ ਟੁੱਕ ਦੇਂਦੀ ਤੇ ਹੱਸ ਕੇ ਆਖਦੀ, "ਸਰਦਾਰਨੀ ਮੈਂ ਭਾਵੇਂ ਤੇਰੀ ਕੁਝ ਲਗਨੀ ਆਂ ਤੇ ਭਾਵੇਂ ਨਹੀਂ, ਪਰ ਇਹ ਮੈਨੂੰ ਪਤਾ ਏ ਕਿ ਮੈਂ ਤੇਰੀ ਸੌਂਕਣ ਨਹੀਂ ਲਗਦੀ।"

### ਸਵੈ-ਮੁਲਾਂਕਣ ਪ੍ਰਸ਼ਨ

1. ਵੀਰੋ ਆਪਣੇ ਪੁੱਤਰ ਨੂੰ ਨਿਹਾਲ ਕੌਰ ਨੂੰ ਕਿਉਂ ਨਹੀਂ ਦੇਣਾ ਚਾਹੁੰਦੀ?

   ..........................................................................................................

   ..........................................................................................................

2. ਨਿਹਾਲ ਕੌਰ ਸਰਦਾਰ ਦਾ ਵਿਆਹ ਵੀਰੋ ਨਾਲ ਕਿਉਂ ਕਰਦੀ ਹੈ?

..........................................................................................................

..........................................................................................................

ਫੇਰ ਵੀਰੋ ਦੇ ਮਨ ਵਿਚ ਪਤਾ ਨਹੀਂ ਕੀ ਆਇਆ। ਜਦੋਂ ਉਸ ਨੂੰ ਨੌਵਾਂ ਮਹੀਨਾ ਲੱਗ ਪਿਆ ਤਾਂ ਉਸ ਨੇ ਜ਼ਿੱਦ ਫੜ ਲਈ ਕਿ ਉਹ ਆਪਣੇ ਪੇਕੇ ਘਰ ਆਪਣਾ ਜਣੇਪਾ ਕੱਟੇਗੀ। ਸਰਦਾਰ ਉਹਦੀ ਜ਼ਿੱਦ ਨਹੀਂ ਸੀ ਮੰਨਦਾ। ਨਿਹਾਲ ਕੌਰ ਉਹਦੇ ਵਾਸਤੇ ਪਾਂਦੀ ਸੀ, ਪਰ ਵੀਰੋ ਨੇ ਇੱਕੋ ਹੀ ਹਠ ਫੜ ਲਿਆ ਸੀ ਕਿ ਉਹਦੇ ਪਿੰਡ ਇਕ ਬੁੱਢੀ ਦਾਈ ਬੜੀ ਸਿਆਣੀ ਹੈ। ਉਹ ਨੂੰ ਸਿਰਫ਼ ਉਸੇ ਦਾਈ ਉੱਤੇ ਇਤਬਾਰ ਹੈ, ਹੋਰ ਕਿਸੇ ਉਤੇ ਨਹੀਂ ਤੇ ਉਸ ਨੂੰ ਯਕੀਨ ਹੈ ਕਿ ਉਹ ਜੇ ਇੱਥੇ ਰਹੀ ਤਾਂ ਸ਼ਹਿਰੀ ਡਾਕਟਰਨੀਆਂ ਦੇ ਹੱਥੋਂ ਜ਼ਰੂਰ ਮਰ ਜਾਏਗੀ। ਇਹ ਡਰ ਬੜਾ ਮਾੜਾ ਹੁੰਦਾ ਏ –" ਡਾਕਟਰਾਂ ਨੇ ਵੀ ਸਰਦਾਰ ਨੂੰ ਸਲਾਹ ਦਿੱਤੀ। ਪਰ ਸਰਦਾਰ ਦੇ ਮਨ ਵਿਚ ਕੁਝ ਹੋਰ ਹੀ ਡਰ ਸੀ। ਉਸ ਨੇ ਨਿਹਾਲ ਕੌਰ ਨੂੰ ਆਖਿਆ ਮੈਨੂੰ ਡਰ ਏ ਕਿ ਜੇ ਇਹ ਨੂੰ ਉੱਥੇ ਕੁੜੀ ਹੋਈ ਤਾਂ ਇਹਦੇ ਮਾਪਿਆਂ ਨੇ ਕਿਸੇ ਦੇ ਮੁੰਡੇ ਨਾਲ ਉਹ ਕੁੜੀ ਵਟਾ ਦੇਣੀ ਏ। ਮੈਂ ਅੱਗੇ ਇਹੋ ਜਿਹੀਆਂ ਕਈ ਗੱਲਾਂ ਸੁਣੀਆਂ ਹੋਈਆਂ ਨੇ। ਉਹਨਾਂ ਨੂੰ ਲਾਲਚ ਹੁੰਦਾ ਏ ਕਿ ਮੁੰਡਾ ਹੋਵੇਗਾ ਤਾਂ ਵੱਡਾ ਹੋ ਕੇ ਜਾਇਦਾਦ ਦਾ ਵਾਰਸ ਬਣੇਗਾ। ਨਿਹਾਲ ਕੌਰ ਉਸ ਨੂੰ ਕਹਿੰਦੀ ਹੈ ਇਹਦਾ ਤੇ ਇਹੋ ਇਲਾਜ ਏ ਕਿ ਮੈਂ ਇਹਦੇ ਨਾਲ ਚਲੀ ਜਾਨੀ ਆਂ। ਮੇਰੇ ਕੋਲ ਹੁੰਦਿਆਂ ਉਹ ਕੁਝ ਨਹੀਂ ਕਰ ਸਕਣਗੇ, ਨਿਹਾਲ ਕੌਰ ਨੇ ਸੋਚ ਸੋਚ ਕੇ ਆਖਿਆ। ਸਰਦਾਰ ਮੰਨ ਗਿਆ। ਵੀਰੋ ਨੇ ਵੀ ਕੋਈ ਉਜ਼ਰ ਨਾ ਕੀਤਾ। ਨਿਹਾਲ ਕੌਰ ਨੇ ਘਰ ਦੀ ਮਹਿਰੀ ਨੂੰ ਵੀ ਸੇਵਾ ਕਰਨ ਲਈ ਨਾਲ ਲੈ ਲਿਆ, ਤੇ ਵੀਰੋ ਨੂੰ ਲੈ ਕੇ ਵੀਰੋ ਦੇ ਪੇਕੇ ਚਲੀ ਗਈ ! ਦਾਈ ਨੇ ਵੀਰੋ ਦੀ ਵੱਲ ਬੈਠੀ ਹੋਈ ਨਿਹਾਲ ਕੌਰ ਵੱਲ ਵੇਖ ਕੇ ਆਖਿਆ "ਸਰਦਾਰਨੀ ! ਮੁਬਾਰਖਾਂ ਹੋਣ ! ਆ ਤੇਰੀ ਝੋਲੀ ਪੁੱਤਰ ਨਾਲ ਭਰ ਦਿਆਂ।"

ਨਿਹਾਲ ਕੌਰ ਨੇ ਮੁੰਡੇ ਨੂੰ ਵੀ ਝੋਲੀ ਵਿਚ ਪਾਇਆ, ਮੁਬਾਰਕਾਂ ਨੂੰ ਵੀ। ਪਰ ਸਵੇਰ ਸਾਰ ਜਿਸ ਵੇਲੇ ਉਹ ਸਰਦਾਰ ਨੂੰ ਤਾਰ ਦੇਣ ਲੱਗੀ ਤਾਂ ਵੀਰੋ ਨੇ ਨਿਹਾਲ ਕੌਰ ਨੂੰ ਆਪਣੇ ਕੋਲ ਬੁਲਾ ਕੇ ਆਪਣੇ ਦੋਵੇਂ ਹੱਥ ਉਹਦੇ ਪੈਰਾਂ ਉੱਤੇ ਰੱਖ ਦਿੱਤੇ।"ਸਰਦਾਰਨੀ! ਮੈਂ ਜੱਗ ਜਹਾਨ ਅੱਗੇ ਝੂਠ ਬੋਲ ਸਕਨੀ ਆਂ, ਪਰ ਤੇਰੇ ਅੱਗੇ ਨਹੀਂ। ਇਹ ਮੁੰਡਾ ਤੇਰੇ ਸਰਦਾਰ ਦਾ ਨਹੀਂ ""ਵੀਰੋ!" ਨਿਹਾਲ ਕੌਰ ਨੂੰ ਜਾਪਿਆ ਉਹਦੀ ਜੀਭ ਥਥਲਾਂਦੀ ਪਈ ਸੀ। "ਮੈਂ ਸਰਦਾਰ ਦੀ ਦੇਣਦਾਰ ਨਹੀਂ, ਪਰ ਤੇਰੀ ਦੇਣਦਾਰ ਹਾਂ। ਇਹ ਮੁੰਡਾ ਜੇ ਨਿਰਾ ਸਰਦਾਰ ਦੇ ਵਿਹੜੇ ਵਿਚ ਖੇਡਣਾ ਹੁੰਦਾ, ਮੈਨੂੰ ਕੋਈ ਉਜ਼ਰ ਨਹੀਂ ਸੀ, ਪਰ ਮੈਂ ਇਹ ਤੇਰੀ ਝੋਲੀ ਨਹੀਂ ਪਾ ਸਕਦੀ। ਇਹ ਤੇਰੀ ਝੋਲੀ ਦੇ ਕਾਬਿਲ ਨਹੀਂ।

"ਕੀ ਪਈ ਆਖਨੀ ਏਂ ਵੀਰੋ . . . . ?" "ਕੀਤਾ ਤੇ ਮੈਂ ਹਾਸੇ-ਭਾਣੇ ਸੀ, ਪਰ ਹਾਸੇ ਦਾ ਤਮਾਸ਼ਾ ਖੋਰੇ ਇੰਜ ਹੀ ਹੁੰਦਾ ਏ। ਪਰ ਤੈਨੂੰ ਸੱਚੀ ਦੱਸਾਂ, ਮੈਨੂੰ ਆਪਣੇ ਲਈ ਕੋਈ ਪਛਤਾਵਾ ਨਹੀਂ। ਜੇ ਕੋਈ ਪਛਤਾਵਾ ਏ ਤਾਂ ਤੇਰੇ ਲਈ ਏ। "ਤੈਨੂੰ ਯਾਦ ਏ ਮੈਂ ਪੇਕੇ ਫੇਰਾ ਪਾਉਣ ਆਈ ਸਾਂ ਪਿਛਲੇ ਵਰ੍ਹੇ! ਤੁਹਾਡਾ ਮੁਨਸ਼ੀ ਮੇਰੇ ਨਾਲ ਆਇਆ ਸੀ, ਮੈਨੂੰ ਪੇਕਿਆਂ ਨੂੰ ਮਿਲਾਣ ਲਈ ਇੱਥੇ ਸਾਰੇ ਪਿੰਡ ਵਿੱਚ ਇਕ ਗੱਲ ਫੈਲੀ ਹੋਈ ਸੀ ਕਿ ਮੇਰੇ ਮਾਪਿਆਂ ਨੇ ਰੁਪਈਆ ਲੈ ਕੇ ਮੈਨੂੰ ਇੱਕ ਬੁੱਢੇ ਸਰਦਾਰ ਨਾਲ ਵਿਆਹ ਦਿੱਤਾ ਸੀ। ਸਰਦਾਰ ਕਦੇ ਇਸ ਪਿੰਡ ਨਹੀਂ ਆਇਆ। ਮੇਰਾ ਪਿਉ ਹੀ ਮੈਨੂੰ ਤੁਹਾਡੇ ਸ਼ਹਿਰ ਲੈ ਗਿਆ ਸੀ, ਤੇ ਗੁਰਦੁਆਰੇ ਵਿਚ ਲਾਵਾਂ ਪੜ੍ਹਾ ਕੇ ਤੁਹਾਡੇ ਘਰ ਛੱਡ ਆਇਆ ਸੀ . .

. ਮੈਂ ਜਦੋਂ ਪਿੰਡ ਆਈ, ਜਣੀ ਖਣੀ ਨੇ ਮੈਨੂੰ ਪੁੱਛਿਆ ਕਿ ਮੇਰਾ ਸਰਦਾਰ ਕਿੰਨਾ ਕੁ ਬੁੱਢਾ ਸੀ। ਮੈਨੂੰ ਕੀ ਸੁੱਝੀ, ਮੈਂ ਉਹਨਾਂ ਨੂੰ ਗਲੋਂ ਲਾਹੁਣ ਲਈ ਆਖ ਦਿੱਤਾ ਕਿ ਮੇਰਾ ਵਿਆਹ ਬੁੱਢੇ ਨਾਲ ਨਹੀਂ ਹੋਇਆ। ਤੁਹਾਡਾ ਮੁਨਸ਼ੀ ਬੜਾ ਜਵਾਨ ਸੀ, ਸੋਹਣਾ ਵੀ ਸੀ। ਮੈਂ ਉਹਨਾਂ ਨੂੰ ਵਿਖਾਇਆ ਤੇ ਆਖਿਆ ਕਿ ਉਹ ਮੇਰਾ ਘਰ ਵਾਲਾ ਸੀ। ਸਾਰੀਆਂ ਮੇਰੀ ਕਿਸਮਤ ਤੇ ਹੈਰਾਨ ਹੋ ਗਈਆਂ। ਮੁਨਸ਼ੀ ਨੂੰ ਮੈਂ ਇਹ ਗੱਲ ਦੱਸ ਦਿੱਤੀ। ਉਹਨੇ ਵੀ ਮਚਲ ਮਾਰ ਛੱਡੀ ਤੇ ਜਦੋਂ ਮੇਰੀਆਂ ਸਹੇਲੀਆਂ ਨੇ ਉਹਦੇ ਕੋਲੋਂ ਕਲੀਚੜੀਆਂ ਮੰਗੀਆਂ ਤਾਂ ਉਹਨੇ ਸੁਨਿਆਰੇ ਕੋਲੋਂ ਚਾਂਦੀ ਦੀਆਂ ਕਲੀਚੜੀਆਂ ਖ਼ਰੀਦ ਕੇ ਉਹਨਾਂ ਨੂੰ ਵੰਡ ਦਿੱਤੀਆਂ। ਪੰਜ ਛੇ ਦਿਨ ਮੈਂ ਇੱਥੇ ਰਹੀ। ਰੋਜ਼ ਹਾਸਾ ਠੱਠਾ ਕਰਦਿਆਂ ਮੈਨੂੰ ਵੀ ਇਹ ਜਾਪਣ ਲੱਗ ਪਿਆ ਕਿ ਮੇਰਾ ਵਿਆਹ ਉਹਦੇ ਨਾਲ ਹੀ ਹੋਇਆ ਸੀ, ਹੋਰ ਕਿਸੇ ਨਾਲ ਨਹੀਂ।"

ਨਿਹਾਕ ਕੌਰ ਹੈਰਾਨ ਹੋ ਕੇ ਕਹਿੰਦੀ ਹੈ, ਸਾਡਾ ਮੁਨਸ਼ੀ ਮਦਨ ਸਿੰਘ! ਵੀਰੋ ਕਹਿੰਦੀ ਹੈ ਕਿ ਮੈਂ ਹੁਣ ਪਰਤ ਕੇ ਸਰਦਾਰ ਦੇ ਘਰ ਨਹੀਂ ਜਾਣਾ, ਨਾ ਇਸ ਮੁੰਡੇ ਨੂੰ ਲਿਜਾਣਾ ਏ। ਮੈਂ ਇਸ ਲਈ ਜ਼ਿੱਦ ਬੰਨ੍ਹ ਕੇ ਏਥੇ ਆਈ ਸਾਂ। ਮੇਰੀ ਕੀਤੀ ਮੇਰੇ ਅੱਗੇ। ਮੈਂ ਹੋਰ ਤੇਰੇ ਕੋਲੋਂ ਕੁਝ ਨਹੀਂ ਮੰਗਦੀ, ਸਰਦਾਰਨੀ ! ਬਸ ਇੱਕੋ ਗੱਲ ਮੰਗਨੀ ਆਂ ਕਿ ਸਰਦਾਰ ਨੂੰ ਉਸ ਮੁਨਸ਼ੀ ਦਾ ਨਾਂ ਨਾ ਦੱਸੀਂ, ਨਹੀਂ ਤੇ ਉਹ ਮੁਨਸ਼ੀ ਨੂੰ ਨੌਕਰੀ ਤੋਂ ਕੱਢ ਦੇਵੇਗਾ। ਨਿਹਾਲ ਕੌਰ ਕਹਿੰਦੀ ਹੈ ਕਿ ਮਦਨ ਸਿੰਘ ਦਾ ਵਿਆਹ ਹੋਇਆ ਏ। ਵੀਰੋ ਉਹਦੇ ਘਰ ਦੋ ਬਾਲ ਨੇ। ਏਸੇ ਲਈ ਉਹ ਡਰਦਾ ਏ ਕਿ ਜੇ ਸਰਦਾਰ ਨੂੰ ਪਤਾ ਲਗ ਗਿਆ ਤਾਂ ਉਹਦੀ ਨੌਕਰੀ ਜਾਂਦੀ ਰਹੇਗੀ। ਉਹਨੇ ਕਿਹੜਾ ਮੈਨੂੰ ਆਪਣੇ ਘਰ ਵਸਾਉਣਾ ਏਂ ਜੋ ਮੈਂ ਉਹਦੀ ਨੌਕਰੀ ਛੁੜਵਾਵਾਂ . . . . ਉਹ ਜਿੱਥੇ ਰਵੇ ਰਾਜ਼ੀ ਰਹੇ। ਮੈਂ ਇਕ ਵਾਰੀ ਵੇਖਿਆ ਤੇ ਸਹੀ ਕਿ ਜਵਾਨ ਆਦਮੀ ਕਿਹੋ ਜਿਹਾ ਹੁੰਦਾ ਏ ....।

ਨਿਹਾਲ ਕੌਰ ਨੇ ਘਬਰਾ ਕੇ ਅੱਖਾਂ ਮੀਟ ਲਈਆਂ। ਤੇ ਫੇਰ ਜਿਸ ਵੇਲੇ ਉਹਨੇ ਅੱਖਾਂ ਖੋਲ੍ਹੀਆਂ, ਵੀਰੋ ਦੀ ਝੋਲੀ ਪਿਆ ਹੋਇਆ ਉਹਦਾ ਪੁੱਤਰ ਉਹਦੀ ਛਾਤੀ ਵਿਚੋਂ ਦੁੱਧ ਪੀਣ ਲਈ ਮੂੰਹ ਮਾਰਦਾ ਪਿਆ ਸੀ। ਤੇ ਨਿਹਾਲ ਕੌਰ ਨੂੰ ਜਾਪਿਆ, ਸਰਦਾਰ ਦਾ ਜਿਹੜਾ ਹਉਕਾ ਉਹਨੇ ਆਪਣੇ ਜ਼ਿੰਮੇ ਲੈ ਲਿਆ ਸੀ, ਤੇ ਵੀਰੋ ਨੇ ਉਹਦੇ ਕੋਲੋਂ ਉਹੀ ਹਉਕਾ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ ਹੁਣ ਇਹ ਮੁੰਡਾ ਇਸ ਵੇਲੇ ਉਸੇ ਹਉਕੇ ਨੂੰ ਵੀਰੋ ਦੀ ਛਾਤੀ ਵਿਚੋਂ ਪੀਣ ਦੀ ਕੋਸ਼ਿਸ਼ ਕਰ ਰਿਹਾ ਹੈ।

**ਆਲੋਚਨਾਤਮਿਕ ਪਰਖ**

'ਇੱਕ ਹਉਕਾ' ਕਹਾਣੀ ਦੀ ਪਾਤਰ ਵੀਰੋ ਸ਼ਿਵ ਕੁਮਾਰ ਦੀ ਲੂਣ ਵਾਂਗ ਪੈਸਿਆਂ ਦੇ ਲਾਲਚ ਕਾਰਨ ਇਕ ਅਮੀਰ ਸਰਦਾਰ ਨਾਲ ਵਿਆਹ ਦਿੱਤੀ ਜਾਂਦੀ ਹੈ ਜੋ ਬਾਅਦ ਵਿੱਚ ਆਪਣੀ ਅਤ੍ਰਿਪਤ ਕਾਮਨਾਵਾਂ ਦੀ ਪੂਰਤੀ ਲਈ ਮੁਨਸ਼ੀ ਮਦਨ ਸਿੰਘ ਨਾਲ ਸੰਬੰਧ ਬਣਾ ਲੈਂਦੀ ਹੈ। ਇਸ ਲਈ ਉਸ ਦੀ ਕੁੱਖੋਂ ਪੈਦਾ ਹੋਇਆ ਪੁੱਤਰ ਸਰਦਾਰ ਦਾ ਨਹੀਂ ਹੁੰਦਾ ਜਿਸ ਕਾਰਨ ਨਿਹਾਲ ਕੌਰ ਨੇ ਏਨਾ ਵੱਡਾ ਤਿਆਗ ਕੀਤਾ ਹੁੰਦਾ ਹੈ। ਇਸ ਕਹਾਣੀ ਦੇ ਸਾਰੇ ਪਾਤਰ ਇਕ ਹਉਕੇ ਭਾਵ ਅੰਦਰੂਨੀ ਪੀੜ ਦੇ ਸ਼ਿਕਾਰ ਹਨ। ਸਰਦਾਰ ਇਸ ਲਈ ਪੀੜਤ ਹੈ ਕਿਉਂਕਿ ਉਸ ਦਾ ਕੋਈ ਵਾਰਸ ਨਹੀਂ ਹੈ। ਨਿਹਾਲ ਕੌਰ ਇਸ ਲਈ ਕਿਉਂ ਕਿ ਉਹ ਆਪ ਮਾਂ ਨਹੀਂ ਬਣ ਸਕਦੀ ਤੇ ਵੀਰੋ ਇਸ ਲਈ ਕਿ ਉਸ ਨੂੰ ਇਕ ਬੁੱਢੇ ਨਾਲ ਵਿਆਹ ਦਿੱਤਾ ਜਿਸ ਕਾਰਨ ਉਸ ਦੀਆਂ ਜੋਬਨ ਭਾਵਨਾਵਾਂ ਅਧੂਰੀਆਂ ਤੇ ਅਸੰਤੁਸ਼ਟ ਰਹਿ ਜਾਂਦੀਆਂ ਹਨ। ਕਹਾਣੀ ਵਿੱਚ ਇਕ ਹਉਕੇ ਦੀ ਪੀੜ ਵੀ ਵਿਕਾਸ ਕਰਦੀ ਨਜ਼ਰ ਆਉਂਦੀ ਹੈ। ਸਰਦਾਰ ਦੇ ਹਉਕੇ ਭਾਵ ਪੀੜ ਨੂੰ ਘਟਾਉਣ ਲਈ ਨਿਹਾਲ ਕੌਰ ਆਪ ਹਉਕਾ ਸਹਾਰਦੀ ਹੋਈ ਉਸ ਲਈ ਦੂਜੀ ਔਰਤ ਭਾਵ ਵੀਰੋ ਲੈ ਕੇ ਆਉਂਦੀ ਹੈ। ਜਦੋਂ ਨਿਹਾਲ ਕੌਰ ਨੂੰ ਅਹਿਸਾਸ ਹੁੰਦਾ ਹੈ ਕਿ ਵੀਰੋ ਦੀਆਂ ਜਵਾਨ ਭਾਵਨਾਵਾਂ ਨਾਲ ਧੱਕਾ ਹੋਇਆ ਹੈ ਤਾਂ ਉਸ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਨਿਹਾਲ ਕੌਰ ਦੀ ਪੀੜ ਵੀਰੋ ਨੇ ਆਪਣੀ ਛਾਤੀ ਵਿਚ ਸਮੋ ਲਈ ਹੋਵੇ। ਅੰਤ ਵਿੱਚ ਜਦੋਂ ਵੀਰੋ ਆਪਣੇ ਪੁੱਤਰ ਨੂੰ ਦੁੱਧ ਪਿਆ ਰਹੀ ਹੁੰਦੀ ਹੈ ਤਾਂ

ਨਿਹਾਲ ਕੌਰ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦਾ ਪੁੱਤਰ ਉਸ ਦੀ ਛਾਤੀ ਵਿੱਚੋਂ ਦੁੱਧ ਪੀ ਕੇ ਉਸ ਦੇ ਹਉਕੇ ਭਾਵ ਪੀੜਾ ਨੂੰ ਆਪ ਲੈਣ ਦਾ ਯਤਨ ਕਰ ਰਿਹਾ ਹੈ।

**1.7.4 ਸਿੱਟਾ**

ਕਥਾ ਪੰਜਾਬ ਕਹਾਣੀ ਸੰਗ੍ਰਹਿ ਵਿਚ ਦਰਜ ਦੋਵੇਂ ਕਹਾਣੀਆਂ 'ਕਰਾਮਾਤ' ਤੇ 'ਇਕ ਹਉਕਾ' ਵੱਖੋ-ਵੱਖਰੇ ਵਿਸ਼ਿਆਂ ਨਾਲ ਸੰਬੰਧਿਤ ਹਨ। ਕਰਾਮਾਤ ਕਹਾਣੀ ਵਿੱਚ ਇਤਿਹਾਸਕ ਘਟਨਾ ਦਾ ਵਿਸ਼ੇਸ਼ ਪ੍ਰਭਾਵ ਸਿਰਜਣ ਲਈ ਬਾਬਾ ਨਾਨਕ ਦੀ ਹੱਥ ਨਾਲ ਪਹਾੜ ਰੋਕਣ ਦੀ ਮਿਥਿਹਾਸਿਕ ਸਾਖੀ ਨੂੰ ਆਧਾਰ ਬਣਾਇਆ ਗਿਆ ਹੈ। ਪੰਜਾ ਸਾਹਿਬ ਵਿੱਚ ਹੋਏ ਸਾਕੇ ਵਿੱਚ ਸਿੱਖਾਂ ਦੁਆਰਾ ਰੇਲ ਗੱਡੀ ਰੋਕਣ ਤੇ ਪੰਜਾ ਸਾਹਿਬ ਵਿਖੇ ਗੁਰੂ ਨਾਨਕ ਪਾਤਸ਼ਾਹ ਵੱਲੋਂ ਪਹਾੜ ਰੋਕਣ ਦੀ ਘਟਨਾਵਾਂ ਨੂੰ ਆਪਸ ਵਿਚ ਜੋੜ ਕੇ ਕਲਾਤਮਿਕ ਪ੍ਰਭਾਵ ਸਿਰਜਿਆ ਗਿਆ ਹੈ। ਦੂਜੀ ਕਹਾਣੀ 'ਇਕ ਹਉਕਾ' ਇਕ ਪਰਿਵਾਰਕ ਤ੍ਰਾਸਦੀ ਨੂੰ ਬਿਆਨ ਕਰਦੀ ਕਹਾਣੀ ਹੈ ਜਿਸ ਵਿਚ ਹਰ ਕੋਈ ਦੂਜੇ ਦੀ ਪੀੜ ਘਟਾਉਣ ਦਾ ਯਤਨ ਕਰਦਾ ਹੈ ਪਰ ਪੀੜ ਵਿਕਾਸ ਕਰਦੀ ਰਹਿੰਦੀ ਹੈ। ਜਵਾਨ ਔਰਤ ਦੀਆਂ ਅਤ੍ਰਿਪਤ ਭਾਵਨਾਵਾਂ ਦੀ ਪੂਰਤੀ ਨਾ ਹੋਣ ਕਾਰਨ ਸਮਾਜਿਕ ਪ੍ਰਬੰਧ ਤੋਂ ਕੀਤੀ ਬਗ਼ਾਵਤ ਇਸ ਕਹਾਣੀ ਦਾ ਕੇਂਦਰੀ ਥੀਮ ਬਣ ਕੇ ਉੱਭਰਦਾ ਹੈ।

**1.7.5 ਅਭਿਆਸ ਲਈ ਪ੍ਰਸ਼ਨ**

ਛੋਟੇ ਪ੍ਰਸ਼ਨ

1. ਕਥਾ ਪੰਜਾਬ ਕਹਾਣੀ ਸੰਗ੍ਰਹਿ ਦਾ ਲੇਖਕ ਕੌਣ ਹੈ?
2. ਕਥਾ ਪੰਜਾਬ ਕਹਾਣੀ ਸੰਗ੍ਰਹਿ ਵਿੱਚ ਕਿੰਨੀਆਂ ਕਹਾਣੀਆਂ ਦਰਜ ਹਨ?
3. ਅੰਮ੍ਰਿਤਾ ਪ੍ਰੀਤਮ ਬਾਰੇ ਤੁਸੀਂ ਕੀ ਜਾਣਦੇ ਹੋ?
4. ਨਿਹਾਲ ਕੌਰ ਦੇ ਪਾਤਰ ਬਾਰੇ ਆਪਣੇ ਵਿਚਾਰ ਦਿਉ?
5. ਰੇਲ ਗੱਡੀ ਨੂੰ ਰੋਕਣ ਲਈ ਸਿੱਖ ਸ਼ਰਧਾਲੂ ਕੀ ਕਰਦੇ ਹਨ?

ਵੱਡੇ ਪ੍ਰਸ਼ਨ

1. ਕਹਾਣੀ 'ਕਰਾਮਾਤ' ਦਾ ਸਾਰ ਪੇਸ਼ ਕਰੋ?
2. ਕਹਾਣੀ 'ਕਰਾਮਾਤ' ਵਿੱਚ ਪੇਸ਼ ਘਟਨਾਵਾਂ ਨੂੰ ਵਿਸਥਾਰ ਵਿਚ ਬਿਆਨ ਕਰੋ?
3. ਕਹਾਣੀ 'ਇਕ ਹਉਕਾ' ਦਾ ਵਿਸ਼ਾ-ਵਸਤੂ ਲਿਖੋ?
4. ਕਹਾਣੀ 'ਇਕ ਹਉਕਾ' ਵਿੱਚ ਪੇਸ਼ ਵਿਚਾਰਾਂ ਨੂੰ ਵਿਸਥਾਰ ਵਿੱਚ ਦੱਸੋ?

**1.7.6 ਪੁਸਤਕ ਸੂਚੀ**

1. ਡਾ. ਹਰਿਭਜਨ ਸਿੰਘ (ਸੰਪਾ.) ਕਥਾ ਪੰਜਾਬ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2023
2. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992
3. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007
4. ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

**ਪਾਠ ਨੰਬਰ : 1.8** **ਲੇਖਕ- ਡਾ. ਦੀਪਕ**

## ਅਜੀਤ ਕੌਰ ਦੀ ਕਹਾਣੀ 'ਸੂਲੀ ਉੱਤੇ ਲਟਕੇ ਪਲ' ਤੇ ਦਲੀਪ ਕੌਰ ਟਿਵਾਣਾ ਦੀ ਕਹਾਣੀ 'ਮਰਨ ਰੁੱਤ' ਦਾ ਸਾਰ/ਵਿਸ਼ਾ-ਵਸਤੂ

1.8.1 ਪਾਠ ਦਾ ਉਦੇਸ਼
1.8.2 ਭੂਮਿਕਾ
1.8.3 ਪਾਠ ਦੀ ਰੂਪ-ਰੇਖਾ
1.8.3.1 ਅਜੀਤ ਕੌਰ ਨਾਲ ਜਾਣ-ਪਛਾਣ, ਕਹਾਣੀ 'ਸੂਲੀ ਉੱਤੇ ਲਟਕੇ ਪਲ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.8.3.2 ਦਲੀਪ ਕੌਰ ਟਿਵਾਣਾ ਨਾਲ ਜਾਣ-ਪਛਾਣ, ਕਹਾਣੀ 'ਮਰਨ ਰੁੱਤ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.8.4 ਸਿੱਟਾ
1.8.5 ਅਭਿਆਸ ਲਈ ਪ੍ਰਸ਼ਨ
1.8.6 ਸਹਾਇਕ ਪੁਸਤਕ ਸੂਚੀ

### 1.8.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਦੇ ਵਿਚ ਦਰਜ 'ਸੂਲੀ ਉੱਤੇ ਲਟਕੇ ਪਲ' ਤੇ 'ਮਰਨ ਰੁੱਤ' ਕਹਾਣੀਆਂ ਦੇ ਸਾਰ/ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਣਾ ਹੈ। ਇਹਨਾਂ ਕਹਾਣੀਆਂ ਦੇ ਲੇਖਕ ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਹਨ।

### 1.8.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਦੇ ਪਰਚਾ ਲਾਜ਼ਮੀ ਪੰਜਾਬੀ ਵਿੱਚ ਕਹਾਣੀ ਸੰਗ੍ਰਹਿ 'ਕਥਾ ਪੰਜਾਬ' ਸ਼ਾਮਿਲ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਵੱਖ-ਵੱਖ ਲੇਖਕਾਂ ਦੀਆਂ ਕੁਲ 21 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਹਾਣੀ ਸੰਗ੍ਰਹਿ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਸ ਕਹਾਣੀ ਸੰਗ੍ਰਹਿ ਵਿਚ ਦਰਜ 'ਸੂਲੀ ਉੱਤੇ ਲਟਕੇ ਪਲ' ਤੇ 'ਮਰਨ ਰੁੱਤ'ਕਹਾਣੀਆਂ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਸਮਗਰੀ ਭੇਜੀ ਜਾ ਰਹੀ ਹੈ। ਇਸ ਕਿਤਾਬ ਨੂੰ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਛਾਪਿਆ ਗਿਆ ਹੈ।

### 1.8.3.1 ਅਜੀਤ ਕੌਰ ਨਾਲ ਜਾਣ-ਪਛਾਣ, ਕਹਾਣੀ 'ਸੂਲੀ ਉੱਤੇ ਲਟਕੇ ਪਲ' ਦਾ ਸਾਰ/ਵਿਸ਼ਾ-ਵਸਤੂ

**ਲੇਖਕ ਨਾਲ ਜਾਣ-ਪਛਾਣ**

ਅਜੀਤ ਕੌਰ ਦਾ ਜਨਮ 16 ਨਵੰਬਰ 1934 ਨੂੰ ਪਿਤਾ ਮੱਖਣ ਸਿੰਘ ਬਜਾਜ ਅਤੇ ਮਾਤਾ ਜਸਵੰਤ ਕੌਰ ਦੇ ਘਰ ਹੋਇਆ। 1948 ਈ. ਵਿੱਚ ਅਜੀਤ ਕੌਰ ਨੇ ਦਿੱਲੀ ਤੋਂ ਐੱਮ.ਏ ਅਰਥ ਸ਼ਾਸਤਰ ਅਤੇ ਬੀ.ਐੱਡ. ਦੀ ਡਿਗਰੀ ਹਾਸਿਲ ਕੀਤੀ। ਉਸ ਨੇ ਪੰਜਾਬੀ ਸਮੇਤ ਹਿੰਦੀ, ਉਰਦੂ ਅਤੇ ਅੰਗਰੇਜ਼ੀ ਸਾਹਿਤ ਦਾ ਅਧਿਐਨ ਵੀ ਕੀਤਾ ਹੈ।

ਅਜੀਤ ਕੌਰ ਅਜ਼ਾਦੀ ਤੋਂ ਬਾਅਦ ਦੀ ਸਾਹਿਤਕਾਰ ਹੈ। ਅਜੀਤ ਕੌਰ ਪੰਜਾਬੀ ਸਾਹਿਤ ਖ਼ਾਸ ਤੌਰ 'ਤੇ ਗਲਪ ਖੇਤਰ ਦੀ ਮਹੱਤਵਪੂਰਨ ਸ਼ਖ਼ਸੀਅਤ ਹੈ। ਅਜੀਤ ਕੌਰ ਨੇ ਆਪਣੀਆਂ ਕਹਾਣੀਆਂ ਵਿੱਚ ਔਰਤ-ਮਰਦ ਸੰਬੰਧਾਂ ਨੂੰ ਬਹੁਤ ਬੇਬਾਕੀ ਤੇ ਗਹਿਰਾਈ ਨਾਲ ਚਿਤਰਿਆ ਹੈ। ਅਜੀਤ ਕੌਰ ਸ਼ਹਿਰੀ ਇਸਤ੍ਰੀ ਦੇ ਮਾਨਸਿਕ ਕਲੇਸ਼ ਦੀ ਕਹਾਣੀ ਪੇਸ਼ ਕਰਦੀ ਹੈ। ਆਰਥਕ, ਸਮਾਜਕ ਜਾਂ ਸ਼ੁੱਧ ਭਾਵੁਕ ਕਸ਼ਟ ਤਾਂ ਸਮੁੱਚੀ ਲੁਕਾਈ ਭੋਗਦੀ ਹੈ, ਪਰ ਕੁਝ ਦੁੱਖ ਅਜਿਹੇ ਹਨ, ਜੋ ਇਸਤ੍ਰੀ ਇਸਤ੍ਰੀ ਹੋਣ ਕਾਰਨ ਭੋਗਦੀ ਹੈ। ਆਰਥਕ ਤੌਰ ਤੇ ਆਤਮ ਸੰਪੰਨ, ਮਹਾਂਨਗਰ ਵਿਚ ਰਹਿਣ ਸਦਕਾ ਸਮਾਜਕ ਰੋਕ-ਟੋਕ ਤੋਂ ਲਗਭਗ ਸੁਤੰਤਰ ਸ਼ਹਿਰੀ ਇਸਤ੍ਰੀ ਲਈ ਕੁਝ ਦੁੱਖ ਅਜਿਹੇ ਹਨ, ਜਿਨ੍ਹਾਂ ਦਾ ਇਲਾਜ ਨਾ ਆਰਥਕ ਸੰਪੰਨਤਾ ਪਾਸ ਹੈ, ਨਾ ਸਮਾਜਕ ਸੁਤੰਤਰਤਾ ਪਾਸ, ਨਾ ਪ੍ਰਬਲ ਹਉਂ ਪਾਸ। ਅਜੀਤ ਕੌਰ ਦੀਆਂ ਕਹਾਣੀਆਂ ਨੇ ਇਹਨਾਂ ਦੁੱਖਾਂ ਨੂੰ ਸਹਿਜ ਪ੍ਰਗਟਾਵਾ ਦਿੱਤਾ ਹੈ। ਇਹਨਾਂ ਕਹਾਣੀਆਂ ਨੂੰ ਪੜ੍ਹ ਕੇ ਸ਼ਹਿਰੀ ਇਸਤ੍ਰੀ ਪ੍ਰਤੀ ਹਮਦਰਦੀ ਭਾਵੇਂ ਨਾ ਉਪਜੇ ਪਰ ਉਸ ਦੇ ਚਰਿੱਤਰ ਅਤੇ ਸਥਿਤੀ ਦੀ ਪਛਾਣ ਅਵੱਸ਼ ਪ੍ਰਾਪਤ ਹੁੰਦੀ ਹੈ। ਅਜੀਤ ਕੌਰ ਆਪਣੀਆਂ ਕਹਾਣੀ ਵਿੱਚ ਕਾਮ-ਉਤੇਜਕ ਪ੍ਰਸੰਗਾਂ ਨੂੰ ਨਿਸੰਗਤਾ ਨਾਲ ਪੇਸ਼ ਕਰਦੀ ਹੈ। ਸਮਾਜਿਕ ਭ੍ਰਿਸ਼ਟਾਚਾਰ, ਔਰਤ ਪ੍ਰਤੀ ਪਰੰਪਰਾਵਾਦੀ ਨਜ਼ਰੀਆ, ਲੋਟੂ ਸਿਸਟਮ ਆਦਿ ਉੱਪਰ ਬਾਖ਼ੂਬੀ ਨਾਲ ਵਿਅੰਗ ਕਰਨਾ ਅਜੀਤ ਕੌਰ ਦੀ ਕਹਾਣੀ ਕਲਾ ਦੀ ਵਿਸ਼ੇਸ਼ਤਾ ਹੈ।

ਅਜੀਤ ਕੌਰ ਨੇ 'ਕਸਾਈਬਾੜਾ', 'ਮਹਿਕ ਦੀ ਮੌਤ', 'ਗੁਲਬਾਨੋ', 'ਬੁੱਤ ਸ਼ਿਕਨ', 'ਸਾਵੀਆਂ ਚਿੜੀਆਂ', 'ਫਾਲਤੂ ਔਰਤ', 'ਮੌਤ ਅਲੀ ਬਾਬੇ ਦੀ', 'ਨਾ ਮਾਰੋ', 'ਆਪਣੇ ਆਪਣੇ ਜੰਗਲ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਅਜੀਤ ਕੌਰ ਨੇ ਕਹਾਣੀ ਤੋਂ ਇਲਾਵਾ ਨਾਵਲ, ਸਵੈ-ਜੀਵਨੀ, ਯਾਦਾਂ ਅਤੇ ਅਨੁਵਾਦ ਦੇ ਖੇਤਰ ਵਿੱਚ ਵੀ ਕਾਰਜ ਕੀਤਾ ਹੈ। ਅਜੀਤ ਕੌਰ ਨੂੰ 1985 ਵਿੱਚ ਸਵੈ-ਜੀਵਨੀ 'ਖ਼ਾਨਾਬਦੋਸ਼' ਲਈ ਭਾਰਤੀ ਸਾਹਿਤ ਅਕਾਦਮੀ ਅਵਾਰਡ ਮਿਲ ਚੁੱਕਾ ਹੈ। 2006 ਵਿੱਚ ਭਾਰਤ ਸਰਕਾਰ ਦੁਆਰਾ ਅਜੀਤ ਕੌਰ ਨੂੰ ਪਦਮ ਸ੍ਰੀ ਦੇ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

**ਕਹਾਣੀ ਦਾ ਸਾਰ/ਵਿਸ਼ਾ-ਵਸਤੂ**

'ਸੂਲੀ ਉੱਤੇ ਲਟਕੇ ਪਲ' ਅਜੀਤ ਕੌਰ ਦੀ ਕਹਾਣੀ ਹੈ। ਅਜੀਤ ਕੌਰ ਨੇ ਇਸ ਸਿਰਲੇਖ ਵਿੱਚ ਉਹਨਾਂ ਪਲਾਂ ਨੂੰ ਉਲੀਕਿਆ ਹੈ ਜੋ ਕਿਸੇ ਵੱਡੇ ਹਾਦਸੇ, ਘਟਨਾ ਜਾਂ ਮਹੱਤਵਪੂਰਨ ਫ਼ੈਸਲੇ ਦੇ ਆਉਣ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਮਨ ਉੱਪਰ ਹੰਢਾਉਣੇ ਪੈਂਦੇ ਹਨ। ਅਜਿਹੀ ਸਥਿਤੀ ਵਿੱਚ ਉਹਨਾਂ ਪਲਾਂ ਨੂੰ ਉਡੀਕਦਿਆਂ ਮਨੁੱਖ ਨੂੰ ਆਪਣੇ ਮਨ ਦੀ ਦੁਬਿਧਾ ਗ੍ਰਸਤ ਸਥਿਤੀ ਵਿੱਚ ਪਲ ਪਲ ਸੂਲੀ ਉੱਤੇ ਲਟਕਦਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਕਹਾਣੀ ਵਿੱਚ ਵੀ ਇਸ ਕਹਾਣੀ ਦੀ ਪਾਤਰ ਕਰੁਣਾ ਅਜਿਹੀ ਸਥਿਤੀ ਵਿੱਚੋਂ ਗੁਜ਼ਰਦੀ ਦਿਖਾਈ ਦਿੰਦੀ ਹੈ। 'ਅੱਜ ਐਤਵਾਰ ਏ, ਤੇ ਕੱਲ੍ਹ ਸੋਮਵਾਰ। ਤੇ ਸੋਮਵਾਰ ਸਵੇਰੇ ਹੀ....' ਆਦਿ ਵਾਕਾਂ ਰਾਹੀਂ ਸ਼ੁਰੂਆਤ ਤੋਂ ਹੀ ਕਹਾਣੀਕਾਰ ਕਰੁਣਾ ਦੇ ਮਨ ਦੀ ਦੁਬਿਧਾ ਤੇ ਚਿੰਤਾ ਨੂੰ ਵੱਖ ਵੱਖ ਘਟਨਾਵਾਂ ਰਾਹੀਂ ਉਲੀਕਦੀ ਹੈ ਤੇ ਅੰਤ ਵਿੱਚ ਕੋਰਟ ਕੇਸ ਦੇ ਫ਼ੈਸਲੇ ਦੀ ਮੁੱਖ ਘਟਨਾ ਨੂੰ ਸਾਹਮਣੇ ਲਿਆ ਕਿ ਕਹਾਣੀ ਵਿਚਲੀ ਗੁੰਝਲ ਨੂੰ ਖੋਲ੍ਹਦੀ ਹੈ।

ਅਜੀਤ ਕੌਰ ਕਹਾਣੀ ਵਿੱਚ ਦੱਸਦੀ ਹੈ ਕਿ ਕਰੁਣਾ ਇੱਕ ਪੜ੍ਹੀ-ਲਿਖੀ, ਸਾਧਨ-ਸੰਪੰਨ ਤੇ ਸੁਤੰਤਰ ਇਸਤਰੀ ਹੈ। ਕਰੁਣਾ ਦੀ ਇੱਕ ਬੇਟੀ ਹੈ ਜਿਸ ਦਾ ਨਾਮ ਲੀਨੂੰ ਹੈ। ਕਰੁਣਾ ਦਾ ਆਪਣੇ ਪਤੀ ਆਨੰਦ ਨਾਲ ਤਲਾਕ ਦਾ ਕੇਸ ਚੱਲ ਰਿਹਾ ਹੈ, ਜਿਸ ਕਾਰਨ ਦੋਵੇਂ ਮਾਵਾਂ-ਧੀਆਂ ਹੀ ਘਰ ਵਿੱਚ ਰਹਿ ਰਹੀਆਂ ਹਨ। ਸੋਮਵਾਰ ਨੂੰ ਜੱਜ ਦੁਆਰਾ ਫ਼ੈਸਲਾ ਸੁਣਾਇਆ ਜਾਣਾ ਹੈ ਕਿ ਲੀਨੂੰ ਨੂੰ ਮਾਂ ਤੇ ਪਿਉ ਵਿੱਚੋਂ ਕਿਸ ਨੂੰ ਸੌਂਪਿਆ ਜਾਵੇਗਾ। ਫ਼ੈਸਲੇ ਦੀ ਉਡੀਕ ਤੇ ਡਰ ਦੀ ਕਸ਼ਮਕਸ਼ ਕਾਰਨ ਕਰੁਣਾ ਦੀ ਮਾਨਸਿਕ ਤੇ ਸਰੀਰਕ ਹਾਲਤ ਠੀਕ ਨਹੀਂ ਹੈ। ਕਹਾਣੀ ਦੀ ਸ਼ੁਰੂਆਤ ਤੋਂ ਅੰਤ ਤੱਕ ਕਰੁਣਾ ਦੀ ਇਸ ਬੇਚੈਨੀ ਨੂੰ ਵੱਖ-ਵੱਖ ਘਟਨਾਵਾਂ ਦੁਆਰਾ ਦਰਸਾਇਆ

ਗਿਆ ਹੈ। ਐਤਵਾਰ ਦੀ ਸਵੇਰ ਨੂੰ ਵੀ ਕਰੁਣਾ ਬਹੁਤ ਥੱਕੀ ਟੁੱਟੀ ਜਾਪਦੀ ਹੈ ਜਿਵੇਂ ਕਿੰਨੀਆਂ ਹੀ ਰਾਤਾਂ ਹੋ ਗਈਆਂ ਸਨ, ਉਸ ਨੂੰ ਖੁੱਭ ਕੇ ਨੀਂਦਰ ਨਹੀਂ ਸੀ ਆਈ। ਰੋਜ਼ ਸਵੇਰੇ ਜਦੋਂ ਉਹ ਬਿਸਤਰੇ ਵਿੱਚੋਂ ਉੱਠਦੀ, ਉਹਨੂੰ ਲਗਦਾ ਮੀਲਾਂ ਦੇ ਮੀਲ ਸਾਰੀ ਰਾਤ ਉਹ ਟੁਰਦੀ ਰਹੀ ਸੀ। ਸੱਤੀਂ-ਸਵੇਰੀਂ ਜਦੋਂ ਲੋਕ ਹੌਲੇ ਫੁੱਲ ਹੋ ਕੇ ਜਾਗਦੇ ਹਨ, ਉਹ ਮਣਾਂ-ਮੂੰਹੀ ਥਕਾਵਟ ਨਾਲ ਲੱਦੀ ਹੋਈ ਜਾਗਦੀ ਹੈ। ਕਰੁਣਾ ਦਾ ਸਵੇਰੇ ਉੱਠਣ ਨੂੰ ਦਿਲ ਨਹੀਂ ਕਰਦਾ। ਉਹ ਚਾਹੁੰਦੀ ਹੈ ਕਿ ਜਾਂ ਤਾਂ ਦਿਨ ਖ਼ਤਮ ਹੀ ਨਾ ਹੋਵੇ ਜਾਂ ਇਹ ਦਿਨ ਏਨੀ ਜਲਦੀ ਖ਼ਤਮ ਹੋ ਜਾਵੇ ਕਿ ਛੇਤੀ ਛੇਤੀ ਫ਼ੈਸਲਾ ਸੁਣ ਕੇ ਉਹ ਆਪਣੀ ਮਾਨਸਿਕ ਪੀੜਾ ਤੋਂ ਛੁਟਕਾਰਾ ਪਾ ਲਵੇ।

**ਸਵੈ-ਮੁਲਾਂਕਣ ਪ੍ਰਸ਼ਨ**

1. ਸੂਲੀ ਉੱਤੇ ਲਟਕੇ ਪਲ ਕਹਾਣੀ ਦੀ ਪਾਤਰ ਕਰੁਣਾ ਦੇ ਦੁਖੀ ਹੋਣ ਦਾ ਮੁੱਖ ਕਾਰਨ ਕੀ ਹੈ?

   ..........................................................................................................

   ..........................................................................................................

2. ਸੂਲੀ ਉੱਤੇ ਲਟਕੇ ਪਲ ਕਹਾਣੀ ਵਿੱਚ ਆਨੰਦ ਕਿਸ ਤਰ੍ਹਾਂ ਦਾ ਪਾਤਰ ਹੈ?

   ..........................................................................................................

   ..........................................................................................................

ਕਹਾਣੀ ਦੀ ਪਾਤਰ ਕਰੁਣਾ ਚਾਹੁੰਦੀ ਹੈ ਕਿ ਉਸ ਦੀ ਧੀ ਲੀਨੂੰ ਹਮੇਸ਼ਾ ਉਸ ਕੋਲ ਹੀ ਰਹੇ। ਉਸ ਦੇ ਪਤੀ ਆਨੰਦ ਨੇ ਪਹਿਲਾਂ ਤਾਂ ਲੀਨੂੰ ਵੱਲ ਕੋਈ ਧਿਆਨ ਨਹੀਂ ਦਿੱਤਾ ਹੁਣ ਕੋਰਟ ਕੇਸ ਰਾਹੀਂ ਲੀਨੂੰ ਨੂੰ ਆਪਣੇ ਕੋਲ ਰੱਖਣ ਦੀ ਜ਼ਿੱਦ ਨੇ ਕਰੁਣਾ ਲਈ ਮੁਸੀਬਤ ਖੜੀ ਕਰ ਦਿੱਤੀ ਹੈ। ਕਰੁਣਾ ਨੂੰ ਡਰ ਹੈ ਕਿ ਕਿਤੇ ਜੱਜ ਲੀਨੂੰ ਨੂੰ ਆਨੰਦ ਨੂੰ ਨਾ ਸੌਂਪ ਦੇਵੇ। ਇਸ ਲਈ ਉਹ ਲੀਨੂੰ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਨੀਆਂ ਚਾਹੁੰਦੀ ਹੈ ਤੇ ਉਸ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੁੰਦੀ ਹੈ। ਲੀਨੂੰ ਨੂੰ ਹਮੇਸ਼ਾ ਖ਼ੁਸ਼ ਰੱਖਣ ਦਾ ਯਤਨ ਕਰਦੀ ਹੈ। ਇਸ ਲਈ ਜਦੋਂ ਉਹ ਅਖ਼ਬਾਰ ਵਿੱਚ ਦੇਖਦੀ ਹੈ ਕਿ ਸਪਰੂ ਹਾਊਸ ਵਿੱਚ ਬੱਚਿਆਂ ਦੀਆਂ ਦੋ ਫ਼ਿਲਮਾਂ ਲੱਗੀਆਂ ਹਨ ਤਾਂ ਉਹ ਝੱਟ ਲੀਨੂੰ ਨੂੰ ਦਿਖਾਉਣ ਦੇ ਲਈ ਤਿਆਰ ਹੋ ਜਾਂਦੀ ਹੈ। ਕਰੁਣਾ ਦੀ ਅਲਮਾਰੀ ਵਿੱਚ ਆਪਣੇ ਕੱਪੜੇ ਘੱਟ ਜ਼ਿਆਦਾ ਲੀਨੂੰ ਦੇ ਹੀ ਸਨ। ਕਰੁਣਾ ਲੀਨੂੰ ਨੂੰ ਕਹਿੰਦੀ ਹੈ ਕਿ ਜਿਹੜਾ ਤੈਨੂੰ ਪਸੰਦ ਏ, ਪਾ ਲੈ। ਕਰੁਣਾ ਲੀਨੂੰ ਨੂੰ ਮਨ ਪਸੰਦ ਚੀਜ਼ਾਂ ਖਵਾਉਂਦੀ ਤੇ ਬਾਜ਼ਾਰ ਵਿੱਚ ਘੁਮਾਉਂਦੀ ਹੈ, ਉਸ ਦੇ ਅਜਿਹਾ ਕਰਨ ਦੇ ਪਿੱਛੇ ਦਾ ਡਰ ਇਹੀ ਹੈ ਕਿ ਕਿਤੇ ਸ਼ਾਇਦ ਕੱਲ੍ਹ ਜੱਜ ਉਸ ਦੇ ਖ਼ਿਲਾਫ਼ ਨਾ ਫ਼ੈਸਲਾ ਕਰ ਦੇਵੇ।

ਕਰੁਣਾ ਇਕ ਸਹਿਣਸ਼ੀਲ ਅਤੇ ਖ਼ੁਦਗ਼ਰਜ਼ ਔਰਤ ਹੈ। ਇੰਨੇ ਮਾੜੇ ਹਾਲਾਤਾਂ ਵਿੱਚ ਵੀ ਉਹ ਆਪਣੇ ਜਜ਼ਬਾਤਾਂ ਨੂੰ ਕਾਬੂ ਵਿੱਚ ਰੱਖਦੀ ਹੈ। ਕਰੁਣਾ ਖ਼ੁਦ ਨੂੰ ਕਿਸੇ ਸਾਹਮਣੇ ਕਮਜ਼ੋਰ ਤੇ ਲਾਚਾਰ ਬਣਾ ਕੇ ਪੇਸ਼ ਨਹੀਂ ਕਰਨਾ ਚਾਹੁੰਦੀ। ਲੀਨੂੰ ਜਦੋਂ ਆਪਣੀ ਸਹੇਲੀ ਰਜਨੀ ਨੂੰ ਮਿਲਣ ਦੀ ਜ਼ਿੱਦ ਕਰਦੀ ਹੈ ਤਾਂ ਕਰੁਣਾ ਉਸ ਨੂੰ ਮਨ੍ਹਾ ਨਹੀਂ ਕਰਦੀ। ਪਰੰਤੂ ਰਜਨੀ ਦੀ ਮਾਂ ਜਦੋਂ ਕਰੁਣਾ ਨੂੰ ਫੋਕੀ ਹਮਦਰਦੀ ਦਿੰਦੀ ਹੋਈ ਕੋਰਟ ਕੇਸ ਬਾਰੇ ਪੁੱਛਦੀ ਹੈ ਤਾਂ ਕਰੁਣਾ ਇਸ ਵਿਵਹਾਰ ਤੋਂ ਚਿੜ ਜਾਂਦੀ ਹੈ। ਕਰੁਣਾ ਨੂੰ ਏਸ ਤਰ੍ਹਾਂ ਦੀ ਰਾਜ਼ਦਾਰੀ ਨਾਲ, ਏਸ ਤਰ੍ਹਾਂ ਦੀ ਹਮਦਰਦੀ ਨਾਲ ਖਿਝ ਚੜ੍ਹਦੀ ਸੀ। ਉਹ ਨੂੰ ਕਿਸੇ ਅੱਗੇ ਆਪਣਾ ਦੁੱਖ ਫੋਲ ਕੇ ਬਹਿ ਜਾਣਾ ਕਿਸੇ ਭਿਖਾਰੀ ਦਾ ਰਾਹ ਜਾਂਦਿਆਂ ਸਾਹਮਣੇ ਆਪਣੇ ਕੋਹੜ ਵਾਲੇ ਅੰਗ ਦਾ ਵਿਖਾਲਾ ਪਾਣ ਦੇ ਤੁੱਲ ਜਾਪਦਾ ਹੈ, ਇਸ ਲਈ ਉਹ ਕੋਈ ਬਹਾਨਾ ਬਣਾ ਕੇ ਲੀਨੂੰ ਨੂੰ ਆਵਾਜ਼ ਮਾਰਦੀ ਹੈ ਤੇ ਵਾਪਸ ਘਰ ਜਾਣ ਲਈ ਕਹਿੰਦੀ ਹੈ।

ਕਰੁਣਾ ਦੀ ਸਹੇਲੀ ਤੋਸ਼ੀ ਬਹੁਤ ਸਨੇਹ ਵਾਲੀ ਤੇ ਸੰਵੇਦਨਸ਼ੀਲ ਔਰਤ ਹੈ। ਕਰੁਣਾ ਨੂੰ ਮਾਨਸਿਕ ਪੀੜਾ ਵਿੱਚ ਇਕੱਲਿਆਂ ਵੇਖ ਕੇ ਉਹ ਰਾਤ ਕਰੁਣਾ ਦੇ ਘਰ ਹੀ ਰਹਿਣ ਦਾ ਫ਼ੈਸਲਾ ਕਰਦੀ ਹੈ। ਤੋਸ਼ੀ ਸਾਹਮਣੇ

ਹੀ ਕਰੁਣਾ ਦਾ ਜ਼ਬਤ ਟੁੱਟਦਾ ਹੈ ਤੇ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ ਤੇ ਉਹ ਚਿਰਾਂ ਤੋਂ ਇਕੱਠ ਹੋਏ ਗੁੱਭ-ਗੁਭਾਟ ਨੂੰ ਤੋਸ਼ੀ ਨਾਲ ਸਾਂਝਾ ਕਰਕੇ ਆਪਣਾ ਮਨ ਹੌਲਾ ਕਰਦੀ ਹੈ। ਕਰੁਣਾ ਤੋਸ਼ੀ ਨੂੰ ਦੱਸਣ ਲੱਗਦੀ ਹੈ ਕਿ, "ਮੈਂ ਏਸੇ ਘੜੀ ਤੋਂ, ਇਹਨਾਂ ਹੀ ਪਲਾਂ ਤੋਂ, ਏਨੇ ਵਰ੍ਹੇ ਤਹਿੰਦੀ ਰਹੀ ਹਾਂ। ਏਸੇ ਘੜੀ ਤੋਂ ਡਰਦਿਆਂ ਮੈਂ ਤੇਰ੍ਹਾਂ ਵਰ੍ਹੇ ਓਸ ਘਰ ਵਿਚ ਕੱਟੇ ਜਿੱਥੇ ਮੈਂ ਹਰ ਰੋਜ਼ ਮਰਦੀ ਰਹੀ," ਕਰੁਣਾ ਜਿਵੇਂ ਬਹੁਤੀ ਆਪਣੇ ਆਪ ਨਾਲ ਤੇ ਥੋੜ੍ਹੀ ਤੋਸ਼ੀ ਨਾਲ ਗੱਲ ਕਰ ਰਹੀ ਸੀ। ਜਦੋਂ ਵੀ ਕਦੇ ਉਸ ਘਰ ਦੀਆਂ ਦਹਿਲੀਜ਼ ਤੋਂ ਬਾਹਰ ਜਾਣ ਦਾ ਖ਼ਿਆਲ ਆਇਆ, ਲੀਨੂੰ ਦਾ ਮੂੰਹ ਮੇਰੇ ਅੱਗੇ ਆ ਖਲੋਤਾ। ਏਸੇ ਘੜੀ ਤੋਂ ਡਰਦਿਆਂ ਮੇਰੇ ਪੈਰ ਬੱਝ ਜਾਂਦੇ ਰਹੇ।" ਜਦੋਂ ਤੋਸ਼ੀ ਉਸ ਨੂੰ ਵਕੀਲ ਨੂੰ ਮਿਲਣ ਬਾਰੇ ਪੁੱਛਦੀ ਹੈ ਤਾਂ ਕਰੁਣਾ ਦੱਸਦੀ ਹੈ ਕਿ "ਉਹੀ ਗੱਲ ਕਿ ਬੱਚਾ ਮਾਂ ਜਾਂ ਪਿਉ ਵਿੱਚੋਂ ਕਿਸ ਨੂੰ ਦਿੱਤਾ ਜਾਏ, ਇਸ ਬਾਰੇ ਜੱਜ ਦੀ ਮਰਜ਼ੀ ਹੈ – ਜਿਵੇਂ ਉਹ ਠੀਕ ਸਮਝੇ।"

ਕਹਾਣੀਕਾਰ ਤੋਸ਼ੀ ਦੇ ਪਾਤਰ ਰਾਹੀਂ ਸਾਡੀ ਕਾਨੂੰਨੀ ਵਿਵਸਥਾ ਉੱਪਰ ਵੀ ਵਿਅੰਗ ਕਰਦੀ ਦਿਖਾਈ ਦਿੰਦੀ ਹੈ ਜਦੋਂ ਤੋਸ਼ੀ ਕਹਿੰਦੀ ਹੈ ਕਿ "ਜਹੰਨਮ ਵਿਚ ਜਾਏ ਇਹ ਕਾਨੂੰਨ। ਮਾਂ ਦਾ ਬੱਚੇ ਉੱਤੇ ਹੱਕ ਨਹੀਂ ? ਜੰਮੇ ਮਾਂ, ਪਾਲੇ ਮਾਂ, ਜ਼ਫ਼ਰ ਜਾਲੇ ਮਾਂ।" ਤੋਸ਼ੀ ਦੀਆਂ ਗੱਲ ਸੁਣ ਕੇ ਕਰੁਣਾ ਨੂੰ ਆਪਣਾ ਅਤੀਤ ਯਾਦ ਆ ਜਾਂਦਾ ਹੈ, ਕਿੰਜ ਲੀਨੂੰ ਨੂੰ ਉਹਨੇ ਪਾਲਿਆ ਸੀ, ਕਿੰਜ ਮਾਂ ਤੇ ਪਿਓ ਦੋਵਾਂ ਦਾ ਪਿਆਰ ਉਹ ਇਕੱਲੀ ਹੀ ਉਹ ਨੂੰ ਦੇਂਦੀ ਰਹੀ ਸੀ, ਕਿੰਜ ਆਨੰਦ ਦੇ ਦਿਲ ਵਿਚ ਆਪਣੀ ਬੱਚੀ ਲਈ ਰਤਾ ਮੋਹ ਨਹੀਂ ਸੀ। ਜਾਨਵਰ ਵੀ ਆਪਣੇ ਬੱਚਿਆਂ ਨਾਲ ਮੋਹ ਕਰਦੇ ਨੇ, ਉਹਨਾਂ ਦੀ ਰਾਖੀ ਕਰਦੇ ਨੇ, ਪਰ ਇਹ ਆਨੰਦ ਨੂੰ ਆਪਣੀ ਧੀ ਦੀ ਕੋਈ ਪ੍ਰਵਾਹ ਨਹੀਂ ਸੀ। "ਏਸ ਆਨੰਦ ਨੂੰ ਵੀ ਤੰਗ ਕਰਨ ਦਾ ਬਸ ਇਹੋ ਤਰੀਕਾ ਲੱਭਿਆ। ਢਾਈਆਂ ਵਰ੍ਹਿਆਂ ਵਿਚ ਮਸਾਂ ਮਸਾਂ ਇਹ ਘਰ ਬਣਾਇਆ ਸੀ। ਲੀਨੂੰ ਵੀ ਸਿਆਣੀ ਹੋ ਗਈ ਏ। ਏਨੇ ਸਾਲਾਂ ਮਗਰੋਂ ਰਤਾ ਤੈਨੂੰ ਚੈਨ ਮਿਲਿਆ ਸੀ ਤੇ ਹੁਣ ਕੋਰਟ ਵਿੱਚ ਅਰਜ਼ੀ ਕਰ ਦਿੱਤੀ, ਬਈ ਬੱਚੀ ਮੈਨੂੰ ਸੌਂਪੀ ਜਾਏ। ਕੋਈ ਪੁੱਛੇ, ਤੂੰ ਉਹਨੂੰ ਪਿਆਰ ਨਹੀਂ ਕਰਨਾ, ਉਹਨੂੰ ਪਾਲਣਾ ਨਹੀਂ, ਉਹਦੇ ਉੱਤੇ ਖ਼ਰਚ ਨਹੀਂ ਕਰਨਾ ? ਇਹ ਅਰਜ਼ੀ ਸਿਰਫ਼ ਦੁੱਖ ਦੇਣ ਵਾਸਤੇ... ਹੋਰ ਕੀ ?" ਕਰੁਣਾ ਦੇ ਮੂੰਹ ਵਲ ਤਕ ਕੇ ਤੋਸ਼ੀ ਨੂੰ ਆਨੰਦ ਉੱਤੇ ਹੋਰ ਗੁੱਸਾ ਆ ਰਿਹਾ ਸੀ।

ਕਹਾਣੀ ਦੇ ਅੰਤ ਤੱਕ ਕਰੁਣਾ ਨੂੰ ਇਹ ਸਮਝ ਨਹੀਂ ਸੀ ਆ ਰਹੀ, ਕਿ ਉਹ ਕੀ ਚਾਹੁੰਦੀ ਸੀ – ਇਹ ਰਾਤ ਏਨੀ ਲੰਮੀ ਹੋ ਜਾਏ ਕਿ ਮੁੱਕ ਜਾਏ ਕਿ ਮੁੱਕੇ ਹੀ ਨਾ, ਜਾਂ ਝਟਪਟ ਮੁੱਕ ਜਾਏ, ਸਵੇਰ ਹੋ ਜਾਏ, ਫ਼ੈਸਲਾ ਹੋ ਜਾਏ, ਤੇ ਇਹ ਘੁਟਨ ਖ਼ਤਮ ਹੋ ਜਾਏ। ਉਹ ਕੁਝ ਵੀ ਨਹੀਂ ਸੀ ਚਾਹ ਰਹੀ। ਉਹ ਕੁੱਝ ਵੀ ਨਹੀਂ ਸੀ ਉਡੀਕ ਰਹੀ। ਉਹ ਕੁਝ ਵੀ ਨਹੀਂ ਸੀ ਸੋਚ ਰਹੀ। ਰਾਤ ਕਾਫ਼ੀ ਗੁਜ਼ਰ ਗਈ ਸੀ। ਕਰੁਣਾ ਉੱਠੀ, ਤੇ ਚੁੱਪਚਾਪ ਲੀਨੂੰ ਦੇ ਨਾਲ ਲੇਟ ਗਈ। ਇਸ ਪ੍ਰਕਾਰ ਅਸੀਂ ਵੇਖ ਸਕਦੇ ਹਾਂ ਕਿ ਅਜੀਤ ਕੌਰ ਨੇ ਇਸ ਕਹਾਣੀ ਵਿੱਚ ਔਰਤ ਖ਼ਾਸ ਤੌਰ ਤੇ ਇਕ ਮਾਂ ਦੀ ਮਮਤਾ, ਆਪਣੇ ਬੱਚਿਆਂ ਪ੍ਰਤੀ ਮੁਹੱਬਤ, ਸਮਾਜਿਕ ਸਮੱਸਿਆਵਾਂ ਨਾਲ ਜੂਝਦਿਆਂ ਮਾਨਸਿਕ ਪੀੜ ਹੰਢਾਉਣ ਅਤੇ ਔਰਤ ਮਨ ਦੀ ਦੁਬਿਧਾ ਤੇ ਕਸ਼ਮਕਸ਼ ਨੂੰ ਬਾਖ਼ੂਬੀ ਢੰਗ ਨਾਲ ਬਿਆਨ ਕੀਤਾ ਹੈ।

### ਆਲੋਚਨਾਤਮਿਕ ਪਰਖ

'ਸੂਲੀ ਉੱਤੇ ਲਟਕੇ ਪਲ' ਕਹਾਣੀ ਵਿੱਚ ਅਜੀਤ ਕੌਰ ਨੇ ਬਿਲਕੁਲ ਢੁਕਵਾਂ ਸਿਰਲੇਖ ਵਰਤਿਆ ਹੈ ਕਿਉਂਕਿ ਕਹਾਣੀ ਦੀ ਪਾਤਰ ਕਰੁਣਾ ਲਈ ਫ਼ੈਸਲੇ ਨਾਲੋਂ ਫ਼ੈਸਲੇ ਦਾ ਇੰਤਜ਼ਾਰ ਜ਼ਿਆਦਾ ਕਸ਼ਟਦਾਈ ਜਾਪਦਾ ਹੈ। ਅਜੀਤ ਕੌਰ ਨੇ ਸ਼ੁਰੂਆਤ ਤੋਂ ਹੀ ਕਹਾਣੀ ਪੇਸ਼ ਕਰਨ ਦੀ ਥਾਂ ਕਹਾਣੀ ਵਿੱਚ ਡਰ, ਸਹਿਮ, ਇੰਤਜ਼ਾਰ ਦਾ ਵਾਤਾਵਰਣ ਤਿਆਰ ਕਰਕੇ ਪਾਠਕ ਨੂੰ ਅੰਤ ਜਾਣਨ ਲਈ ਉਤਸ਼ਾਹਿਤ ਕਰੀ ਰੱਖਿਆ ਹੈ। ਕਹਾਣੀ ਦੇ ਅੰਤ ਵਿੱਚ ਪਹੁੰਚ ਕੇ ਹੀ ਪਾਠਕ ਨੂੰ ਕਰੁਣਾ ਦੀ ਮਾਨਸਿਕਤਾ ਸਥਿਤੀ ਅਤੇ ਕਹਾਣੀ ਵਿਚਲੀਆਂ ਮੁੱਢਲੀਆਂ ਘਟਨਾਵਾਂ ਪਿੱਛੇ ਕਾਰਜਸ਼ੀਲ ਅਵਸਥਾ ਦੀ ਸੋਝੀ ਮਿਲਦੀ ਹੈ। ਅਜੀਤ ਕੌਰ ਦੀ ਕਹਾਣੀ ਜਿੱਥੇ ਆਨੰਦ ਜਿਹੇ ਬੇਪਰਵਾਹ ਤੇ ਗ਼ੈਰ

ਜ਼ਿੰਮੇਵਾਰ ਪਤੀ ਤੇ ਪਿਉ ਦੀ ਪਿੱਤਰਕ ਸੋਚ ਨੂੰ ਸਾਹਮਣੇ ਲਿਆਉਂਦੀ ਹੈ ਉੱਥੇ ਹੀ ਅਜਿਹੇ ਪਰੰਪਰਾਗਤ ਢਾਂਚੇ ਖ਼ਿਲਾਫ਼ ਇਕੱਲੀ ਲੜ ਰਹੀ ਆਤਮ-ਨਿਰਭਰ ਕਰੁਣਾ ਦੀ ਦ੍ਰਿੜ੍ਹਤਾ ਨੂੰ ਪ੍ਰਦਰਸ਼ਿਤ ਕਰਦੀ ਹੈ। ਕਹਾਣੀ ਦੇ ਅੰਤ ਵਿੱਚ ਫ਼ੈਸਲਾ ਕਿਸ ਧਿਰ ਦੇ ਹੱਕ ਵਿੱਚ ਹੋਇਆ ਕਹਾਣੀ ਵਿੱਚ ਇਹ ਨਹੀਂ ਦੱਸਣ ਦਾ ਯਤਨ ਕੀਤਾ ਗਿਆ ਕਿਉਂਕਿ ਅਜੀਤ ਕੌਰ ਨੇ ਕਹਾਣੀ ਦੀ ਗੋਂਦ ਨੂੰ ਇਸ ਤਰ੍ਹਾਂ ਸੰਗਠਿਤ ਕੀਤਾ ਹੈ ਕਿ ਇਸ ਦਾ ਫ਼ੈਸਲਾ ਪਾਠਕ ਆਪ ਕਰਨ ਦੇ ਸਮਰੱਥ ਹੋ ਸਕੇ।

### 1.8.3.2 ਦਲੀਪ ਕੌਰ ਟਿਵਾਣਾ ਨਾਲ ਜਾਣ-ਪਛਾਣ, ਕਹਾਣੀ 'ਮਰਨ ਰੁੱਤ' ਦਾ ਸਾਰ/ਵਿਸ਼ਾ-ਵਸਤੂ

#### ਲੇਖਕ ਨਾਲ ਜਾਣ-ਪਛਾਣ

ਦਲੀਪ ਕੌਰ ਟਿਵਾਣਾ (4 ਮਈ 1935-13 ਜਨਵਰੀ 2020) ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ ਹੈ। ਦਲੀਪ ਕੌਰ ਟਿਵਾਣਾ ਨੇ ਨਾਵਲ, ਕਹਾਣੀ, ਸਵੈ-ਜੀਵਨੀ ਅਤੇ ਸੰਪਾਦਨ ਆਦਿ ਸਾਹਿਤਕ ਵਿਧਾਵਾਂ ਵਿੱਚ ਕਾਰਜ ਕੀਤਾ ਹੈ। ਪੰਜਾਬ ਯੂਨੀਵਰਸਿਟੀ ਤੋਂ ਦਲੀਪ ਕੌਰ ਟਿਵਾਣਾ ਨੇ ਐੱਮ.ਏ ਦੀ ਡਿਗਰੀ ਹਾਸਿਲ ਕੀਤੀ। ਪੰਜਾਬੀ ਵਿਸ਼ੇ ਵਿੱਚ ਪੀਐੱਚ.ਡੀ. ਕਰਨ ਵਾਲੀ ਉਹ ਪੰਜਾਬ ਦੀ ਪਹਿਲੀ ਔਰਤ ਹੈ। ਉਸ ਨੇ ਜ਼ਿਆਦਾਤਰ ਮਜ਼ਲੂਮ ਔਰਤਾਂ ਦੀ ਮਾਨਸਿਕਤਾ ਅਤੇ ਉਹਨਾਂ ਦੇ ਸਮਾਜ ਵਿੱਚ ਨੀਵੇਂ ਦਰਜੇ ਦੀ ਹਾਲਤ ਬਾਰੇ ਲਿਖਿਆ ਹੈ। ਉਸ ਦੇ ਨਾਵਲਾਂ ਦੀਆਂ ਕੁਝ ਔਰਤਾਂ ਪੜ੍ਹੀਆਂ-ਲਿਖੀਆਂ ਜਾਂ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਦੇ ਬਾਵਜੂਦ ਵੀ ਮਨੁੱਖਤਾ ਵਿੱਚ ਬਰਾਬਰੀ ਦਾ ਇਜ਼ਹਾਰ ਨਹੀਂ ਕਰ ਸਕੀਆਂ, ਨਾ ਹੀ ਉਹ ਇੱਕ ਡਰ ਥੱਲੇ ਰਹਿ ਕੇ ਪਰਿਵਾਰ ਤੇ ਸਮਾਜ ਵਿੱਚ ਬਰਾਬਰੀ ਦਾ ਦਾਅਵਾ ਕਰਦੀਆਂ ਹਨ। ਉਸ ਦੀ ਪ੍ਰਸਿੱਧੀ ਦਾ ਨਿਸ਼ਚਿਤ ਆਧਾਰ ਉਸ ਦਾ ਨਾਵਲ 'ਇਹ ਹਮਾਰਾ ਜੀਵਣਾ' ਹੈ। ਇਸ ਨਾਵਲ ਨੂੰ 1971 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ। ਪੰਜਾਬੀ ਸਾਹਿਤ ਦੀ ਉਹ ਪਹਿਲੀ ਔਰਤ ਹੈ ਜਿਸ ਦੇ ਨਾਵਲ 'ਕਥਾ ਕਹੋ ਉਰਵਸ਼ੀ' ਨੂੰ ਸਰਸਵਤੀ ਸਨਮਾਨ ਹਾਸਿਲ ਹੋਇਆ ਹੈ। 2004 ਵਿੱਚ ਦਲੀਪ ਕੌਰ ਟਿਵਾਣਾ ਨੂੰ ਪਦਮ ਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਜਾ ਚੁੱਕਾ ਹੈ। ਪੰਜਾਬ ਦੀਆਂ ਦੂਸਰੀਆਂ ਦੋ ਪ੍ਰਮੁੱਖ ਇਸਤ੍ਰੀ ਕਹਾਣੀਕਾਰਾਂ (ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਕੌਰ) ਵਾਂਗ ਟਿਵਾਣਾ ਦੀਆਂ ਕਹਾਣੀਆਂ ਵੀ ਜੋਬਨਵੰਤ ਇਸਤ੍ਰੀ ਦੇ ਪਿਆਰ ਅਨੁਭਵ ਨਾਲ ਸੰਬੰਧਿਤ ਹਨ। ਸਥਾਪਿਤ ਪਿਆਰ-ਵਿਧੀ ਤੋਂ ਰਤਾ ਕੁ ਟੁੱਟ ਕੇ ਲਿਖਣ ਦੀ ਪ੍ਰਵਿਰਤੀ, ਇਹਨਾਂ ਕਹਾਣੀਕਾਰਾਂ ਦਾ ਸਾਂਝਾ ਗੁਣ ਹੈ। ਜਿੱਥੇ ਅੰਮ੍ਰਿਤਾ ਪ੍ਰੀਤਮ ਅਤੇ ਅਜੀਤ ਦੀਆਂ ਕਹਾਣੀਆਂ ਦਾ ਅੰਤਿਮ ਪ੍ਰਭਾਵ ਬੇਬਾਕੀ ਨਾਲ ਸੰਬੰਧਿਤ ਹੈ, ਉੱਥੇ ਟਿਵਾਣਾ ਕਹਾਣੀ ਦਾ ਅੰਤਿਮ ਪ੍ਰਭਾਵ ਸੰਕੋਚ ਨਾਲ ਸਿਰਜਦੀ ਹੈ। ਦਲੀਪ ਕੌਰ ਟਿਵਾਣਾ ਦਾ ਵੱਡਾ ਨਾਮ ਭਾਵੇਂ ਨਾਵਲ ਰਚਨਾ ਵਿੱਚ ਹੈ ਪਰ ਉਹਨਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ 'ਸਾਧਨ', 'ਯਾਤਰਾ', 'ਮਾਲਣ', 'ਇਕ ਕੁੜੀ', 'ਤੇਰਾ ਮੇਰਾ ਕਮਰਾ', 'ਕਿਸੇ ਦੀ ਧੀ' ਆਦਿ ਕਹਾਣੀ ਸੰਗ੍ਰਹਿ ਵੀ ਪਾਏ ਹਨ।

#### ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਮਰਨ-ਰੁੱਤ' ਦਲੀਪ ਕੌਰ ਦੁਆਰਾ ਰਚਿਤ ਕਹਾਣੀ ਹੈ ਜੋ ਭਰ-ਜਵਾਨ ਉਮਰ ਦੇ ਪਿਆਰ-ਅਨੁਭਵ ਦੀ ਕਹਾਣੀ ਹੈ। ਪਿਆਰ ਅਤੇ ਕਾਮ ਦੇ ਮਿਲਣ-ਬਿੰਦੂ ਦੀ ਅਣਹੋਂਦ ਸਦਕਾ ਤਣਾਉ ਉਤਪੰਨ ਹੁੰਦਾ ਹੈ, ਪਰ ਇਸ ਅਣਹੋਂਦ ਦੀ ਪਛਾਣ ਰਾਹੀਂ ਤਣਾਉ ਉੱਪਰ ਕਾਬੂ ਪਾ ਲਿਆ ਜਾਂਦਾ ਹੈ। ਦਲੀਪ ਕੌਰ ਟਿਵਾਣਾ ਦੀਆਂ ਹੋਰ ਰਚਨਾਵਾਂ ਵਾਂਗ ਇਸ ਕਹਾਣੀ ਵਿੱਚ ਨਾਰੀ ਮਨ ਦੀਆਂ ਸਮੱਸਿਆਵਾਂ, ਗੁੰਝਲਾਂ, ਸੁਪਨਿਆਂ, ਤੜਪ ਅਤੇ ਚੀਸ ਨੂੰ ਕੇਂਦਰ ਵਿੱਚ ਰੱਖ ਕੇ ਕਹਾਣੀ ਸਿਰਜੀ ਗਈ ਹੈ।

ਕਹਾਣੀ ਵਿੱਚ ਕਹਾਣੀਕਾਰ ਦੱਸਦੀ ਹੈ ਕਿ ਕਹਾਣੀ ਦੀ ਪਾਤਰ ਰਚਨਾ ਨੂੰ ਸੁਪਨਾ ਆਉਂਦਾ ਹੈ ਕਿ ਜਿਵੇਂ ਉਸ ਦੇ ਪੈਰ 'ਤੇ ਸੱਪ ਲੜ ਗਿਆ ਹੋਵੇ। ਕਹਾਣੀ ਦੀ ਇਸ ਪਹਿਲੀ ਸਤਰ ਵਿਚਲੀ ਘਟਨਾ ਹੀ ਕਹਾਣੀ ਵਿੱਚ ਗੁੰਝਲ ਪੈਦਾ ਕਰਨ ਅਤੇ ਗੁੰਝਲ ਖੁੱਲ੍ਹਣ ਦਾ ਸਬੱਬ ਬਣਦੀ ਹੈ। ਸਾਰੀ ਕਹਾਣੀ ਇਸ ਘਟਨਾ ਤੋਂ ਸ਼ੁਰੂ ਹੋ ਕੇ ਇਸ ਘਟਨਾ ਨੂੰ ਪ੍ਰਦਰਸ਼ਿਤ ਕਰਦੀ ਹੋਈ ਸੱਪ ਲੜ ਜਾਣ ਦੀ ਘਟਨਾ ਨੂੰ ਨਵੀਨ ਅਰਥਾਂ ਰਾਹੀਂ ਪੇਸ਼ ਕਰਦੀ ਹੈ। ਕਹਾਣੀ ਦੀ ਸ਼ੁਰੂਆਤ ਤੋਂ ਹੀ ਅਜਿਹਾ ਵਾਤਾਵਰਣ ਪੇਸ਼ ਕੀਤਾ ਜਾਂਦਾ ਹੈ ਜਿਵੇਂ ਭਵਿੱਖ ਵਿੱਚ ਕੋਈ ਅਣਹੋਣੀ ਹੋਣ ਵਾਲੀ ਹੋਵੇ। ਕਹਾਣੀ ਦੀ ਸ਼ੁਰੂਆਤ ਵਿੱਚ ਦਿਖਾਈਆਂ ਇਹ ਘਟਨਾਵਾਂ ਜਿਵੇਂ ਸੱਪ ਲੜਨਾ, ਫੁੱਲ ਤੋੜਨਾ, ਮਾਂ ਦੁਆਰਾ ਨ੍ਹੇਰੇ-ਸਵੇਰੇ ਬੂਟਿਆਂ ਵਿੱਚ ਹੱਥ ਨਾ ਪਾਉਣ ਦੀ ਨਸੀਹਤ ਕਰਨ, ਸਉਣ ਮਹੀਨੇ ਸੱਪਾਂ ਦਾ ਬਾਹਰ ਨਿਕਲਣਾ, ਕੁੱਤਿਆਂ ਦਾ ਭੌਂਕਣਾ, ਨਲਕੇ ਵਿੱਚੋਂ ਤੁਪਕਾ ਤੁਪਕਾ ਪਾਣੀ ਡਿੱਗਣਾ, ਰਾਤ ਦੀ ਰਾਣੀ ਖ਼ੁਸ਼ਬੋ ਹੇਠਾਂ ਸੱਪ ਆਉਣਾ, ਕਾਲੀ ਬਿੱਲੀ ਦਿਸਣਾ, ਕਾਲੇ ਪੰਛੀ ਦਾ ਰਾਤ ਦੇ ਹਨੇਰੇ ਵਿੱਚ ਫੜ ਫੜ ਕਰਦਿਆਂ ਉੱਪਰ ਦੀ ਲੰਘਣਾ ਆਦਿ ਘਟਨਾਵਾਂ ਕਹਾਣੀ ਵਿੱਚ ਕਿਸੇ ਦੁਰਘਟਨਾ ਜਾਂ ਕੁੱਝ ਮਾੜਾ ਵਾਪਰਨ ਵੱਲ ਸੰਕੇਤ ਕਰਦੀਆਂ ਹਨ।

ਰਚਨਾ ਸੁਪਨੇ ਵਿੱਚ ਜਦੋਂ ਸੱਪ ਲੜ ਜਾਣ ਦੀ ਘਟਨਾ ਬਾਰੇ ਸੋਚਦੀ ਹੈ ਕਿ "ਮੈਨੂੰ ਇਹ ਭੈੜਾ ਸੁਪਨਾ ਕਿਉਂ ਆਇਆ ? ਸੱਪ ਲੜ ਕੇ ਤਾਂ ਲੋਕ ਮਰ ਵੀ ਜਾਂਦੇ ਨੇ। ਪਰ ਮੈਂ ਤਾਂ ਮਰਨਾ ਨਹੀਂ ਚਾਹੁੰਦੀ। ਮੇਰੀ ਤਾਂ ਅਜੇ ਮਰਨ-ਰੁੱਤ ਨਹੀਂ ਆਈ। 'ਮਰਨ ਦੀ ਵੀ ਕੋਈ ਰੁੱਤ ਹੁੰਦੀ ਏ ?' ਰਚਨਾ ਇਹ ਪ੍ਰਸ਼ਨ ਖ਼ੁਦ ਨੂੰ ਪੁੱਛਦੀ ਹੈ ਤੇ ਆਪ ਹੀ ਇਸ ਸਵਾਲ ਦਾ ਜਵਾਬ ਦਿੰਦੀ ਹੋਈ ਕਹਿੰਦੀ ਹੈ ਕਿ 'ਹਾਂ ! ਰੁੱਤਾਂ ਸਿਰਫ਼ ਬਾਹਰਲੀਆਂ ਹੀ ਨਹੀਂ ਹੁੰਦੀਆਂ, ਮਨ ਦੀਆਂ ਵੀ ਹੁੰਦੀਆਂ ਨੇ। ਜਿਨ੍ਹਾਂ ਵਿੱਚੋਂ ਇਕ ਰੁੱਤ ਅਜਿਹੀ ਵੀ ਹੁੰਦੀ ਏ ਜਿਸ ਦੇ ਵਿੱਚ ਖਲੋਤਿਆਂ ਆਰ-ਪਾਰ ਕੁਝ ਨਹੀਂ ਦਿਸਦਾ। ਜਿਹੜੀ ਬਾਂਝ ਹੁੰਦੀ ਏ। ਜਿਸ ਰੁੱਤੇ ਵਾ-ਵਰੋਲੇ ਉੱਠਦੇ ਨੇ, ਜਿਨ੍ਹਾਂ ਵਿਚ ਭੁਤਨੇ ਨੱਚਦੇ ਨੇ। ਉਹੀ ਤਾਂ ਮਰਨ-ਰੁੱਤ ਹੁੰਦੀ ਏ' ਰਚਨਾ ਨੇ ਹਨੇਰੇ ਦਾ ਦਬਾਓ ਆਪਣੇ ਸਾਹਾਂ ਤੇ ਅਨੁਭਵ ਕਰਦਿਆਂ ਸੋਚਿਆ।

ਰਚਨਾ ਸੋਚਦੀ ਹੈ ਕਿ ਭਾਵੇਂ ਸੁਪਨਾ ਉਸ ਨੂੰ ਸੱਪ ਲੜਨ ਦਾ ਆਇਆ ਹੈ ਪਰ ਉਹ ਅਜੇ ਮਰਨਾ ਨਹੀਂ ਚਾਹੁੰਦੀ ਕਿਉਂਕਿ ਉਸ ਨੇ ਆਪਣੇ ਮੰਗੇਤਰ ਅਰਵਿੰਦ ਨਾਲ ਇਕੱਠਿਆਂ ਜ਼ਿੰਦਗੀ ਜੀਣ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੀ ਲਿਆ ਹੋਇਆ ਹੈ। ਰਚਨਾ ਸੱਪ ਦੇ ਲੜਨ ਤੇ ਅਰਵਿੰਦ ਦੇ ਸੁਭਾਅ ਦੋਵਾਂ ਵਿੱਚ ਤੁਲਨਾ ਕਰਨ ਲਗਦੀ ਹੈ ਕਿ ਸੱਪ ਜ਼ਹਿਰੀਲਾ ਹੈ ਤੇ ਉਸ ਦੇ ਮੰਗੇਤਰ ਅਰਵਿੰਦ ਦਾ ਸੁਭਾਅ ਠੰਢੇ ਪਾਣੀ ਦੇ ਵਗਣ ਵਾਲੇ ਦਰਿਆ ਵਾਂਗ ਹੈ। ਪਰ ਇਸ ਦੇ ਬਾਵਜੂਦ ਵੀ ਨਕਾਰਾਤਮਿਕ ਵਿਚਾਰ ਉਸ ਦਾ ਪਿੱਛਾ ਨਹੀਂ ਛੱਡ ਰਹੇ ਤੇ ਉਹ ਸੋਚਦੀ ਹੈ ਕਿ ਦਰਿਆ ਵਿੱਚ ਵੀ ਤਾਂ ਹੜ੍ਹ ਆ ਜਾਂਦੇ ਨੇ ਲੋਕ ਦਰਿਆਵਾਂ ਵਿੱਚ ਡੁੱਬ ਕੇ ਮਰ ਵੀ ਤਾਂ ਜਾਂਦੇ ਨੇ। ਉਸ ਨੂੰ ਕਾਲੀ ਬਿੱਲੀ ਦੀਆਂ ਲਿਸ਼ਕਦੀਆਂ ਅੱਖਾਂ ਦਿਖਾਈ ਦੇਣਾ ਵੀ ਰਚਨਾ ਦੀ ਮਾਨਸਿਕ ਕਸ਼ਮਕਸ਼ ਤੇ ਉਥਲ-ਪੁਥਲ ਦਾ ਸੰਕੇਤ ਹੈ। ਉਸ ਨੂੰ ਮਨ ਹੀ ਮਨ ਕਿਸੇ ਦੁਰਘਟਨਾ ਜਾਂ ਬਦਸ਼ਗਨੀ ਹੋਣ ਦਾ ਖ਼ਦਸ਼ਾ ਅੰਦਰੋ-ਅੰਦਰੀ ਖਾਈ ਜਾ ਰਿਹਾ ਹੈ। ਇਸ ਚਿੰਤਾ ਦੇ ਕਾਰਨ ਹੀ ਉਸ ਨੂੰ ਆਪਣੇ ਮੰਗੇਤਰ ਅਰਵਿੰਦ ਦੀ ਯਾਦ ਵਾਰ ਵਾਰ ਆ ਰਹੀ ਹੈ।

**ਸਵੈ-ਮੁਲਾਂਕਣ ਪ੍ਰਸ਼ਨ**

1. 'ਮਰਨ-ਰੁੱਤ' ਕਹਾਣੀ ਪਾਤਰ ਰਚਨਾ ਨੂੰ ਕੀ ਸੁਪਨਾ ਆਉਂਦਾ ਹੈ?

   ..........................................................................................................

   ..........................................................................................................

2. ਦਲੀਪ ਕੌਰ ਟਿਵਾਣਾ ਨੂੰ ਕਿਹੜੇ-ਕਿਹੜੇ ਸਨਮਾਨ ਮਿੱਲ ਚੁੱਕੇ ਹਨ?

   ..........................................................................................................

   ..........................................................................................................

ਰਚਨਾ ਨੂੰ ਰਾਤ ਦੇ ਸੁਪਨੇ ਤੋਂ ਬਾਅਦ ਨੀਂਦ ਨਹੀਂ ਸੀ ਆ ਰਹੀ। ਉਸ ਨੇ ਆਪਣੇ ਮਨ ਨੂੰ ਬਦਲਾਉਣ ਲਈ ਪਾਠ ਕਰਨ ਦਾ ਯਤਨ ਕੀਤਾ ਪਰ ਉਸ ਦਾ ਮਨ ਇਕਾਗਰ ਨਾ ਹੋ ਸਕਿਆ। ਰਚਨਾ ਤਿਆਰ ਹੋ ਕੇ ਆਪਣੇ ਕਾਲਜ ਜਾਣ ਲਈ ਨਿਕਲਦੀ ਹੈ ਪਰ ਨਾਲ ਦੀ ਨਾਲ ਉਸ ਦੇ ਮਨ ਵਿੱਚ ਅਰਵਿੰਦ ਬਾਰੇ ਸਕਾਰਾਤਮਿਕ ਤੇ ਨਕਾਰਾਤਮਿਕ ਵਿਚਾਰ ਚੱਲ ਰਹੇ ਹਨ। ਉਹ ਜਦੋਂ ਕਾਲਜ ਵੱਲ ਤੁਰ ਪਈ ਤਾਂ ਅੱਡੇ ਕੋਲੋਂ ਲੰਘਦਿਆਂ ਉਸ ਨੂੰ ਅਰਵਿੰਦ ਦਾ ਖ਼ਿਆਲ ਆਉਂਦਾ ਹੈ। ਕਾਲਜ ਜਾਣ ਵਾਲੀ ਬੱਸ ਦੇ ਨਾਲ ਹੀ ਉਸ ਨੂੰ ਅਰਵਿੰਦ ਦੇ ਸ਼ਹਿਰ ਜਾਣ ਵਾਲੀ ਬੱਸ ਦਾ ਹਾਰਨ ਸੁਣਾਈ ਦਿੰਦਾ ਹੈ। ਰਚਨਾ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਬੱਸ ਉਸ ਨੂੰ ਹੀ ਸੱਦਾ ਦੇ ਰਹੀ ਹੋਵੇ। ਰਚਨਾ ਬਿਨਾ ਕੁਝ ਸੋਚੇ-ਸਮਝੇ ਕਾਹਲੀ ਕਾਹਲੀ ਅਰਵਿੰਦ ਦੇ ਸ਼ਹਿਰ ਜਾਣ ਵਾਲੀ ਬੱਸ ਵਿੱਚ ਸਵਾਰ ਹੋ ਜਾਂਦੀ ਹੈ। ਬਿਨਾਂ ਦੱਸੇ ਅਰਵਿੰਦ ਕੋਲ ਜਾਣ ਦੇ ਫ਼ੈਸਲੇ ਤੇ ਉਸ ਨੂੰ ਚਿੰਤਾ ਵੀ ਹੁੰਦੀ ਹੈ ਪਰ ਉਹ ਨਾਲ ਨਾਲ ਤਰਕੀਬ ਸੋਚ ਲੈਂਦੀ ਹੈ ਕਿ ਉਸ ਨੂੰ ਡਰਾਵਣਾ ਸੁਪਨਾ ਆਇਆ ਸੀ, ਜਿਸ ਕਾਰਨ ਉਸ ਨੂੰ ਫ਼ਿਕਰ ਹੋ ਰਿਹਾ ਸੀ ਤੇ ਉਸ ਨੇ ਸਵੇਰੇ ਹੀ ਮਿਲਣ ਦਾ ਫ਼ੈਸਲਾ ਕਰ ਲਿਆ। ਰਚਨਾ ਮਨ ਹੀ ਮਨ ਇਹ ਵੀ ਸੋਚਦੀ ਜਾ ਰਹੀ ਹੈ ਕਿ ਅਜੇ ਤੀਕ ਤਾਂ ਉਹ ਜਾਗਿਆ ਵੀ ਨਹੀਂ ਹੋਣਾ ਕਿਉਂਕਿ ਦਸ ਵਜੇ ਉਸ ਦਾ ਦਫ਼ਤਰ ਲਗਦਾ ਏ। ਇਹਨਾਂ ਸੋਚਾਂ ਵਿਚ ਹੀ ਅਰਵਿੰਦ ਦਾ ਸ਼ਹਿਰ ਆ ਗਿਆ।

ਰਚਨਾ ਜਦੋਂ ਅਰਵਿੰਦ ਦੇ ਘਰ ਪਹੁੰਚ ਕਿ ਉਸ ਦੇ ਬੂਹੇ ਉੱਤੇ ਦਸਤਕ ਦਿੰਦੀ ਹੈ ਤਾਂ ਦਰਵਾਜ਼ਾ ਖੁੱਲ੍ਹਣ ਵਿੱਚ ਥੋੜ੍ਹਾ ਜ਼ਿਆਦਾ ਸਮਾਂ ਲੱਗਦਾ ਹੈ। ਅਰਵਿੰਦ ਦੇ ਦਰਵਾਜ਼ਾ ਖੋਲ੍ਹਣ ਤੇ ਰਚਨਾ ਉਸ ਵੱਲ ਵੇਖ ਕੇ ਮੁਸਕਰਾਉਂਦੀ ਹੈ ਪਰ ਅਰਵਿੰਦ ਡੋਰ-ਭੌਰ ਤੇ ਘਬਰਾਇਆ ਹੋਇਆ ਪ੍ਰਤੀਤ ਹੁੰਦਾ ਹੈ। ਰਚਨਾ ਜਦੋਂ ਅਰਵਿੰਦ ਨੂੰ ਪਾਸੇ ਕਰਕੇ ਅੰਦਰ ਜਾਂਦੀ ਹੈ ਤਾਂ ਉੱਥੇ ਕਿਸੇ ਹੋਰ ਔਰਤ ਨੂੰ ਵੇਖ ਕੇ ਉਹ ਠਠੰਬਰ ਜਾਂਦੀ ਹੈ। ਰਚਨਾ ਦੇ ਬਦਲੇ ਹਾਵ-ਭਾਵ ਨੂੰ ਵੇਖਦਾ ਹੋਇਆ ਅਰਵਿੰਦ ਸਫ਼ਾਈ ਦਿੰਦਾ ਹੋਇਆ ਕਹਿਣ ਲਗਦਾ ਹੈ ਕਿ, "ਰਚਨਾ... ਇਹ ਸੁਸ਼ਮਾ ਏ...ਸਾਡੇ ਦਫ਼ਤਰ ਦੀ ਸਟੈਨੋ ਰਾਤ ... ਰਾਤ ਦੇਰ ਹੋ ਗਈ ਸੀ....ਮੈਂ ਆਖਿਆ.... ਦਫ਼ਤਰ ਦਾ ਜ਼ਰੂਰੀ ਕੰਮ ਕਰਨਾ ਸੀ " ਅਰਵਿੰਦ ਘਬਰਾਹਟ ਵਿਚ ਪਤਾ ਨਹੀਂ ਕੀ ਕੁਝ ਆਖੀ ਜਾ ਰਿਹਾ ਸੀ। ਰਚਨਾ ਨੇ ਇਕ ਵਾਰੀ ਸੁਸ਼ਮਾ ਵਲ ਤਕ ਕੇ ਗਰਦਨ ਉੱਪਰ ਨੂੰ ਚੱਕ ਕੇ ਕਿਹਾ "ਮੈਂ ਰਚਨਾ ਹਾਂ, ਅਰਵਿੰਦ ਦੀ ਮੰਗੇਤਰ।" ਫਿਰ ਉਸ ਨੇ ਅਰਵਿੰਦ ਵਲ ਧਿਆਨ ਨਾਲ ਦੇਖਿਆ। ਉਸ ਦੇ ਇਕ ਡੋਬ ਜਿਹਾ ਪਿਆ। "ਮਾਫ਼ ਕਰਨਾ ਮੈਨੂੰ ਬਿਨਾਂ ਦੱਸੇ ਨਹੀਂ ਸੀ ਆਉਣਾ ਚਾਹੀਦਾ" ਆਖ ਉਹ ਉਹਨੀਂ ਪੈਰੀਂ ਪਰਤ ਪਈ।

ਅਰਵਿੰਦ ਰਚਨਾ ਨੂੰ ਆਵਾਜ਼ਾਂ ਦੇ ਰਿਹਾ ਸੀ। ਪਰ ਉਸ ਨੂੰ ਲੱਗਿਆ 'ਮੈਂ ਰਚਨਾ ਨਹੀਂ।" ਇਹ ਅਰਵਿੰਦ ਵੀ ਨਹੀਂ। ਮੈਂ ਕਿਹੜੀ ਥਾਂ ਆ ਗਈ ਹਾਂ ? ਇਹ ਲੋਕ ਕੌਣ ਨੇ ? ਇਹ ਕਿਹੜੀ ਰੁੱਤ ਏ ? ਆਰ ਪਾਰ ਕੁਝ ਵੀ ਨਹੀਂ ਦਿਸਦਾ। ਕਿੰਨੇ ਹੀ ਵਾ-ਵਰੋਲੇ ਉਸ ਦੇ ਮਨ ਵਿਚੋਂ ਉੱਠੇ ਜਿਨ੍ਹਾਂ ਵਿਚ ਭੂਤਨੇ ਨੱਚਦੇ ਪ੍ਰਤੀਤ ਹੋਏ। ਉਹ ਆਪਣੇ ਸ਼ਹਿਰ ਜਾਣ ਵਾਲੀ ਬੱਸ ਵਿਚ ਬੈਠ ਗਈ। ਉਸ ਨੇ ਆਪਣੇ ਪੈਰ ਵਲ ਦੇਖਿਆ ਜਿਸ ਉੱਤੇ ਰਾਤੀਂ ਸੁਪਨੇ

ਵਿਚ ਸੱਪ ਲੜਿਆ ਸੀ। ਜਿਸ ਦਾ ਜ਼ਹਿਰ ਉਸ ਨੂੰ ਹੁਣ ਚੜ੍ਹਦਾ ਪ੍ਰਤੀਤ ਹੋਇਆ। ਇਸ ਤਰ੍ਹਾਂ ਕਹਾਣੀ ਦੀ ਸ਼ੁਰੂਆਤ ਵਿੱਚ ਸੁਪਨੇ ਅੰਦਰ ਲੜੇ ਸੱਪ ਦਾ ਜ਼ਹਿਰ ਰਚਨਾ ਨੂੰ ਅਰਵਿੰਦ ਨਾਲ ਮਿਲਣ ਤੋਂ ਬਾਅਦ ਚੜ੍ਹਦਾ ਹੈ ਤੇ ਉਸ ਦੇ ਮਨ ਵਿੱਚ ਪੈਦਾ ਹੋ ਰਹੇ ਬਦਸ਼ਗਨੀ ਦੇ ਵਿਚਾਰਾਂ ਦੇ ਕਾਰਨ ਉਸ ਨੂੰ ਅਰਵਿੰਦ ਦੇ ਘਰ ਤੋਂ ਵਾਪਸ ਆਉਂਦਿਆਂ ਸਮਝ ਆਉਣ ਲੱਗਦੇ ਹਨ।

**ਆਲੋਚਨਾਤਮਿਕ ਪਰਖ**

ਕਹਾਣੀ 'ਮਰਨ ਰੁੱਤ' ਵਿੱਚ ਕਹਾਣੀ ਸਿਰਜਣ ਲਈ ਸੁਪਨ-ਵਿਧੀ ਦੀ ਜੁਗਤ ਵਰਤੀ ਗਈ ਹੈ। ਕਹਾਣੀ ਮੁੱਢ ਤੋਂ ਅੰਤ ਤੱਕ ਸੁਪਨੇ ਦੀ ਵਿਆਖਿਆ ਨੂੰ ਦਰਸਾਉਂਦੀ ਹੋਈ ਅੰਤ ਵਿੱਚ ਸੁਪਨ ਅਵਸਥਾ ਦੇ ਹਕੀਕਤ ਰੂਪ ਧਾਰਨ ਤੱਕ ਪਸਰੀ ਹੋਈ ਹੈ। ਕਹਾਣੀ ਵਿੱਚ ਸ਼ੁਰੂਆਤ ਤੋਂ ਕਹਾਣੀ ਦੇ ਅੰਤ ਵਿੱਚ ਕੋਈ ਅਣਹੋਣੀ, ਦੁਰਘਟਨਾ ਜਾਂ ਬਦਸ਼ਗਨੀ ਹੋਣ ਬਾਰੇ ਦੱਸਣ ਲਈ ਕਹਾਣੀ ਦੇ ਸ਼ੁਰੂਆਤ ਤੋਂ ਹੀ ਵੱਖ ਵੱਖ ਤਰ੍ਹਾਂ ਦੇ ਦ੍ਰਿਸ਼ਾਂ, ਸੰਕੇਤਾਂ ਤੇ ਚਿੰਨ੍ਹਾਂ ਨੂੰ ਪ੍ਰਗਟਾਇਆ ਗਿਆ ਹੈ। ਮਰਨ ਦੀ ਕੋਈ ਰੁੱਤ ਨਹੀਂ ਹੁੰਦੀ ਪਰ ਜਦੋਂ ਕਿਸੇ ਦਾ ਵਿਸ਼ਵਾਸ ਟੁੱਟਦਾ ਹੈ ਜਾਂ ਸੁਪਨਾ ਤਿੜਕਦਾ ਹੈ ਤਾਂ ਕਹਾਣੀਕਾਰ ਅਨੁਸਾਰ ਉਹ ਸਮਾਂ ਮਰਨ ਦੇ ਸਮਾਨ ਹੁੰਦਾ ਹੈ। ਕਹਾਣੀ ਵਿੱਚ ਰਚਨਾ ਦਾ ਆਪਣੇ ਮੰਗੇਤਰ ਅਰਵਿੰਦ ਨੂੰ ਕਿਸੇ ਗ਼ੈਰ ਔਰਤ ਨਾਲ ਵੇਖ ਕੇ ਰਚਨਾ ਨੂੰ ਸੁਪਨੇ ਵਿੱਚ ਲੜਿਆ ਸੱਪ ਹਕੀਕਤ ਵਿੱਚ ਲੜਿਆ ਪ੍ਰਤੀਤ ਹੋਣ ਲੱਗਦਾ ਹੈ। ਕਹਾਣੀ ਦਾ ਸਿਰਲੇਖ ਕਹਾਣੀ ਵਿਚਲੀਆਂ ਘਟਨਾਵਾਂ ਅਨੁਸਾਰ ਢੁਕਵਾਂ ਪ੍ਰਤੀਤ ਹੁੰਦਾ ਹੈ।

**1.8.4 ਸਿੱਟਾ**

ਬੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਦੇ ਸਿਲੇਬਸ ਵਿੱਚ ਲੱਗੀ ਪੁਸਤਕ 'ਕਥਾ ਪੰਜਾਬ' ਵਿੱਚ ਕੁੱਲ ਇੱਕੀ ਕਹਾਣੀਕਾਰ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਕੇਵਲ ਤਿੰਨ ਅੰਮ੍ਰਿਤ-ਪ੍ਰੀਤਮ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਔਰਤ ਕਹਾਣੀਕਾਰ ਹਨ। ਤਿੰਨੋ ਔਰਤ ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਕੇਂਦਰੀ ਚੂਲ ਨਾਰੀ ਮਨ, ਨਾਰੀ ਦਸ਼ਾ, ਨਾਰੀ ਉੱਪਰ ਹੁੰਦਾ ਅੱਤਿਆਚਾਰ, ਸਮਾਜਿਕ ਦਾਬਾ ਅਤੇ ਸ਼ੋਸ਼ਣ ਆਦਿ ਵਿਸ਼ਿਆਂ ਉੱਪਰ ਕੇਂਦਰਿਤ ਹੈ। ਅੰਮ੍ਰਿਤਾ ਪ੍ਰੀਤਮ ਤੇ ਅਜੀਤ ਕੌਰ ਨਾਰੀ ਮੁੱਦਿਆਂ ਨੂੰ ਤਿੱਖੇ ਵਿਅੰਗ ਤੇ ਬੇਬਾਕੀ ਨਾਲ ਉਠਾਉਂਦੀਆਂ ਹਨ। ਦਲੀਪ ਕੌਰ ਟਿਵਾਣਾ ਨਾਰੀ ਮਨ ਨੂੰ ਸੰਵੇਦਨਸ਼ੀਲਤਾ ਅਤੇ ਕਾਵਿਕ ਅੰਦਾਜ਼ ਨਾਲ ਵਿਅਕਤੀ ਕਰਦੀ ਹੈ। ਅਜੀਤ ਕੌਰ 'ਸੂਲੀ ਉੱਤੇ ਲਟਕਦੇ ਪਲ' ਕਹਾਣੀ ਵਿੱਚ ਜਿੱਥੇ ਕਰੁਣਾ ਦੇ ਔਰਤ ਪਾਤਰ ਰਾਹੀਂ ਔਰਤ ਦੇ ਆਤਮ-ਨਿਰਭਰਤਾ, ਸਬਰ, ਮਮਤਾ ਅਤੇ ਸਮਾਜਿਕ ਵਿਵਸਥਾ ਨਾਲ ਲੜਨ ਵਾਲੇ ਹੌਸਲੇ ਨੂੰ ਬਿਆਨ ਕਰਦੀ ਹੈ ਉੱਥੇ ਹੀ ਤੋਸ਼ੀ ਵਰਗੇ ਪਾਤਰਾਂ ਰਾਹੀ ਪਿੱਤਰਕ ਮਾਨਸਿਕਤਾ ਅਤੇ ਔਰਤ ਵਿਰੋਧੀ ਕਾਨੂੰਨੀ ਤੇ ਸਮਾਜਿਕ ਵਿਵਸਥਾ ਉੱਪਰ ਵਿਅੰਗਾਤਮਿਕ ਚੋਟ ਵੀ ਲਗਾਉਂਦੀ ਹੈ। 'ਮਰਨ-ਰੁੱਤ' ਕਹਾਣੀ ਵਿੱਚ ਦਲੀਪ ਕੌਰ ਟਿਵਾਣਾ ਆਪਣੀ ਕਾਵਿਕ ਜੁਗਤ ਰਾਹੀਂ ਪਾਠਕ ਦੀ ਰਚਨਾ ਪ੍ਰਤੀ ਹਮਦਰਦੀ ਪੈਦਾ ਕਰਨ ਵਿੱਚ ਕਾਮਯਾਬ ਜ਼ਰੂਰ ਹੁੰਦੀ ਹੈ ਪਰ ਰਚਨਾ ਦੇ ਔਰਤ ਪਾਤਰ ਦੁਆਰਾ ਬਦਲਾ ਲੈਣ ਵਾਲਾ ਜਾਂ ਅਰਵਿੰਦ ਪ੍ਰਤੀ ਬੇਵਫ਼ਾਈ ਕਾਰਨ ਝਗੜਾ ਕਰਨ ਦੀ ਥਾਂ ਸਬਰ ਕਰਦਿਆਂ ਵਿਸ਼ਵਾਸਘਾਤ ਦੇ ਡੰਗ ਨੂੰ ਸਹਿਣ ਕਰਦਿਆਂ ਪੇਸ਼ ਕਰਦਿਆਂ ਕਿਤੇ ਨਾ ਕਿਤੇ ਮਰਦ ਪ੍ਰਧਾਨ ਸਮਾਜ ਦੀ ਮਨਚਾਹੀ ਸੋਚ ਨੂੰ ਹੋਰ ਠੋਸ ਰੂਪ ਵਿੱਚ ਲਾਗੂ ਕਰਦੀ ਜਾਪਦੀ ਹੈ।

**1.8.5 ਅਭਿਆਸ ਲਈ ਪ੍ਰਸ਼ਨ**

ਛੋਟੇ ਪ੍ਰਸ਼ਨ

1. ਅਰਵਿੰਦ ਦਾ ਰਚਨਾ ਨਾਲ ਕੀ ਰਿਸ਼ਤਾ ਹੈ?
2. ਸੂਲੀ ਉੱਤੇ ਲਟਕੇ ਪਲ ਕਹਾਣੀ ਵਿੱਚ ਮੁੱਖ ਸਮੱਸਿਆ ਕੀ ਹੈ?
3. ਅਜੀਤ ਕੌਰ ਦੇ ਕਹਾਣੀ ਸੰਗ੍ਰਹਿ ਕਿਹੜੇ ਹਨ ?
4. ਦਲੀਪ ਕੌਰ ਟਿਵਾਣਾ ਦੀਆਂ ਕਿਤਾਬਾਂ ਦੇ ਨਾਮ ਦੱਸੋ?
5. ਸੂਲੀ ਉੱਤੇ ਲਟਕੇ ਪਲ ਤੋਂ ਕੀ ਭਾਵ ਹੈ?

ਵੱਡੇ ਪ੍ਰਸ਼ਨ

1. ਕਹਾਣੀ 'ਸੂਲੀ ਉੱਤੇ ਲਟਕੇ ਪਲ' ਦਾ ਸਾਰ ਪੇਸ਼ ਕਰੋ?
2. ਕਹਾਣੀ 'ਸੂਲੀ ਉੱਤੇ ਲਟਕੇ ਪਲ' ਵਿੱਚ ਪੇਸ਼ ਘਟਨਾਵਾਂ ਨੂੰ ਵਿਸਥਾਰ ਵਿਚ ਬਿਆਨ ਕਰੋ?
3. ਕਹਾਣੀ 'ਮਰਨ-ਰੁੱਤ' ਦਾ ਵਿਸ਼ਾ-ਵਸਤੂ ਲਿਖੋ?
4. ਕਹਾਣੀ 'ਮਰਨ-ਰੁੱਤ' ਵਿੱਚ ਪੇਸ਼ ਵਿਚਾਰਾਂ ਨੂੰ ਵਿਸਥਾਰ ਵਿੱਚ ਦੱਸੋ?

**1.8.6 ਪੁਸਤਕ ਸੂਚੀ**

1. ਡਾ. ਹਰਿਭਜਨ ਸਿੰਘ (ਸੰਪਾ.) ਕਥਾ ਪੰਜਾਬ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2023

2. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992

3. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

4. ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

**ਪਾਠ ਨੰਬਰ : 1.9** **ਲੇਖਕ- ਡਾ. ਦੀਪਕ**

## ਬੂਟਾ ਸਿੰਘ ਦੀ ਕਹਾਣੀ 'ਮਾਈ ਸੱਧਰਾਂ', ਜਸਵੰਤ ਵਿਰਦੀ ਦੀ ਕਹਾਣੀ 'ਆਪਣੀ ਆਪਣੀ ਸੀਮਾ' ਅਤੇ ਮੋਹਨ ਭੰਡਾਰੀ ਦੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...!' ਦਾ ਸਾਰ/ਵਿਸ਼ਾ-ਵਸਤੂ

1.9.1 ਪਾਠ ਦਾ ਉਦੇਸ਼
1.9.2 ਭੂਮਿਕਾ
1.9.3 ਪਾਠ ਦੀ ਰੂਪ-ਰੇਖਾ
1.9.3.1 ਬੂਟਾ ਸਿੰਘ ਨਾਲ ਜਾਣ-ਪਛਾਣ, ਕਹਾਣੀ 'ਮਾਈ ਸੱਧਰਾਂ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.9.3.2 ਜਸਵੰਤ ਸਿੰਘ ਵਿਰਦੀ ਨਾਲ ਜਾਣ-ਪਛਾਣ, ਕਹਾਣੀ 'ਆਪਣੀ ਆਪਣੀ ਸੀਮਾ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.9.3.3 ਮੋਹਨ ਭੰਡਾਰੀ ਨਾਲ ਜਾਣ-ਪਛਾਣ, ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...!' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ
1.9.4 ਸਿੱਟਾ
1.9.5 ਅਭਿਆਸ ਲਈ ਪ੍ਰਸ਼ਨ
1.9.6 ਸਹਾਇਕ ਪੁਸਤਕ ਸੂਚੀ

### 1.9.1 ਪਾਠ ਦਾ ਉਦੇਸ਼

ਹਥਲੇ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ 'ਕਥਾ ਪੰਜਾਬ' ਕਹਾਣੀ ਸੰਗ੍ਰਹਿ ਦੇ ਵਿਚ ਦਰਜ 'ਮਾਈ ਸੱਧਰਾਂ', 'ਆਪਣੀ ਆਪਣੀ ਸੀਮਾ' ਅਤੇ 'ਮੈਨੂੰ ਟੈਗੋਰ ਬਣਾ ਦੇ ਮਾਂ...!' ਕਹਾਣੀਆਂ ਦੇ ਸਾਰ/ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਣਾ ਹੈ। ਇਹਨਾਂ ਕਹਾਣੀਆਂ ਦੇ ਲੇਖਕ ਬੂਟਾ ਸਿੰਘ, ਜਸਵੰਤ ਸਿੰਘ ਵਿਰਦੀ ਅਤੇ ਮੋਹਨ ਭੰਡਾਰੀ ਹਨ।

### 1.9.2 ਭੂਮਿਕਾ

ਪਿਆਰੇ ਵਿਦਿਆਰਥੀਓ ਬੀ.ਏ ਭਾਗ ਪਹਿਲਾ ਸਮੈਸਟਰ ਪਹਿਲਾ ਦੇ ਪਰਚਾ ਲਾਜ਼ਮੀ ਪੰਜਾਬੀ ਵਿਚ ਕਹਾਣੀ ਸੰਗ੍ਰਹਿ 'ਕਥਾ ਪੰਜਾਬ' ਸ਼ਾਮਿਲ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਵੱਖ-ਵੱਖ ਲੇਖਕਾਂ ਦੀਆਂ ਕੁਲ 21 ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹ ਕਹਾਣੀ ਸੰਗ੍ਰਹਿ ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਯੂਨਿਟ ਰਾਹੀਂ ਤੁਹਾਨੂੰ ਇਸ ਕਹਾਣੀ ਸੰਗ੍ਰਹਿ ਵਿਚ ਦਰਜ 'ਮਾਈ ਸੱਧਰਾਂ', 'ਆਪਣੀ ਆਪਣੀ ਸੀਮਾ' ਤੇ 'ਮੈਨੂੰ ਟੈਗੋਰ ਬਣਾ ਦੇ ਮਾਂ ...!' ਕਹਾਣੀਆਂ ਨਾਲ ਸੰਬੰਧਿਤ ਪ੍ਰਸ਼ਨਾਂ ਦਾ ਉੱਤਰ ਲਿਖਣ ਲਈ ਸਮਗਰੀ ਭੇਜੀ ਜਾ ਰਹੀ ਹੈ। ਇਸ ਕਿਤਾਬ ਨੂੰ ਨੈਸ਼ਨਲ ਬੁੱਕ ਟਰੱਸਟ ਦਿੱਲੀ ਵੱਲੋਂ ਛਾਪਿਆ ਗਿਆ ਹੈ।

### 1.9.3.1 ਬੂਟਾ ਸਿੰਘ ਨਾਲ ਜਾਣ-ਪਛਾਣ, ਕਹਾਣੀ 'ਮਾਈ ਸੱਧਰਾਂ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ

**ਲੇਖਕ ਨਾਲ ਜਾਣ-ਪਛਾਣ**

ਬੂਟਾ ਸਿੰਘ ਦਾ ਜਨਮ 9 ਮਈ 1919 ਈ. ਨੂੰ ਜ਼ਿਲ੍ਹਾ ਸ਼ੇਖ਼ੂਪੁਰਾ (ਗੁੱਜਰਾਂਵਾਲਾ) ਸ਼ਹਿਰ ਸਾਂਗਲਾ ਹਿੱਲ ਵਿਖੇ ਹੋਇਆ। ਬੂਟਾ ਸਿੰਘ ਨੇ ਨਾਵਲ ਅਤੇ ਕਹਾਣੀ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹਨਾਂ ਦੀਆਂ ਕਹਾਣੀਆਂ ਵਧੇਰੇ ਕਰਕੇ ਸ਼ਹਿਰੀ ਮੱਧ-ਵਰਗ ਨਾਲ ਸੰਬੰਧਿਤ ਹੁੰਦੀਆਂ ਹਨ। ਕਿਸੇ ਵਿਲੱਖਣ ਜੀਵਨ-ਖੰਡ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਣ ਵਿਚ ਇਸ ਦੀ ਵਿਸ਼ੇਸ਼ ਰੁਚੀ ਰਹੀ ਹੈ। ਕਿਸੇ ਨਾ ਕਿਸੇ ਰੂਪ ਵਿਚ ਵਰਜਿਤ ਕਾਮੁਕਤਾ ਇਹਨਾਂ ਦੀਆਂ ਕਹਾਣੀਆਂ ਵਿਚ ਪ੍ਰਵੇਸ਼ ਪਾ ਹੀ ਜਾਂਦੀ ਹੈ। 'ਮਾਈ ਸੱਧਰਾਂ' ਲੇਖਕ ਦੀਆਂ ਪਹਿਲੀਆਂ ਕਹਾਣੀਆਂ ਵਿੱਚੋਂ ਹੈ। ਕਹਾਣੀਕਾਰ ਦੀ ਪ੍ਰਸਿੱਧੀ ਦਾ ਪ੍ਰਥਮ ਆਧਾਰ ਇਹੋ ਕਹਾਣੀ ਹੈ। ਆਪ ਰੇਲਵੇ ਸ਼ਟਿੰਗ ਲਾਈਨ ਨਾਲ ਸੰਬੰਧਿਤ ਹੋਣ ਕਾਰਨ ਬੂਟਾ ਸਿੰਘ ਨੂੰ ਏਥੋਂ ਦੇ ਜੀਵਨ ਦਾ ਨੇੜੇ ਦਾ ਅਨੁਭਵ ਹੈ, ਜੋ ਇਸ ਕਹਾਣੀ ਵਿੱਚ ਸਹਿਜੇ ਹੀ ਪ੍ਰਮਾਣਿਕ ਪ੍ਰਗਟਾਵਾ ਪਾ ਗਿਆ ਹੈ। ਬੂਟਾ ਸਿੰਘ ਨੇ 'ਲੋਅ ਚੁਬਾਰੇ ਦੀ', 'ਸੁਪਨਿਆਂ ਦੀ ਸ਼ਾਮ', 'ਅੰਗੂਰਾਂ ਦੀ ਵੇਲ' ਅਤੇ 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤਕ ਜਗਤ ਨੂੰ ਦਿੱਤੇ ਹਨ।

**ਕਹਾਣੀ ਦਾ ਸਾਰ/ਵਿਸ਼ਾ-ਵਸਤੂ**

'ਮਾਈ ਸੱਧਰਾਂ' ਬੂਟਾ ਸਿੰਘ ਦੀ ਮੁੱਢਲੇ ਰੂਪ ਵਿੱਚ ਲਿਖੀ ਕਹਾਣੀ ਹੈ ਇਸ ਕਹਾਣੀ ਨੇ ਹੀ ਸਾਹਿਤਕ ਖੇਤਰ ਵਿੱਚ ਬੂਟਾ ਸਿੰਘ ਦੀ ਬਤੌਰ ਕਹਾਣੀਕਾਰ ਵਜੋਂ ਪਹਿਚਾਣ ਕਰਵਾਈ। ਬੂਟਾ ਸਿੰਘ ਆਪ ਵੀ ਰੇਲਵੇ ਸ਼ਟਿੰਗ ਦੇ ਖੇਤਰ ਵਿੱਚ ਲੰਮਾ ਸਮਾਂ ਨੌਕਰੀ ਕਰਦਾ ਰਿਹਾ ਹੈ, ਇਸ ਲਈ ਇਸ ਕਹਾਣੀ ਦਾ ਵਿਸ਼ਾ ਵੀ ਉਸ ਨੇ ਆਪਣੇ ਨਿੱਜੀ ਅਨੁਭਵ ਵਿੱਚੋਂ ਹਾਸਿਲ ਕੀਤਾ ਲੱਗਦਾ ਹੈ। ਇਸ ਕਹਾਣੀ ਵਿੱਚ ਬੂਟਾ ਸਿੰਘ ਨੇ ਉਹਨਾਂ ਲੋਕਾਂ ਖ਼ਾਸ ਕਰਕੇ ਔਰਤਾਂ ਦੀ ਵਿਥਿਆ ਦੱਸੀ ਹੈ ਜੋ ਗ਼ਰੀਬੀ ਰੇਖਾ ਤੋਂ ਵੀ ਬਹੁਤ ਹੇਠਾਂ ਜੀਵਨ ਬਤੀਤ ਕਰ ਰਹੀਆਂ ਹਨ। ਆਪਣੇ ਪੇਟ ਦੀ ਭੁੱਖ ਮਿਟਾਉਣ ਦੇ ਲਈ ਉਹਨਾਂ ਨੂੰ ਨਾ ਚਾਹੁੰਦਿਆਂ ਵੀ ਅਜਿਹੇ ਕੰਮ ਕਰਨੇ ਪੈ ਜਾਂਦੇ ਹਨ ਜੋ ਉਹਨਾਂ ਦੇ ਸਵੈ-ਮਾਨ ਦੇ ਬਿਲਕੁਲ ਉਲਟ ਹੁੰਦੇ ਹਨ। ਮਾਈ ਸੱਧਰਾਂ ਅਤੇ ਉਸਦੀ ਨੂੰਹ ਜੋਮਾਂ ਨੂੰ ਘਰ ਚਲਾਉਣ ਲਈ, ਪਤੀ ਦੀ ਦਵਾਈ ਲਈ ਅਤੇ ਦੋ ਡੰਗ ਦੇ ਬਾਲਣ ਲਈ ਸਰੀਰਕ ਮਾਨਸਿਕ ਕਸ਼ਟ ਝੱਲਦਿਆਂ ਮਰਦਾਂ ਦੀ ਕਾਮੁਕ ਭੁੱਖ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਕਹਾਣੀਕਾਰ ਦੱਸਦਾ ਹੈ ਕਿ ਪੋਹ ਦੀ ਠੰਢੀ ਰਾਤ ਵਿੱਚ ਮਾਈ ਸੱਧਰਾਂ ਕੋਲੇ ਦੀ ਭਾਲ ਵਿੱਚ ਜਾਂਦੀ ਹੈ। ਯਾਰਡ ਵਿੱਚ ਕਬਰਸਤਾਨ ਵਰਗੀ ਚੁੱਪ ਹੈ। ਅਸਹਿ ਠੰਢ ਦੇ ਮੌਸਮ ਕਾਰਨ ਕੋਈ ਵੀ ਆਦਮੀ ਉੱਥੇ ਦਿਖਾਈ ਨਹੀਂ ਦਿੰਦਾ ਇਸ ਲਈ ਮਾਈ ਸੱਧਰਾਂ ਨੂੰ ਜਾਪਦਾ ਹੈ ਕਿ ਅੱਜ ਚੰਗਾ ਮੌਕਾ ਹੈ। ਸੱਧਰਾਂ ਨੂੰ ਯਾਰਡ ਵਿੱਚੋਂ ਕੋਲਾ ਚੁਗਦਿਆਂ ਕਈ ਵਰ੍ਹੇ ਹੋ ਗਏ ਸਨ, ਇਸ ਲਈ ਉਹ ਦਿੱਲੀ ਸਟੇਸ਼ਨ ਦੇ ਕਈ ਮੀਲ ਲੰਮੇ ਯਾਰਡ ਦੇ ਚੱਪੇ ਚੱਪੇ ਤੋਂ ਜਾਣੂੰ ਸੀ। ਉਸ ਨੂੰ ਇਹ ਵੀ ਪਤਾ ਸੀ ਕਿੱਥੇ ਲਾਈਨਾਂ ਦਾ ਕਰਾਸਿੰਗ ਏ, ਕਿੱਥੇ ਵੱਡਾ ਕਾਂਟਾ ਹੈ, ਕਿੱਥੇ ਛੋਟਾ ਕਾਂਟਾ ਹੈ, ਕਿੱਥੇ ਹੌਦੀ ਆਉਂਦੀ ਏ ਤੇ ਕਿੱਥੇ ਗੰਦੇ ਪਾਣੀ ਦਾ ਟੋਆ ਹੈ। ਉਹ ਇਹ ਵੀ ਜਾਣਦੀ ਸੀ ਕਿ ਜੇ ਕੋਲਾ ਚੁੱਕਦੀ ਪਿੱਛੇ ਕੋਈ ਵਾਚਮੈਨ ਭੱਜੇ ਤਾਂ ਉਸ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ, ਹੌਲਦਾਰ ਮਿਲ ਜਾਵੇ ਤਾਂ ਉਸ ਨਾਲ ਕਿਸ ਤਰ੍ਹਾਂ ਪੇਸ਼ ਆਉਣਾ ਹੈ। ਸੱਧਰਾਂ ਨੇ ਕਈ ਵਾਰ ਆਪਣੀ ਜਾਨ ਉੱਤੇ ਖੇਡ ਕੇ ਵੀ ਕੋਲਾ ਬਚਾਇਆ ਸੀ। ਮਾਈ ਸੱਧਰਾਂ ਨੂੰ ਕੋਲੇ ਦੇ ਲਈ ਜਿੱਥੇ ਕਈ ਵਾਰ ਆਪਣੀ ਜਾਨ ਜੋਖ਼ਮ ਵਿੱਚ ਪਾਉਣੀ ਪਈ ਉੱਥੇ ਹੀ ਉਸ ਨੂੰ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪਿਆ। ਮਾਈ ਸੱਧਰਾਂ ਉਹਨਾਂ ਵਹਿਸ਼ੀਆਂ ਨੂੰ ਫਿਟਕਾਰਦੀ ਹੋਈ ਕਹਿੰਦੀ ਹੈ ਕਿ , "ਕੁੱਤੇ, ਕਮੀਨੇ ਨਾ ਮਾਂ ਦੀ ਸ਼ਰਮ ਨਾ ਧੀ ਦੀ, ਇਹਨਾਂ ਔਤਰਿਆਂ ਨੂੰ ਤਾਂ ਮਾਸ ਚਾਹੀਦਾ

ਹੈ। ਚਾਹੇ ਉਹ ਬੁੱਢਾ ਹੋਵੇ ਜਾਂ ਜਵਾਨ। ਖਾਣ ਵਾਲੇ ਨੂੰ ਕੀ? ਉਹਨਾਂ ਤਾਂ ਆਪਣਾ ਝੱਸ ਪੂਰਾ ਕਰਨਾ ਹੁੰਦਾ ਏ...ਪਤਾ ਉਸ ਨੂੰ ਲਗਦਾ ਏ, ਜਿਸ ਦੇ ਹੱਡ ਕੜਕਾਏ ਜਾਣ...ਪਰ ਹੁਣ ਤਾਂ ਕੋਈ ਉਸ ਵੱਲ ਤੱਕਦਾ ਵੀ ਨਹੀਂ, ਸਭ ਝਿੜਕ ਝਿੜਕ ਪੈਂਦੇ ਨੇ, ਧੱਕੇ ਮਾਰਦੇ ਨੇ।"

**ਸਵੈ-ਮੁਲਾਂਕਣ ਪ੍ਰਸ਼ਨ**

3. ਮਾਈ ਸੱਧਰਾਂ ਕਹਾਣੀ ਦਾ ਮੁੱਖ ਵਿਸ਼ਾ ਕੀ ਹੈ?

   ......................................................................................................

   ......................................................................................................

4. ਕਹਾਣੀ ਵਿੱਚ ਦਰਜ ਔਰਤ ਪਾਤਰਾਂ ਦੇ ਨਾਮ ਦੱਸੋ?

   ......................................................................................................

   ......................................................................................................

ਮਾਈ ਸੱਧਰਾਂ ਨੇ ਪਤੀ ਦੀ ਮੌਤ ਪਿੱਛੋਂ ਬਹੁਤ ਮਿਹਨਤ ਨਾਲ ਪੁੱਤਰ ਬੁਦਨ ਨੂੰ ਕਾਬਿਲ ਬਣਾਇਆ ਸੀ। ਉਸ ਦਾ ਵਿਆਹ ਕੀਤਾ ਸੀ ਇਸ ਆਸ ਵਿੱਚ ਕਿ ਹੁਣ ਉਹ ਆਰਾਮ ਦੀ ਜ਼ਿੰਦਗੀ ਜੀ ਸਕੇਗੀ। ਪਰੰਤੂ ਸਾਰਾ ਪੈਸਾ ਬੁਦਨ ਦੀ ਬਿਮਾਰੀ ਵਿੱਚ ਹੀ ਖ਼ਰਚ ਹੋ ਗਿਆ। ਇਸ ਲਈ ਮਾਈ ਸੱਧਰਾਂ ਉੱਪਰ ਹੀ ਸਾਰੇ ਘਰ ਦੀ ਜ਼ਿੰਮੇਵਾਰੀ ਆਣ ਪਈ। ਕੋਲੇ ਚੁਗਣਾ ਹੀ ਮਾਈ ਸੱਧਰਾਂ ਦੇ ਘਰ ਦਾ ਤੋਰੀ-ਫੁਲਕਾ ਤੋਰਨ ਦਾ ਸਾਧਨ ਹੈ। ਇਸ ਲਈ ਮਾਈ ਸੱਧਰਾਂ ਨੂੰ ਕੱਚੇ ਕੋਲੇ ਦੇ ਢੇਰ ਵੀ ਸੋਨੇ ਦੇ ਢੇਰ ਜਾਪਦੇ ਹਨ, ਕਿਉਂਕਿ ਇਹ ਕੋਲੇ ਦੇ ਢੇਲੇ ਚੁਰਾ ਕੇ ਬੁਦਨ ਦੀ ਦਵਾਈ, ਕਾਕੇ ਲਈ ਚੌਲ ਤੇ ਨੂੰਹ ਸੱਸ ਦੇ ਢਿੱਡਾਂ ਲਈ ਮੱਕੀ ਦਾ ਆਟਾ ਆਵੇਗਾ। ਇਸ ਲਈ ਅੱਜ ਉਸ ਨੂੰ ਲਗਦਾ ਹੈ ਕਿ ਵੇਖਣ ਵਾਲਾ ਕੋਈ ਨਹੀਂ ਇਸ ਲਈ ਉਹ ਦੋ ਗੇੜੇ ਲਾਵੇਗੀ। 'ਕੱਚੇ ਕੋਲੇ ਦੇ ਦੋ ਫੇਰੇ ਘਰ ਦੇ ਸਾਰੇ ਜੀਆਂ ਦੀ ਦੋ ਦਿਨਾਂ ਦੀ ਖ਼ੁਰਾਕ ਨੇ, ਅੱਜ ਵੇਲਾ ਹੈ, ਐਡੀ ਠੰਢੀ ਰਾਤ ਵਿਚ ਕੋਈ ਬਾਹਰ ਨਹੀਂ ਨਿਕਲ ਸਕਦਾ।'

ਮਾਈ ਸੱਧਰਾਂ ਕੋਲੇ ਨੂੰ ਪਾਉਂਦਿਆਂ ਪਾਉਂਦਿਆਂ ਜ਼ਖ਼ਮੀ ਹੋ ਜਾਂਦੀ ਹੈ। ਉਸ ਦੇ ਪੈਰ ਦੀ ਤਲੀ ਵਿੱਚ ਕੋਈ ਤਿੱਖੀ ਚੀਜ਼ ਖੁੱਭ ਜਾਂਦੀ ਹੈ ਤੇ ਉਹ ਲਹੂ ਲੁਹਾਣ ਪੈਰ ਘਸੀਟ ਕੇ ਤੁਰਦੀ ਜਾਂਦੀ ਹੈ। ਜ਼ਖ਼ਮ ਦੀ ਪੀੜ ਬਹੁਤ ਅਸਹਿਣਯੋਗ ਹੈ ਪਰ ਮਾਈ ਸੱਧਰਾਂ ਫਿਰ ਵੀ ਕੋਈ ਚੀਕ ਨਹੀਂ ਮਾਰਦੀ ਕਿਉਂਕਿ ਉਸ ਨੂੰ ਕਿਸੇ ਚੌਕੀਦਾਰ ਦੇ ਆਉਣ ਦਾ ਵੀ ਡਰ ਹੈ। ਜ਼ਖ਼ਮੀ ਹੋਣ ਕਾਰਨ ਅੱਜ ਮਾਈ ਸੱਧਰਾਂ ਕੋਲਾ ਲੈ ਕੇ ਜਾਣ ਵਿੱਚ ਨਾਕਾਮਯਾਬ ਰਹਿੰਦੀ ਹੈ ਜਿਸ ਕਾਰਨ ਉਸ ਦੀ ਨੂੰਹ ਜੋਮਾਂ ਉਸ ਨੂੰ ਬੁਰਾ-ਭਲਾ ਬੋਲਦੀ ਹੈ। ਜੋਮਾਂ ਮਾਈ ਸੱਧਰਾਂ ਨੂੰ ਖਾਲੀ ਹੱਥ ਵੇਖ ਕੇ ਕਹਿੰਦੀ ਹੈ ਕਿ, "ਇਹ ਬੁੱਢੀ ਡੈਣ ਨਾ ਮਰਦੀ ਏ ਨਾ ਪਿੱਛਾ ਛੱਡਦੀ ਏ। ਮੂੰਹ ਹਨੇਰੇ ਦੀ ਰੋਂਦੀ ਨਿੱਕਲੀ ਖਾਲੀ ਰੋਂਦੀ ਘਰ ਆ ਵੜੀ। ਮਕਰੀ, ਫਰੇਬਣ, ਕਿਤੇ ਹੱਡ ਨਾ ਹਿੱਲ ਜਾਏ ਫੂਲਾਂਜ਼ਾਦੀ ਦਾ। ਕਿੰਨੀ ਵਾਰੀ ਪਿੱਟਿਆਂ ਤੂੰ ਨਾ ਜਾਇਆ ਮਰਿਆ ਕਰ। ਹੁਣ ਤੈਥੋਂ ਕੁਝ ਨਹੀਂ ਹੁੰਦਾ ਤੇ ਘਰ ਬੈਠ ਕੇ ਰੋਟੀ ਫੁੱਟਿਆ ਕਰ ਪਰ ਇਹ ਬੀਬੀ ਸਤਰੋ, ਵੱਡੀਆਂ ਸ਼ਰਮਾਂ ਵਾਲੀ ਮੈਨੂੰ ਬਾਹਰ ਨਿਕਲਣ ਹੀ ਨਹੀਂ ਦਿੰਦੀ। ਜਿਵੇਂ ਮੈਂ ਪਤਾਸਾ ਹਾਂ, ਜਿਸ ਨੂੰ ਕੋਈ ਮੂੰਹ ਵਿਚ ਪਾ ਲਏਗਾ। ਅੱਜ ਮਰੋ ਸਾਰਾ ਟੱਬਰ ਭੁੱਖੇ। ਘਰ ਆਟੇ ਦੀ ਚੂੰਡੀ ਨਹੀਂ...।"

ਮਾਈ ਸੱਧਰਾਂ ਰੋਂਦੀ ਰਹਿੰਦੀ ਹੈ ਪਰ ਜੋਮਾਂ ਨੂੰ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦੀ। ਜੋਮਾਂ ਖਿਝ ਕੇ ਆਖਦੀ ਹੈ ਕਿ, "ਕੱਲ੍ਹ ਸਵੇਰੇ ਮੈਂ ਆਪ ਕੋਲਾ ਲੈਣ ਜਾਵਾਂਗੀ...ਵੇਖੀਂ ਬੋਰੀ ਭਰ ਕੇ ਲਿਆਵਾਂਗੀ।" ਜੋਮਾਂ ਨੂੰ ਲੱਗਦਾ ਹੈ ਕਿ ਮਾਈ ਸੱਧਰਾਂ ਜਾਣ ਬੁੱਝ ਕੇ ਨਹੀਂ ਕੰਮ ਨਹੀਂ ਕਰਦੀ। ਦਰਅਸਲ ਮਾਈ ਸੱਧਰਾਂ ਇਕ ਖ਼ੁਦਾਰ ਔਰਤ ਹੈ ਉਹ ਨਹੀਂ ਚਾਹੁੰਦੀ ਕਿ ਜਿਸ ਸ਼ੋਸ਼ਣ ਦਾ ਸ਼ਿਕਾਰ ਉਸ ਨੂੰ ਹੋਣ ਪਿਆ ਹੈ ਉਸ ਦੀ ਨੂੰਹ ਨੂੰ ਵੀ ਉਸ

ਨਰਕ ਨੂੰ ਵੇਖਣਾ ਪਵੇ। ਇਸ ਲਈ ਉਹ ਨੂੰਹ ਨੂੰ ਬਾਹਰ ਨਿਕਲਣ ਤੋਂ ਵਰਜਦੀ ਹੈ ਜਿਸ ਨੂੰ ਜੋਮਾਂ ਸਮਝਣ ਤੋਂ ਅਸਮਰਥ ਹੈ। ਮਾਈ ਸੱਧਰਾਂ ਜੋਮਾਂ ਦੇ ਤਾਅਨੇ ਸੁਣ ਕੇ ਮਨ ਵਿੱਚ ਸੋਚਦੀ ਹੈ ਕਿ, "ਉਸ ਨੂੰ ਪਤਾ ਨਹੀਂ ਕਿ ਯਾਰਡ ਵਿਚੋਂ ਕੋਲਾ ਲਿਆਉਣਾ ਕੋਈ ਸੌਖਾ ਕੰਮ ਨਹੀਂ। ਆਪਣਾ ਸਭ ਕੁਝ ਲੁਟਾ ਕੇ ਕੋਲੇ ਦੇ ਦੋ ਢੇਲੇ ਮਿਲਦੇ ਨੇ।''

ਮਾਈ ਸੱਧਰਾਂ ਸੋਚਾਂ ਸੋਚਦੀ ਹੋਈ ਜ਼ਖ਼ਮੀ ਹਾਲਤ ਵਿੱਚ ਹੀ ਸੌਂ ਜਾਂਦੀ ਹੈ। ਜਦ ਉਸ ਦੀ ਜਾਗ ਖੁੱਲ੍ਹਦੀ ਹੈ ਤਾਂ ਉਹ ਵੇਖਦੀ ਹੈ ਕਿ ਜੋਮਾਂ ਝੁੱਗੀ ਅੰਦਰ ਨਹੀਂ ਹੈ ਤੇ ਲੋਹੇ ਦੀ ਪੱਤਰੀ ਤੇ ਖਾਲੀ ਬੋਰੀ ਵੀ ਉੱਥੇ ਨਹੀਂ ਹੈ। ਉਸ ਦਾ ਦਿਲ ਡਰ ਨਾਲ ਧੜਕਣ ਲੱਗ ਪੈਂਦਾ ਹੈ। ਉਸ ਦੇ ਮੱਥੇ ਉੱਤੇ ਠੰਢੀਆਂ ਤਰੇਲੀਆਂ ਆਉਣ ਲਗਦੀਆਂ ਹਨ ਜਿਵੇਂ ਉਸ ਨੂੰ ਕਿਸੇ ਅਣਹੋਣੀ ਵਾਪਰਨ ਦਾ ਡਰ ਹੋਵੇ। ਮਾਈ ਸੱਧਰਾਂ ਕਿੰਨੀ ਹੀ ਦੇਰ ਦਰਵਾਜ਼ੇ ਵੱਲ ਵੇਖਦੀ ਰਹਿੰਦੀ ਹੈ ਤੇ ਉਸ ਨੂੰ ਹਰ ਲੰਘਣ ਵਾਲੇ ਵਿੱਚ ਆਪਣੀ ਨੂੰਹ ਦਾ ਭੁਲੇਖਾ ਪੈਂਦਾ ਲੱਗਦਾ ਹੈ। ਥੋੜ੍ਹੀ ਦੇਰ ਬਾਅਦ ਜੋਮਾਂ ਆਉਂਦੀ ਹੈ ਤੇ ਕੋਲਿਆਂ ਦਾ ਗੱਟਾ ਮਾਈ ਸੱਧਰਾਂ ਦੇ ਸਾਹਵੇਂ ਲਿਆ ਕੇ ਸੁੱਟਦੀ ਹੈ। ਦੋਹਾਂ ਨੂੰਹਾਂ ਨੇ ਇਕ ਦੂਜੀ ਦੀਆਂ ਅੱਖਾਂ ਵਿੱਚ ਤੱਕਿਆ। ਜੋਮਾਂ ਦੀ ਡੁੱਲ੍ਹੀਆਂ ਅੱਖਾਂ ਉੱਪਰ ਨਹੀਂ ਸਨ ਉੱਠ ਰਹੀਆਂ। ਮਾਈ ਸੱਧਰਾਂ ਨੂੰ ਗ਼ਸ਼ੀ ਜਿਹੀ ਆ ਗਈ ਜਦ ਉਸ ਨੇ ਆਪਣੀ ਨੂੰਹ ਦੇ ਖਿੱਲਰੇ ਵਾਲ, ਭਰੀਆਂ ਅੱਖਾਂ ਤੇ ਪਾਟੀ ਕਮੀਜ਼ ਵੇਖੀ। ਸੱਧਰਾਂ ਨੂੰ ਜਾਪਿਆ ਉਹੀ ਅਣਹੋਣੀ ਵਾਪਰ ਗਈ ਹੈ ਜਿਸ ਦਾ ਉਸ ਨੂੰ ਡਰ ਸੀ। ਮਾਈ ਸੱਧਰਾਂ ਨੂੰ ਇਉਂ ਲੱਗਿਆ ਜਿਵੇਂ ਉਸ ਦੀ ਨੂੰਹ ਕੋਲਾ ਲੈ ਕੇ ਨਹੀਂ ਆਈ ਸਗੋਂ ਘੋਲ ਘੁਲ ਕੇ ਆਈ ਹੈ।

**ਆਲੋਚਨਾਤਮਿਕ ਪਰਖ**

ਮਾਈ ਸੱਧਰਾਂ ਇੱਕ ਪਾਤਰ ਪ੍ਰਧਾਨ ਕਹਾਣੀ ਹੈ ਇਸ ਲਈ ਇਸ ਦਾ ਸਿਰਲੇਖ ਵੀ 'ਮਾਈ ਸੱਧਰਾਂ' ਬਿਲਕੁਲ ਢੁਕਵਾਂ ਹੈ। ਕਹਾਣੀਕਾਰ ਨੇ ਸਮਾਜ ਵਿਚਲੀ ਉਸ ਧਿਰ ਨੂੰ ਕਹਾਣੀ ਦਾ ਆਧਾਰ ਬਣਾਇਆ ਹੈ ਜਿਸ ਨੂੰ ਆਧੁਨਿਕ ਸਮਾਜ ਵਿੱਚ ਵੀ ਦੋ ਵੇਲੀ ਦੀ ਰੋਟੀ ਲਈ ਆਪਣਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਵਾਉਣਾ ਪੈਂਦਾ ਹੈ। ਖ਼ਾਸ ਤੌਰ ਤੇ ਇਸ ਕਹਾਣੀ ਵਿਚਲੀਆਂ ਔਰਤ ਪਾਤਰਾਂ ਨੂੰ ਆਪਣੇ ਪਰਿਵਾਰ ਦੀ ਪੇਟ ਦੀ ਭੁੱਖ ਮਿਟਾਉਣ ਦੇ ਲਈ ਕਿਸੇ ਦੇ ਜਿਸਮ ਦੀ ਭੁੱਖ ਮਿਟਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਕਹਾਣੀ ਵਿਚਲੀਆਂ ਦੋਵੇਂ ਔਰਤ ਪਾਤਰ ਇੱਕੋ ਜਿਹੀ ਹੋਣੀ ਅਤੇ ਤ੍ਰਾਸਦੀ ਭੋਗਦੀਆਂ ਹਨ। ਕਹਾਣੀਕਾਰ ਨੇ ਮਾਈ ਸੱਧਰਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਜਿਵੇਂ ਉਸ ਦਾ ਪਤੀ ਦੀ ਮੌਤ ਬਾਅਦ ਪੁੱਤਰ ਨੂੰ ਕਾਬਿਲ ਬਣਾਉਣ, ਪੁੱਤਰ ਦਾ ਵਿਆਹ ਕਰਨ, ਪੋਤੇ ਦੀ ਪਰਵਰਿਸ਼ ਕਰਨਾ, ਨੂੰਹ ਸਮੇਤ ਸਮੁੱਚੇ ਪਰਿਵਾਰ ਦਾ ਪੇਟ ਭਰਨਾ, ਬੁਦਨ ਦੀ ਦਵਾਈ ਆਦਿ ਲਈ ਆਪਣਾ ਆਪ ਕੁਰਬਾਨ ਕਰਨ ਦੀ ਭਾਵਨਾ ਨੂੰ ਵਿਅਕਤ ਕੀਤਾ ਹੈ। ਆਪਣੀ ਘਰ ਦੀ ਇੱਜ਼ਤ ਭਾਵ ਨੂੰਹ ਨੂੰ ਬਚਾ ਕੇ ਰੱਖਣਾ ਉਸ ਦੇ ਇਕ ਖ਼ੁਦਗ਼ਰਜ਼ ਤੇ ਇੱਜ਼ਤਦਾਰ ਔਰਤ ਹੋਣ ਦਾ ਪ੍ਰਮਾਣ ਦਿੰਦਾ ਹੈ ਪਰੰਤੂ ਤ੍ਰਾਸਦੀ ਇਹ ਹੈ ਕਿ ਘਰੇਲੂ ਹਾਲਤਾਂ ਦੀ ਮਾਰ ਕਾਰਨ ਉਹ ਉਸ ਨੂੰ ਬਚਾਉਣ ਵਿੱਚ ਕਾਮਯਾਬ ਨਹੀਂ ਹੁੰਦੀ। ਮਾਈ ਸੱਧਰਾਂ ਕਹਾਣੀ ਮੂਲ ਰੂਪ ਵਿੱਚ ਇੱਕ ਔਰਤ ਦੇ ਸਬਰ, ਸੰਘਰਸ਼, ਮਿਹਨਤ, ਮਮਤਾ, ਤਿਆਗ ਅਤੇ ਕਿਰਦਾਰ ਦਾ ਮਹੱਤਵਪੂਰਨ ਦਸਤਾਵੇਜ਼ ਹੈ।

### 1.9.3.2 ਜਸਵੰਤ ਸਿੰਘ ਵਿਰਦੀ ਨਾਲ ਜਾਣ-ਪਛਾਣ, ਕਹਾਣੀ 'ਆਪਣੀ ਆਪਣੀ ਸੀਮਾ' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ

**ਲੇਖਕ ਨਾਲ ਜਾਣ-ਪਛਾਣ**

ਜਸਵੰਤ ਸਿੰਘ ਵਿਰਦੀ (7 ਮਈ 1934-31 ਮਈ 1992) ਨਵੇਂ ਪੋਚ ਦਾ ਸਿਰਕੱਢ ਕਹਾਣੀਕਾਰ ਹੈ। ਜਸਵੰਤ ਵਿਰਦੀ ਨੇ ਕਹਾਣੀ ਤੋਂ ਇਲਾਵਾ ਨਾਵਲ, ਵਾਰਤਕ, ਬਾਲ ਸਾਹਿਤ ਅਤੇ ਹਿੰਦੀ ਭਾਸ਼ਾ ਵਿੱਚ ਵੀ ਸਾਹਿਤ ਰਚਨਾ

ਕੀਤੀ ਹੈ। ਜਸਵੰਤ ਸਿੰਘ ਵਿਰਦੀ ਆਪਣੇ ਅਨੁਭਵ ਪ੍ਰਤੀ ਨਿਰਭਾਵ, ਆਪਣੀ ਪ੍ਰਗਟਾ-ਵਿਧੀ ਪ੍ਰਤੀ ਸੁਚੇਤ ਹੈ। ਉਸ ਦੀ ਵਿਕਾਸ ਯਾਤਰਾ ਨਿਰੰਤਰ ਪ੍ਰਯੋਗ ਦੀ ਹਾਮੀ ਭਰਦੀ ਹੈ। ਉਸ ਦੀ ਨਿਸ਼ਚਿਤ ਪ੍ਰਸਿੱਧੀ ਦਾ ਆਧਾਰ ਉਸ ਦੀ ਪ੍ਰਤੀਆਤਮਿਕ ਕਹਾਣੀ 'ਤਾਰੇ ਤੋੜਣਾ' ਹੈ। ਸਹਿਜੇ ਸਹਿਜੇ ਉਸ ਨੇ ਆਪਣੀ ਕਹਾਣੀ ਨੂੰ ਘਟਨਾ ਅਤੇ ਚਰਿੱਤਰ ਦੇ ਬੰਧਨ ਤੋਂ ਮੁਕਤ ਕੀਤਾ ਹੈ। ਜਸਵੰਤ ਵਿਰਦੀ ਦੀ ਕਹਾਣੀ ਵਿੱਚ ਘਟਨਾ ਜਾਂ ਚਰਿੱਤਰ ਨੂੰ ਸੁਤੰਤਰ ਰੂਪ ਵਿੱਚ ਨਹੀਂ ਪੇਸ਼ ਕੀਤਾ ਜਾਂਦਾ ਸਗੋਂ ਸੰਜੁਗਤ ਜ਼ਿੰਦਗੀ ਨੂੰ ਅਨਾਤਮ ਅਤੇ ਨਿਰਭਾਵ ਦ੍ਰਿਸ਼ਟੀ ਨਾਲ ਪੇਸ਼ ਕੀਤਾ ਗਿਆ ਹੈ ਇਹੋ ਵਿਰਦੀ ਕਹਾਣੀ ਦੀ ਨਿੱਜੀ ਵਿਲੱਖਣਤਾ ਹੈ। ਜਸਵੰਤ ਸਿੰਘ ਵਿਰਦੀ ਨੇ 'ਪੀੜ ਪਰਾਈ', 'ਆਪਣੀ ਆਪਣੀ ਸੀਮਾ', 'ਗ਼ਮ ਦਾ ਸਾਕ', 'ਪਾਵਰ ਹਾਊਸ', 'ਨਦੀ ਦਾ ਪਾਣੀ', 'ਸੜਕਾਂ ਦਾ ਦਰਦ', 'ਖ਼ੂਨ ਦੇ ਹਸਤਾਖ਼ਰ', 'ਅੱਧੀ ਸਦੀ ਦਾ ਫ਼ਰਕ', ਅਤੇ 'ਤਪਦੀ ਮਿੱਟੀ' ਆਦਿ ਕਹਾਣੀ ਸੰਗ੍ਰਹਿ ਲਿਖ ਕੇ ਪੰਜਾਬੀ ਸਾਹਿਤ ਵਿੱਚ ਵਾਧਾ ਕੀਤਾ ਹੈ।

### ਕਹਾਣੀ ਦਾ ਸਾਰ/ਵਿਸ਼ਾ-ਵਸਤੂ

'ਆਪਣੀ ਆਪਣੀ ਸੀਮਾ' ਵਿੱਚ ਸੰਕ੍ਰਾਤੀਕਾਲੀਨ ਜੀਵਨ ਦਾ ਸਹਿਜ ਨਿਰਭਾਵ ਚਿਤਰਨ ਹੋਇਆ ਹੈ। ਇਹ ਨਾ ਸ਼ੁੱਧ ਇਸਤ੍ਰੀ ਕਹਾਣੀ ਹੈ, ਨਾ ਪੁਰਖ-ਕਹਾਣੀ ਤੇ ਨਾ ਹੀ ਸਮੱਸਿਆ ਨੂੰ ਨਿਰੋਲ ਇਸਤ੍ਰੀ ਜਾਂ ਨਿਰੋਲ ਪੁਰਖ ਦ੍ਰਿਸ਼ਟੀਕੋਣ ਥਾਣੀ ਵੇਖਣ ਦਾ ਯਤਨ ਕੀਤਾ ਗਿਆ ਹੈ। ਇਸ ਕਹਾਣੀ ਵਿੱਚ ਦੋਹਾਂ ਮਰਦ ਅਤੇ ਇਸਤ੍ਰੀ ਦੇ ਦ੍ਰਿਸ਼ਟੀਕੋਣ ਦਾ ਸਮਝੌਤਾ ਕਰਾਉਣ ਦਾ ਵੀ ਯਤਨ ਨਹੀਂ ਕੀਤਾ ਗਿਆ। ਇਹ ਖ਼ਾਲਸ ਆਧੁਨਿਕ ਭਾਵ-ਬੋਧ ਹੈ, ਜਿੱਥੇ ਵਿਅਕਤੀਕ੍ਰਿਤ ਮਾਨਵ ਆਪੋ ਆਪਣੀ ਸੀਮਾ ਵਿੱਚ ਪੇਸ਼ ਹੋ ਰਹੇ ਹਨ। ਕਹਾਣੀ ਵਿਚਲੇ ਦੋਵੇਂ ਪਾਤਰ ਪਤੀ-ਪਤਨੀ ਹਨ ਜੋ ਔਰਤ ਦੇ ਨੌਕਰੀ ਪੇਸ਼ ਹੋਣ ਸੰਬੰਧੀ ਆਪੋ-ਆਪਣੀ ਸੀਮਾ ਵਿੱਚ ਰਹਿ ਕੇ ਤਰਕ ਪੇਸ਼ ਕਰਦੇ ਹਨ।

ਕਹਾਣੀ ਵਿੱਚ ਕਹਾਣੀਕਾਰ ਦੱਸਦਾ ਹੈ ਕਿ ਦਰਸ਼ੀ ਤੇ ਉਸ ਦਾ ਪਤੀ ਜੋ ਦੋਵੇਂ ਪੜ੍ਹੇ ਲਿਖੇ ਹਨ। ਦੋਵੇਂ ਚਾਹ ਪੀਣ ਲਈ ਇਕੱਠਿਆਂ ਬੈਠੇ ਹੁੰਦੇ ਹਨ। ਉਸ ਸਮੇਂ ਦਰਸ਼ੀ ਪਤੀ ਨੂੰ ਦੱਸਦੀ ਹੈ ਕਿ ਉਸ ਦੀ ਗੁਆਂਢਣ ਕੀਰਤੀ ਨੇ ਸਕੂਲ ਵਿੱਚ ਨੌਕਰੀ ਸ਼ੁਰੂ ਕਰ ਲਈ ਹੈ। ਦਰਸ਼ੀ ਦਾ ਪਤੀ ਇਹ ਸੁਣ ਕੇ ਖਿਝ ਜਾਂਦਾ ਹੈ ਤੇ ਕਹਿੰਦਾ ਹੈ ਬਹੁਤ ਬੁਰਾ ਹੋਇਆ। ਦਰਸ਼ੀ ਜਦੋਂ ਤਲਖ਼ ਹੋ ਕੇ ਪੁੱਛਦੀ ਹੈ ਕਿ ਬੁਰ ਕਿੱਦਾਂ ਹੋਇਆ ਤਾਂ ਉਸ ਦਾ ਪਤੀ ਮਾਹੌਲ ਨੂੰ ਸੁਖਾਵਾਂ ਬਣਾਉਣ ਦੇ ਯਤਨ ਨਾਲ ਕਹਿੰਦਾ ਹੈ ਕਿ, "ਔਰਤ ਦਾ ਨੌਕਰੀ ਕਰਨਾ ਬੜਾ ਖ਼ਤਰਨਾਕ ਹੈ। ਅੱਜ ਜਿੰਨੀ ਬੁਰੀ ਹਾਲਤ ਨੌਕਰੀ ਪੇਸ਼ਾ ਔਰਤਾਂ ਦੀ ਹੈ, ਹੋਰ ਕਿਸੇ ਦੀ ਨਹੀਂ।" ਦਰਸ਼ੀ ਉਸ ਨਾਲ ਬਹਿਸ ਕਰਨ ਉਪਰੰਤ ਹਾਰੀ ਹੋਈ ਮਹਿਸੂਸ ਕਰਦੀ ਤੇ ਉਸ ਦਾ ਨੌਕਰੀ ਕਰਨ ਦਾ ਸੁਪਨਾ ਉਸ ਨੂੰ ਟੁੱਟਦਾ ਪ੍ਰਤੀਤ ਹੁੰਦਾ ਹੈ।

ਕਹਾਣੀ ਵਿੱਚ ਕਹਾਣੀਕਾਰ ਨੇ ਪਤੀ-ਪਤਨੀ ਵਿੱਚ ਝਗੜਾ ਨਹੀਂ ਦਿਖਾਇਆ। ਕਹਾਣੀਕਾਰ ਇਹ ਦਿਖਾਉਣਾ ਚਾਹੁੰਦਾ ਹੈ ਕਿ ਦੋਵਾਂ ਵਿੱਚ ਪਿਆਰ ਤਾਂ ਹੈ ਪਰੰਤੂ ਆਧੁਨਿਕਤਾ ਕਾਰਨ ਤੇਜ਼ੀ ਨਾਲ ਬਦਲ ਰਹੀਆਂ ਪਦਾਰਥਿਕ ਤੇ ਸਮਾਜਿਕ ਤਬਦੀਲੀਆਂ ਨਾਲ ਖ਼ੁਦ ਨੂੰ ਮੇਚ ਕੇ ਚੱਲਣ ਲਈ ਅਜੇ ਦਰਸ਼ੀ ਦਾ ਪਤੀ ਤਿਆਰ ਨਹੀਂ ਹੈ। ਇਸ ਲਈ ਉਹ ਪਤਨੀ ਨੂੰ ਨਿਰਾਸ਼ ਕਰਨ ਦੀ ਥਾਂ ਕਦੇ ਕਦੇ ਉਸਦੇ ਸੁਪਨਿਆਂ ਦੇ ਹੱਕ ਵਿੱਚ ਹਾਮੀ ਭਰਦਾ ਵੀ ਦਿਖਾਈ ਦਿੰਦਾ ਹੈ ਜਦੋਂ ਉਹ ਕਹਿੰਦਾ ਹੈ ਕਿ, "ਮੇਰੀ ਪਿਆਰੀ। ਭਾਵੇਂ ਮੈਂ ਔਰਤ ਦੀ ਨੌਕਰੀ ਦੇ ਹੱਕ ਵਿੱਚ ਨਹੀਂ, ਪਰ ਮੈਂ ਲਗਾਤਾਰ ਕੋਸ਼ਿਸ਼ ਕਰ ਰਿਹਾ ਹਾਂ ਕਿ ਤੈਨੂੰ ਜ਼ਰੂਰ ਨੌਕਰੀ ਮਿਲ ਜਾਵੇ। ਮੈਂ ਜਾਣਦਾ ਹਾਂ ਕਿ ਤੂੰ ਸਾਰਾ ਦਿਨ ਘਰ ਇਕੱਲੀ ਬੋਰ ਹੋ ਜਾਂਦੀ ਹੈਂ। ਨੌਕਰੀ ਕਰਨ ਨਾਲ ਤੇਰੀ ਸ਼ਖ਼ਸੀਅਤ ਵੀ ਤਾਂ ਵਿਕਸਤ ਹੋ

ਜਾਵੇਗੀ।" ਦਰਸ਼ੀ ਦਾ ਵੀ ਇਹੋ ਮੰਨਣਾ ਹੈ ਕਿ ਜਦੋਂ ਤੱਕ ਔਰਤ ਨੌਕਰੀ ਨਹੀਂ ਕਰਦੀ ਉਸ ਅੰਦਰ ਸਵੈ-ਮਾਨ ਦਾ ਜਜ਼ਬਾ ਉੱਭਰ ਹੀ ਨਹੀਂ ਸਕਦਾ।

ਕਹਾਣੀ ਵਿੱਚ ਦਰਸ਼ੀ ਦੇ ਪਤੀ ਦੁਆਰਾ ਉਸ ਨੂੰ ਨੌਕਰੀ ਕਰਨ ਤੋਂ ਰੋਕਣਾ ਉਸ ਦੀ ਪਿਛਾਂਹ-ਖਿਚੂ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਉਸ ਨੂੰ ਲੱਗਦਾ ਹੈ ਕਿ ਜੇਕਰ ਉਸ ਦੀ ਪਤਨੀ ਨੌਕਰੀ ਲੱਗ ਜਾਵੇਗੀ ਤਾਂ ਉਹ ਉਸ ਦੇ ਹੱਥੋਂ ਨਿਕਲ ਜਾਵੇਗੀ ਸਗੋਂ ਉਸ ਨੂੰ ਆਪਣੇ ਅਧੀਨ ਦਬਾ ਕੇ ਰੱਖੇਗੀ। ਦਰਸ਼ੀ ਦੇ ਨੌਕਰੀ ਲੱਗਣ ਨਾਲ ਉਸ ਦਾ ਸਨਮਾਨ ਸਮਾਜ ਵਿੱਚ ਘੱਟ ਹੋ ਜਾਵੇਗਾ। ਦਰਸ਼ੀ ਦਾ ਪਤੀ ਅਖ਼ਬਾਰ ਵਿੱਚ ਇਕ ਖ਼ਬਰ ਪੜ੍ਹ ਕੇ ਹੋਰ ਵੀ ਚਿੰਤਤ ਹੋ ਜਾਂਦਾ ਹੈ, "ਇਹ ਖ਼ਬਰ ਇੱਕ ਅਜਿਹੀ ਔਰਤ ਬਾਰੇ ਹੁੰਦੀ ਹੈ ਜਿਹੜੀ ਨੌਕਰੀ ਕਰਦੀ ਕਰਦੀ ਆਪਣੇ ਦਫ਼ਤਰ ਵਿਚ ਹੀ ਕਿਸੇ ਅਸਿਸਟੈਂਟ ਨਾਲ ਪ੍ਰੇਮ ਬੰਧਨ ਵਿੱਚ ਬੱਝ ਕੇ ਕਿਸੇ ਹੋਰ ਸ਼ਹਿਰ ਚਲੀ ਜਾਂਦੀ ਹੈ। ਜਦ ਇਹ ਖ਼ਬਰ ਮੈਂ ਚਟਕਾਰੇ ਲੈ ਕੇ ਦਰਸ਼ੀ ਨੂੰ ਸੁਣਾਉਂਦਾ ਹਾਂ ਤਾਂ ਉਸ ਦਾ ਰੰਗ ਪੀਲਾ ਪੈ ਜਾਂਦਾ ਹੈ, ਹੱਥ ਕੰਬ ਕੰਬ ਜਾਂਦੇ ਨੇ ਤੇ ਆਪ ਉਹ ਕਾਹਲੀ ਨਾਲ ਅਖ਼ਬਾਰ ਦੀਆਂ ਸਤਰਾਂ ਤੇ ਨਜ਼ਰ ਦੜਾਉਂਦੀ ਹੈ। ਜਿਉਂ ਜਿਉਂ ਦਰਸ਼ੀ ਦੇ ਚਿਹਰੇ ਦਾ ਰੰਗ ਪੀਲਾ ਹੁੰਦਾ ਜਾਂਦਾ ਹੈ, ਮੈਂ ਜਿਵੇਂ ਮਸਤ ਹੁੰਦਾ ਜਾਂਦਾ ਹਾਂ ਤੇ ਦਰਸ਼ੀ ਜਿਵੇਂ ਬੇਚੈਨੀ ਦੀ ਸੂਲੀ ਤੇ ਲਟਕ ਰਹੀ ਹੋਵੇ। ਦਰਸ਼ੀ ਦਾ ਪਤੀ ਉਸ ਉੱਪਰ ਹੋਰ ਤਿੱਖੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ, "ਮੰਨਿਆ ਵਿਗਿਆਨ ਨੇ ਬੜੀ ਤਰੱਕੀ ਕੀਤੀ ਹੈ। ਅੱਜ ਸਪੂਤਨਿਕ ਵੀ ਚੰਨ ਤਕ ਪਹੁੰਚਣ ਲਈ ਤਿਆਰ ਹਨ, ਔਰਤਾਂ ਨੂੰ ਬਰਾਬਰੀ ਦੇ ਹੱਕ ਵੀ ਮਿਲ ਗਏ ਹਨ, ਪਰ ਫ਼ਾਇਦਾ ਕੀ? ਜਦ ਤਕ ਔਰਤਾਂ ਦੀ ਜ਼ਿੰਦਗੀ 'ਚ ਆਚਰਨ ਦੀ ਪਵਿੱਤਰਤਾ ਤੇ ਦ੍ਰਿੜ੍ਹਤਾ ਨਹੀਂ ਆਉਂਦੀ, ਸਾਰੀ ਇਨਸਾਨੀ ਤਰੱਕੀ ਬੇਕਾਰ ਹੈ।"

**ਸਵੈ-ਮੁਲਾਂਕਣ ਪ੍ਰਸ਼ਨ**

1. ਦਰਸ਼ੀ ਦਾ ਪਤੀ ਔਰਤਾਂ ਦੇ ਨੌਕਰੀ ਕਰਨ ਸੰਬੰਧੀ ਕੀ ਸੋਚਦਾ ਹੈ?

   ..................................................................................................

   ..................................................................................................
2. ਕਹਾਣੀ ਵਿੱਚ ਦਰਸ਼ੀ ਪਾਤਰ ਦਾ ਕੀ ਸੁਪਨਾ ਹੈ?

   ..................................................................................................

   ..................................................................................................

ਦਰਸ਼ੀ ਜਦੋਂ ਆਪਣੇ ਪਤੀ ਦੇ ਵਿਚਾਰ ਸੁਣਦੀ ਹੈ ਤਾਂ ਢੱਠੇ ਮਨ ਨਾਲ ਪਲੰਘ ਤੇ ਜਾ ਲੇਟਦੀ ਹੈ ਤੇ ਕਈ ਦਿਨ ਉਹਦੇ ਚਿਹਰੇ ਤੇ ਪਤਝੜ ਪਸਰੀ ਰਹਿੰਦੀ ਹੈ। ਬਗੀਚੇ 'ਚ ਲੱਗੇ ਹੋਏ ਫੁੱਲ ਬੇਕਾਰ ਜਾਪਦੇ ਹਨ। ਕਹਾਣੀ ਦੇ ਅੰਤ ਵਿੱਚ ਦਰਸ਼ੀ ਆਪਣੇ ਪਤੀ ਨੂੰ ਦੱਸਦੀ ਹੈ ਕਿ ਕੱਲ੍ਹ ਮੈਂ ਇਮਪਲਾਇਮੈਂਟ ਐਕਸਚੇਂਜ ਗਈ ਸੀ ਜਿਸ ਨੂੰ ਸੁਣ ਉਹ ਕੰਬ ਜਾਂਦਾ ਹੈ। ਦਰਸ਼ੀ ਦੱਸਦੀ ਹੈ ਕਿ ਉੱਥੋਂ ਦੇ ਕਲਰਕ ਨੇ ਦੱਸਿਆ ਕਿ ਭੈਣ ਜੀ ਤੁਹਾਨੂੰ ਪਿਛਲੇ ਹਫ਼ਤੇ ਇੰਟਰਵਿਊ ਕਾਰਡ ਭੇਜਿਆ ਸੀ। ਸਿਰਫ਼ ਇੱਕੋ ਹੀ ਕੈਂਡੀਡੇਟ ਸੀ। ਦਰਸ਼ੀ ਆਪਣੇ ਪਤੀ ਨੂੰ ਪੁੱਛਦੀ ਹੈ ਕਿ ਕੀ ਕੋਈ ਇੰਟਰਵਿਊ ਕਾਰਡ ਆਇਆ ਸੀ? ਇਹ ਸੁਣ ਕੇ ਦਰਸ਼ੀ ਦਾ ਪਤੀ ਡਰ ਜਾਂਦਾ ਹੈ ਤੇ ਦਰਸ਼ੀ ਨੂੰ ਦੱਸਦਾ ਹੋਇਆ ਕਹਿੰਦਾ ਹੈ ਕਿ ਡਾਕ ਆਈ ਸੀ ਤੇ ਮੈਂ ਪੜ੍ਹ ਕੇ ਪਾੜ ਦਿੱਤੀ ਸੀ ਕਿਉਂਕਿ ਮੈਂ ਤੈਨੂੰ ਨੌਕਰੀ ਨਹੀਂ ਕਰਵਾਉਣਾ ਚਾਹੁੰਦਾ। ਦਰਸ਼ੀ ਜਵਾਬ ਦਿੰਦੀ ਹੈ ਕਿ ਮੈਂ ਨੌਕਰੀ ਕਰ ਕਿ ਇਸ ਘਰ ਨੂੰ ਹੋਰ ਵੀ ਖ਼ੂਬਸੂਰਤ ਬਣਾ ਸਕਦੀ ਹਾਂ। ਦਰਸ਼ੀ ਦਾ ਪਤੀ ਕਹਿੰਦਾ ਹੈ ਕਿ ਹੁਣ ਕੀ ਹੋ ਸਕਦਾ ਹੈ ਹੁਣ ਤਾਂ ਡਾਕ ਨਸ਼ਟ ਹੋ ਚੁੱਕੀ ਹੈ। ਤੂੰ ਛੱਡ ਖ਼ਿਆਲ ਨੌਕਰੀ ਦਾ। ਨੌਕਰੀ ਜ਼ਿੰਦਗੀ ਵਿੱਚ ਕੋਈ ਬਹੁਤੀ ਵੱਡੀ ਚੀਜ਼ ਨਹੀਂ ਹੁੰਦੀ। ਦਰਸ਼ੀ ਦਾ ਪਤੀ ਆਪਣੀ ਸਾਜ਼ਿਸ਼ੀ ਸਕੀਮ ਵਿੱਚ ਕਾਮਯਾਬ ਹੋਇਆ ਮਹਿਸੂਸ ਕਰਦਾ ਹੈ। ਪਰ ਉਦੋਂ ਹੀ ਉਸ ਦੇ

ਚਿਹਰੇ ਦਾ ਰੰਗ ਉੱਡ ਜਾਂਦਾ ਹੈ ਜਦੋਂ ਦਰਸ਼ੀ ਕਹਿੰਦੀ ਹੈ ਕਿ ਤੁਸੀਂ ਸ਼ਾਇਦ ਇੰਟਰਵਿਊ ਦੀ ਤਰੀਕ ਨਹੀਂ ਪੜ੍ਹੀ। ਮੈਨੂੰ ਇੰਟਰਵਿਊ ਕਾਰਡ ਹੋਰ ਮਿਲ ਗਿਆ ਸੀ। ਅੱਜ ਮੈਂ ਇੰਟਰਵਿਊ ਪਾਸ ਕਰਕੇ ਅਪੁਆਇੰਟਮੈਂਟ ਲੈਟਰ ਲੈ ਆਈ ਹਾਂ। ਕਹਾਣੀ ਦਾ ਅੰਤ ਇੱਕ ਨਾਟਕੀ ਅੰਦਾਜ਼ ਵਿੱਚ ਹੁੰਦਾ ਹੈ।

### ਆਲੋਚਨਾਤਮਿਕ ਪਰਖ

'ਆਪਣੀ ਆਪਣੀ ਸੀਮਾ' ਕਹਾਣੀ ਔਰਤ ਦੇ ਮਰਦ ਪ੍ਰਤੀ ਤੇ ਮਰਦ ਦੇ ਔਰਤ ਪ੍ਰਤੀ ਤਰਕਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਕਹਾਣੀ ਵਿੱਚ ਝਗੜਾ ਦਿਖਾਉਣ ਦੀ ਥਾਂ ਦੋਵਾਂ ਧਿਰਾਂ ਦੀਆਂ ਦਲੀਲਾਂ ਦੀ ਪੇਸ਼ਕਾਰੀ ਕਰਨ ਦਾ ਯਤਨ ਕੀਤਾ ਗਿਆ ਹੈ। ਇਹ ਕਹਾਣੀ ਆਧੁਨਿਕ ਦੌਰ ਵਿੱਚ ਔਰਤਾਂ ਦੇ ਪੜ੍ਹ ਜਾਣ ਤੇ ਨੌਕਰੀ ਪੇਸ਼ਾ ਹੋਣ ਦੀ ਸਮਾਜਿਕ ਤਬਦੀਲੀ ਪ੍ਰਤੀ ਮਰਦਾਂ ਦੇ ਪ੍ਰਤੀਕਰਮ ਤੇ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਕਹਾਣੀ ਵਿੱਚ ਕੇਵਲ ਔਰਤ ਪਾਤਰ ਦਾ ਨਾਮ ਦਰਸ਼ੀ ਦੱਸਿਆ ਗਿਆ ਹੈ ਪਰ ਪਤੀ ਦਾ ਨਹੀਂ ਕਿਉਂਕਿ ਪਤੀ ਦਾ ਨਜ਼ਰੀਆ ਸਮਾਜ ਵਿਚਲੇ ਬਹੁ ਗਿਣਤੀ ਮਰਦਾਂ ਦੀ ਸੋਚ ਤੇ ਦ੍ਰਿਸ਼ਟੀਕੋਣ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਕਹਾਣੀ ਵਿੱਚ ਮਰਦ ਆਪਣੀ ਨਿਰਧਾਰਿਤ ਸੀਮਾ ਕਿ ਔਰਤ ਘਰ ਦਾ ਗਹਿਣਾ ਹੁੰਦੀ ਹੈ ਤੇ ਘਰ ਵਿੱਚ ਬੈਠੀ ਹੀ ਸੋਭਦੀ ਹੈ ਨੂੰ ਪ੍ਰਸਤੁਤ ਕਰਦੀ ਹੈ ਤੇ ਦੂਜੇ ਪਾਸੇ ਔਰਤ ਆਪਣੇ ਨਿਰਧਾਰਿਤ ਸੀਮਾ ਤੋਂ ਪਾਰ ਜਾ ਕੇ ਜੀਵਨ ਵਿੱਚ ਨਵੇਂ ਰੰਗ ਭਰਨ, ਸਵੈ ਨਿਰਭਰ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਿੱਚ ਸੰਘਰਸ਼ ਕਰਦੀ ਜਾਪਦੀ ਹੈ। ਇਹ ਕਹਾਣੀ ਔਰਤ ਦੀ ਸਵੈ ਸੰਘਰਸ਼ ਦੀ ਉਡਾਰੀ ਤੇ ਪਿੱਤਰਕ ਮਾਨਸਿਕਤਾ ਦੀ ਆਪਸੀ ਕਸ਼ਮਕਸ਼ ਨੂੰ ਉਭਾਰਨ ਵਿੱਚ ਸਫਲ ਰਹੀ ਹੈ।

### 1.9.3.3 ਮੋਹਨ ਭੰਡਾਰੀ ਨਾਲ ਜਾਣ-ਪਛਾਣ, ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...!' ਦਾ ਸਾਰ/ਵਿਸ਼ਾ-ਵਸਤੂ ਅਤੇ ਆਲੋਚਨਾਤਮਿਕ ਪਰਖ

### ਲੇਖਕ ਨੇ ਜਾਣ-ਪਛਾਣ

ਮੋਹਨ ਭੰਡਾਰੀ ਦਾ ਜਨਮ ਪਿੰਡ ਬਨਭੌਰਾ ਜ਼ਿਲ੍ਹਾ ਸੰਗਰੂਰ ਵਿੱਚ ਸ੍ਰੀ ਨੱਥੂ ਰਾਮ ਦੇ ਘਰ 1937 ਈ. ਵਿੱਚ ਹੋਇਆ। ਉਸ ਦੀ ਦ੍ਰਿਸ਼ਟੀ ਮੁੱਖ ਤੌਰ ਤੇ ਪ੍ਰਗਤੀਵਾਦੀ ਯਥਾਰਥਵਾਦੀ ਹੈ। ਉਹ ਵੱਖਰੇ ਮੁਹਾਂਦਰੇ ਦੀ ਰਚਨਾ ਕਰਨ ਵਾਲਾ ਕਹਾਣੀਕਾਰ ਹੈ। ਮੋਹਨ ਭੰਡਾਰੀ ਨਵੇਂ ਪੋਚ ਦੇ ਸਿਰਕੱਢ ਲੇਖਕਾਂ ਵਿੱਚੋਂ ਇਕ ਹੈ, ਉਸ ਦੀ ਰਚਨਾ ਵਿਧੀ ਨਵੇਂ ਪੁਰਾਣੇ ਦੇ ਵਿਚਕਾਰ ਸੰਕ੍ਰਾਂਤੀ-ਰੇਖਾ ਉੱਪਰ ਟਿਕੀ ਪ੍ਰਤੀਤ ਹੁੰਦੀ ਹੈ। ਮਾਲਵਾ-ਪ੍ਰਦੇਸ ਦੇ ਪੇਂਡੂ, ਪਰ ਭੂਮੀਹੀਣ ਜਨ-ਵਰਗ ਇਹਨਾਂ ਦੀਆਂ ਕਹਾਣੀਆਂ ਦਾ ਪ੍ਰਮੁੱਖ ਵਿਸ਼ਾ ਹੈ। ਇਸ ਜਨ-ਵਰਗ ਦੇ ਕਸ਼ਟਦਾਇਕ ਜੀਵਨ ਨੂੰ ਉਹ ਹਮਦਰਦੀ ਅਤੇ ਤਨਜ਼ ਦੇ ਮਿਲਵੇਂ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਚਲੰਤ ਪ੍ਰਵਾਹਮਈ ਬੋਲੀ ਉਸ ਦਾ ਉੱਘਾ ਲੱਛਣ ਹੈ। ਮੋਹਨ ਭੰਡਾਰੀ ਨੇ 'ਤਿਲ ਚੌਲੀ', 'ਮਨੁੱਖ ਦੀ ਪੈੜ', 'ਕਾਠ ਦੀ ਲੱਤ', 'ਪਛਾਣ', 'ਮੂਨ ਦੀ ਅੱਖ', 'ਤਣ-ਪੱਤਣ' ਆਦਿ ਕਹਾਣੀ-ਸੰਗ੍ਰਹਿ ਲਿਖੇ ਹਨ। ਮੋਹਨ ਭੰਡਾਰੀ ਨੂੰ 'ਮੂਨ ਦੀ ਅੱਖ' ਕਹਾਣੀ ਸੰਗ੍ਰਹਿ ਲਈ 1998 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਅਵਾਰਡ ਵੀ ਮਿਲ ਚੁੱਕਾ ਹੈ।

### ਕਹਾਣੀ ਦਾ ਸਾਰ/ਵਿਸ਼ਾ ਵਸਤੂ

'ਮੈਨੂੰ ਟੈਗੋਰ ਬਣਾ ਦੇ ਮਾਂ'...! ਵਿੱਚ ਪੇਂਡੂ ਘੁਮਿਆਰ ਦੀ ਸਾਧਾਰਨ ਸਥਿਤੀ ਅਤੇ ਉਸ ਦੇ ਵਿਅਕਤੀਕ੍ਰਿਤ ਚਰਿੱਤਰ ਨੂੰ ਸੁਮਿਲਵੇਂ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਸਦਕਾ ਕਹਾਣੀ ਦਾ ਅੰਤਿਮ ਪ੍ਰਭਾਵ ਪੁਰਾਣੇ ਅਭਿਆਸ ਦੇ ਅਨੁਕੂਲ ਹੁੰਦਾ ਹੋਇਆ ਵੀ ਨਵੀਨ ਭਾਵ-ਬੋਧ ਪ੍ਰਤੀ ਰੁਚਿਤ ਹੈ। 'ਮੈਨੂੰ ਟੈਗੋਰ ਬਣਾ ਦੇ ਮਾਂ' ਉਹਨਾਂ ਲੋਕਾਂ ਦੀ ਦਾਸਤਾਨ ਹੈ ਜਿਨ੍ਹਾਂ ਅੰਦਰ ਕੁੱਝ ਵੱਡਾ ਕਰਨ ਦੀ ਪ੍ਰਤਿਭਾ ਤਾਂ ਹੁੰਦੀ ਹੈ ਪਰੰਤੂ

ਉਹਨਾਂ ਦੇ ਆਰਥਿਕ ਤੇ ਸਮਾਜਿਕ ਹਾਲਾਤ ਇੰਨੇ ਮਾੜੇ ਹੁੰਦੇ ਹਨ ਕਿ ਉਹਨਾਂ ਦੀ ਪ੍ਰਤਿਭਾ ਵਿਕਾਸ ਕਰਨ ਦੀ ਥਾਂ ਮਿੱਟੀ ਵਿੱਚ ਮਿਲ ਕੇ ਰਹਿ ਜਾਂਦੀ ਹੈ। ਕਹਾਣੀ ਦੇ ਪਾਤਰ ਵਿੱਚ ਵੀ ਬੰਗਾਲੀ ਕਵੀ ਰਵਿੰਦਰ ਨਾਥ ਟੈਗੋਰ ਬਣਨ ਦੀ ਇੱਛਾ ਤੇ ਪ੍ਰਤਿਭਾ ਹੁੰਦੀ ਹੈ ਪਰ ਬਦਰੂ ਟੈਗੋਰ ਬਣਨ ਦੀ ਥਾਂ ਇੱਕ ਗਧੇ ਚਾਰਨ ਵਾਲਾ ਬਦਰੂ ਘੁਮਿਆਰ ਹੀ ਬਣ ਕੇ ਰਹਿ ਜਾਂਦਾ ਹੈ। ਇਹ ਕਹਾਣੀ ਉਹਨਾਂ ਗ਼ਰੀਬਾਂ ਅੱਖਾਂ ਦੁਆਰਾ ਲਏ ਵੱਡੇ ਸੁਪਨੇ ਦੇ ਟੁੱਟਣ ਦੀ ਪੀੜ ਜ਼ਾਹਿਰ ਕਰਦੀ ਹੈ।

ਕਹਾਣੀਕਾਰ ਦੱਸਦਾ ਹੈ ਕਿ ਬਦਰੂ ਗਧਿਆਂ ਦੁਆਰਾ ਭਾਰ ਢੋਹਣ ਦਾ ਕੰਮ ਕਰਦਾ ਹੈ। ਅੱਜ ਵੀ ਉਹ ਆਪਣਾ ਨੰਬਰ ਲਵਾਉਣ ਲਈ ਮੁਨਸ਼ੀ ਦਾ ਇੰਤਜ਼ਾਰ ਕਰ ਰਿਹਾ ਹੈ। ਮੁਨਸ਼ੀ ਦੇ ਨਾ ਆਉਣ ਕਰਕੇ ਉਹ ਖਿਝਿਆ ਪਿਆ ਹੈ। ਬਦਰੂ ਆਪਣੇ ਗਧਿਆਂ ਵੱਲ ਵੇਖ ਕੇ ਸੋਚਣ ਲੱਗਦਾ ਹੈ ਕਿ, “ਇੱਟਾਂ ਦੀਆਂ ਭਰੀਆਂ ਗੂਣਾਂ ਦੇ ਭਾਰ ਨਾਲ ਲੱਧੇ ਹੋਏ ਵੀ ਉਹ ਮੌਜ ਨਾਲ ਘਾਹ ਚਰਦੇ ਫਿਰ ਰਹੇ ਹਨ। ਜਿਵੇਂ ਕੁੱਝ ਹੋਇਆਂ ਹੀ ਨਹੀਂ ਹੁੰਦਾ। ਉਹ ਘਾਹ ਚਰਨ ਵਿਚ ਐਨੇ ਮਗਨ ਸਨ ਕਿ ਉਹਨਾਂ ਨੂੰ ਭਾਰ ਜਿਵੇਂ ਮਹਿਸੂਸ ਹੀਂ ਨਹੀਂ ਸੀ ਹੋ ਰਿਹਾ। ਭਾਰ ਤਾਂ ਜਿਵੇਂ ਬਸ ਚੁੱਕਣਾ ਹੀ ਪੈਂਦਾ ਹੈ। ਕੀ ਥੋੜ੍ਹਾ ਕੀ ਬਹੁਤਾ। ਉਹਨਾਂ ਨੂੰ ਕੀ? ਮੁਨਸ਼ੀ ਭਾਵੇਂ ਦੋ ਘੰਟੇ ਹੋਰ ਨਾ ਆਵੇ। ਆਦਮੀ ਤੇ ਗਧੇ ਵਿੱਚ ਐਨਾ ਹੀ ਫ਼ਰਕ ਹੈ। ਆਦਮੀ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਂਦਾ ਹੈ। ਪਰ ਗਧਾ ਤਾਂ ਬਸ ਗਧਾ ਹੀ ਹੁੰਦਾ ਹੈ। ਆਦਮੀ ਆਪਣੇ ਅਧੀਨ ਕੰਮ ਕਰਨ ਵਾਲਿਆਂ ਨੂੰ ਵੀ ਗਧੇ ਹੀ ਸਮਝਦਾ ਹੈ। ਕੀ ਹੋਇਆ ਜੇ ਉਹ ਆਵਾਜ਼ ਉਠਾਉਂਦੇ ਹਨ? ਨਾਲੇ ਉਸ ਆਵਾਜ਼ ਦਾ ਵੀ ਕੀ ਫ਼ਾਇਦਾ ਜਿਹੜੀ ਸੁਣ ਕੇ ਅਣਸੁਣੀ ਕਰ ਦਿੱਤੀ ਜਾਵੇ। ਬੰਦਿਆਂ ਨਾਲੋਂ ਤਾਂ ਗਧੇ ਹੀ ਚੰਗੇ ਹਨ, ਜਿਹੜੇ ਸਿਰ ਸੁੱਟ ਕੇ ਦਿਨ-ਰਾਤ ਕੰਮ ਕਰਦੇ ਰਹਿੰਦੇ ਹਨ।

ਬਦਰੂ ਕਲਪਨਾਸ਼ੀਲ ਮਨੁੱਖ ਹੈ ਜੋ ਹਮੇਸ਼ਾ ਆਪਣੇ ਸੁਪਨਿਆਂ ਵਿੱਚ ਖੋਇਆ ਰਹਿੰਦਾ ਹੈ ਜਦੋਂ ਕਿਸੇ ਇਨਸਾਨ ਦਾ ਯਥਾਰਥ ਬਹੁਤ ਹੀ ਤ੍ਰਾਸਦਿਕ ਸਥਿਤੀ ਵਾਲਾ ਹੋਵੇ ਤਾਂ ਉਹ ਸੁਪਨਿਆਂ ਤੇ ਖ਼ਿਆਲਾਂ ਦੀ ਦੁਨੀਆ ਵਿੱਚ ਹੀ ਸ਼ਰਣ ਲੈਂਦਾ ਹੈ। ਬਦਰੂ ਵੀ ਇਕ ਹੋਰ ਖ਼ਿਆਲ ਨਾਲ ਖ਼ੁਦ ਨੂੰ ਜੋੜ ਲੈਂਦਾ ਹੈ। ਉਸ ਨੂੰ ਦਾੜ੍ਹੀ ਵਾਲਾ ਬਜ਼ੁਰਗ ਕਵੀ ਯਾਦ ਆਉਂਦਾ ਹੈ ਜੋ ਬਦਰੂ ਦੇ ਮਾਸਟਰ ਕਵੀ ਕੋਲ ਲੋਕ ਗੀਤ ਇਕੱਠੇ ਕਰਦਾ-ਕਰਦਾ ਪਹੁੰਚ ਗਿਆ ਸੀ। ਫੇਰ ਮਾਸਟਰ ਕਵੀ ਤੇ ਬਜ਼ੁਰਗ ਕਵੀ ਦੋਵਾਂ ਨੇ ਇੱਕ ਦੂਜੇ ਨੂੰ ਕਵਿਤਾਵਾਂ ਤੇ ਬੋਲੀਆਂ ਸੁਣਾਈਆਂ ਸਨ। ਬਦਰੂ ਵੀ ਹੈਰਾਨ ਹੋਇਆ ਉਸ ਸਮੇਂ ਉਹਨਾਂ ਕੋਲ ਬੈਠਾ ਸੀ। ਉਹਨਾਂ ਨੂੰ ਵੇਖ ਕੇ ਬਦਰੂ ਅੰਦਰਲਾ ਕਵੀ ਵੀ ਜਾਗ ਉੱਠਿਆ ਸੀ। ਬਦਰੂ ਨੇ ਜਦੋਂ ਆਪਣੀ ਲਿਖੀ ਕਵਿਤਾ ਮਾਸਟਰ ਨੂੰ ਦਿਖਾਈ ਸੀ ਤਾਂ ਮਾਸਟਰ ਕਵੀ ਬਹੁਤ ਖ਼ੁਸ਼ ਹੋਇਆ ਸੀ। ਮਾਸਟਰ ਨੇ ਬਦਰੂ ਦੀ ਤਾਰੀਫ਼ ਕਰਦਿਆਂ ਕਿਹਾ ਸੀ, “ਬਿਲਕੁਲ ਟੈਗੋਰ ਦਾ ਰੰਗ, ਅਛੂਤਾ ਖ਼ਿਆਲ। ਬੇਟਾ, ਤੂੰ ਟੈਗੋਰ ਬਣੇਂਗਾ। ਦਿਲ ਨਾ ਛੱਡੀਂ। ਉਸ ਦਿਨ ਉਸ ਨੂੰ ਯਕੀਨ ਹੋ ਗਿਆ ਸੀ ਕਿ ਉਹ ਟੈਗੋਰ ਬਣ ਸਕਦਾ ਹੈ।

**ਸਵੈ-ਮੁਲਾਂਕਣ ਪ੍ਰਸ਼ਨ**

1. ਬਦਰੂ ਬਚਪਨ ਵਿੱਚ ਕਿਸ ਤਰ੍ਹਾਂ ਦਾ ਬੱਚਾ ਸੀ?

   ..................................................................................................

   ..................................................................................................

2. ਮੋਹਨ ਭੰਡਾਰੀ ਦੀਆਂ ਦੋ ਕਿਤਾਬਾਂ ਦੇ ਨਾਮ ਦੱਸੋ?

    ........................................................................................................

    ........................................................................................................

ਬਦਰੂ ਨੂੰ ਉਹ ਨੇਤਾ ਵੀ ਯਾਦ ਆਉਂਦਾ ਹੈ ਜੋ ਗੁਆਂਢੀ ਪਿੰਡ ਵਿੱਚ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਇਨਾਮ ਦੇਣ ਆਇਆ ਸੀ। ਇਨਾਮ ਲੈ ਲੈ ਉਹਦਾ ਪੱਲਾ ਭਰ ਗਿਆ ਸੀ। ਕੁਝ ਇਨਾਮ ਉਹਨੂੰ ਆਪਣੇ ਮਿੱਤਰ ਨੂੰ ਫੜਾਉਣੇ ਪਏ ਸਨ। ਉਹ ਸਕੂਲ 'ਚੋਂ ਫ਼ਸਟ ਆਇਆ ਸੀ। ਦੌੜਾਂ 'ਚੋਂ ਫ਼ਸਟ ਆਇਆ ਸੀ। ਕਵਿਤਾ ਦੇ ਮੁਕਾਬਲੇ 'ਚੋਂ ਫ਼ਸਟ ਆਇਆ ਸੀ। ਉਸ ਦਿਨ ਹੀ ਉਸ ਨੂੰ ਮਾਸਟਰ ਕਵੀ ਕੋਲੋਂ ਪਤਾ ਚੱਲਦਾ ਹੈ ਕਿ ਮਹਾਂਕਵੀ ਟੈਗੋਰ ਨੂੰ ਉਸ ਦੀ ਮਾਂ ਨੇ ਟੈਗੋਰ ਬਣਾਇਆ ਸੀ। ਇਹ ਗੱਲ ਸੁਣ ਕੇ ਬਦਰੂ ਭੱਜਿਆ ਭੱਜਿਆ ਆਪਣੀ ਮਾਂ ਕੋਲ ਜਾ ਕੇ ਕਹਿੰਦਾ ਹੈ ਕਿ ਮਾਂ, 'ਮੈਨੂੰ ਟੈਗੋਰ ਬਣਾ ਦੇ'। ਪਰੰਤੂ ਉਸ ਦੀ ਮਾਂ ਨੂੰ ਸਹੀ ਸੁਣਾਈ ਨਹੀਂ ਦਿੰਦਾ ਉਹ ਟੈਗੋਰ ਨੂੰ ਮੋਰ ਸਮਝ ਲੈਂਦੀ ਹੈ, ਜਿਸ ਕਰਕੇ ਬਦਰੂ ਨਿਰਾਸ਼ ਹੋ ਜਾਂਦਾ ਹੈ ਤੇ ਉਸ ਨੂੰ ਮਾਂ ਉੱਤੇ ਵੀ ਗ਼ੁੱਸਾ ਆਉਂਦਾ ਹੈ।

ਬਦਰੂ ਨੂੰ ਉਸ ਮਨਹੂਸ ਦਿਨ ਦੀ ਵੀ ਯਾਦ ਆਉਂਦੀ ਹੈ ਜਿਸ ਦਿਨ ਅਧਰੰਗ ਕਾਰਨ ਉਸ ਦੇ ਪਿਉ ਦਾ ਪਾਸਾ ਮਾਰਿਆ ਗਿਆ ਸੀ ਤੇ ਉਸ ਨੂੰ ਅੱਠਵੀਂ 'ਚੋਂ ਹਟ ਕੇ ਆਪਣੇ ਪਿਉ ਦਾ ਕਿੱਤਾ ਸਾਹਮਣਾ ਪਿਆ ਸੀ। ਕਵੀ ਮਾਸਟਰ ਨੇ ਉਹਦੇ ਪਿਉ ਦੀਆਂ ਬਹੁਤ ਮਿੰਨਤਾਂ ਕੀਤੀਆਂ ਸਨ ਕਿ ਉਹ ਉਸ ਨੂੰ ਘੱਟੋ-ਘੱਟ ਦਸਵੀਂ ਕਰਵਾ ਦੇਵੇ। ਪਰ ਉਸ ਦੇ ਪਿਉ ਦੇ ਇੱਕੋ ਜਵਾਬ ਨੇ ਉਸ ਨੂੰ ਲਾਜਵਾਬ ਕਰ ਦਿੱਤਾ ਸੀ। ਉਹਦੇ ਪਿਉ ਨੇ ਕਿਹਾ ਸੀ, "ਮਾਸਟਰ ਜੀ, ਜਿੱਥੇ ਰੋਟੀ ਦਾ ਫ਼ਿਕਰ ਹੋਵੇ ਉੱਥੇ ਪੜ੍ਹਾਈ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਪਹਿਲਾਂ ਟਿੱਡ ਹੈ ਪੜ੍ਹਾਈ ਪਿੱਛੋਂ।" ਉਸ ਦਿਨ ਹੀ ਬਦਰੂ ਘੁਮਿਆਰ ਅੰਦਰੋਂ ਅੱਧਾ ਟੈਗੋਰ ਮਰ ਗਿਆ ਸੀ।

ਬਦਰੂ ਸੋਚਾਂ ਵਿੱਚ ਗੁਆਚਾ ਹੁੰਦਾ ਹੈ ਉਦੋਂ ਹੀ ਮੁਨਸ਼ੀ ਆ ਜਾਂਦਾ ਹੈ। ਬਦਰੂ ਨੂੰ ਉਸ ਦੇ ਲੇਟ ਆਉਣ ਤੇ ਬਹੁਤ ਗ਼ੁੱਸਾ ਤਾਂ ਹੈ ਪਰ ਹੀਣ-ਭਾਵਨਾ ਕਾਰਨ ਉਸ ਨੂੰ ਕੁਝ ਕਹਿਣ ਤੋਂ ਵੀ ਝਿਜਕਦਾ ਹੈ। ਉਸ ਮੁਨਸ਼ੀ ਕੋਲੋਂ ਰਸੀਦ ਲੈ ਕੇ ਚੱਲ ਪੈਂਦਾ ਹੈ। ਤੁਰਦਿਆਂ ਤੁਰਦਿਆਂ ਉਸ ਨੂੰ ਸਕੂਲ ਦੀ ਕੰਧ ਉੱਪਰ ਮਾਸਟਰ ਕਵੀ ਦੁਆਰਾ ਲਿਖੀਆਂ ਸਤਰਾਂ ਯਾਦ ਆਉਂਦੀਆਂ ਹਨ ਜਿਸ ਵਿੱਚ ਦੱਸਿਆ ਗਿਆ ਸੀ ਕਿ ਟੈਗੋਰ ਆਪਣੀ ਮਾਂ ਕੋਲ ਮਿੱਟੀ ਵਿੱਚ ਖੇਡਣ ਦੀ ਜ਼ਿੱਦ ਕਰਦਾ ਹੈ। ਪਰ ਦੂਜੇ ਪਾਸੇ ਬਦਰੂ ਆਪਣੇ ਬਾਰੇ ਸੋਚਦਾ ਹੋਇਆ ਕਹਿੰਦਾ ਹੈ ਕਿ, "ਮੈਂ ਤਾਂ ਜੰਮਿਆ, ਖੇਡਿਆ ਅਤੇ ਪਲਿਆ ਹੀ ਧੂੜ ਵਿੱਚ ਹਾਂ ਪਰ ਟੈਗੋਰ ਨਹੀਂ ਬਣ ਸਕਿਆ।" ਇਹ ਕਹਿ ਕੇ ਉਹ ਆਪ ਹੀ ਆਪਣੇ ਹਾਲਾਤਾਂ ਬਾਰੇ ਸੋਚ ਕੇ ਉੱਚੀ ਉੱਚੀ ਹੱਸਣ ਲੱਗਦਾ ਹੈ।

ਰਸਤੇ ਵਿੱਚ ਤੁਰਦਾ ਜਾਂਦਾ ਬਦਰੂ ਗਧੇ ਉੱਪਰ ਇਸ ਲਈ ਸਵਾਰ ਨਹੀਂ ਹੁੰਦਾ ਕਿਉਂਕਿ ਉਸ ਨੂੰ ਡਰ ਹੈ ਕਿ ਗਧਾ ਜੇ ਬੋਝ ਨਾ ਚੁੱਕ ਸਕਿਆ ਤਾਂ ਡਿਗ ਜਾਵੇਗਾ। ਇਸ ਲਈ ਬਦਰੂ ਪੈਦਲ ਹੀ ਨੰਗੇ ਪੈਰ ਚੱਲਦਾ ਹੈ। ਗਰਮੀ ਵਿੱਚ ਤਪਦੀ ਰੇਤ ਉੱਪਰ ਚੱਲਦਿਆਂ ਉਹ ਸੂਰਜ ਨੂੰ ਗਾਲ੍ਹਾਂ ਕੱਢਦਾ ਹੈ ਤੇ ਬੱਦਲਾਂ ਨੂੰ ਆਉਣ ਦਾ ਸੱਦਾ ਦਿੰਦਾ ਹੈ। ਉਹ ਕਦੀ ਬਜ਼ੁਰਗ ਕਵੀ ਬਾਰੇ ਸੋਚਦਾ ਹੈ ਕਦੀ ਮਾਸਟਰ ਕਵੀ ਬਾਰੇ ਸੋਚਦਾ ਹੈ। ਉਹ ਸੋਚਦਾ ਹੈ ਕਾਸ਼ ਜੇ ਉਹ ਉਸ ਨੂੰ ਹੁਣ ਮਿਲਣ ਤਾਂ ਉਹ ਉਹਨੂੰ ਨੂੰ ਆਪਣੇ ਨਵੇਂ ਲਿਖੇ ਗੀਤ ਸੁਣਾਵੇਗਾ। ਉੱਥੇ ਖੜ੍ਹਾ ਖੜ੍ਹਾ ਉਹ ਪਤਾ ਨਹੀਂ ਕੀ ਕੀ ਸੋਚਦਾ ਰਿਹਾ ਸੀ। ਫੇਰ ਉਹ ਬਾਅਦ ਵਿੱਚ ਵਿੱਚ ਕੰਬ ਉੱਠਦਾ ਹੈ ਜਦੋਂ ਇੱਕ ਵੈਲੀ ਜੱਟ ਉਸ ਉੱਪਰ ਘਸੁੰਨ ਮਾਰ ਦਾ ਹੋਇਆ ਕਹਿੰਦਾ ਹੈ ਕਿ, "ਖੜ੍ਹ ਤੇਰੇ ਕੁੱਤੇ ਘੁਮਿਆਰ ਦੀ ਭੈਣ....ਸਾਲਿਆ, ਤੂੰ ਇੱਥੇ ਰੰਗ ਤਮਾਸ਼ੇ ਵੇਖਦੈਂ। ਤੇਰੇ ਗਧਿਆਂ ਨੇ ਮੇਰੇ ਖੇਤ ਦਾ ਸੱਤਿਆਨਾਸ ਕਰ ਦਿੱਤਾ। ਕੁੱਤੀ ਜਾਤ...।" ਬਦਰੂ

ਡਰ ਦਾ ਹੋਇਆ ਕਾਹਲੀ ਕਾਹਲੀ ਖ਼ੁਦ ਨੂੰ ਬਚਾਉਣ ਲਈ ਗਧਿਆਂ ਉੱਪਰ ਡੰਡੇ ਵਰਾਉਂਦਾ ਗਰਦ ਵਿੱਚ ਇਕ ਨੁਕਤੇ ਵਾਂਗ ਸਿਮਟ ਗਿਆ।

## ਆਲੋਚਨਾਤਮਿਕ ਪਰਖ

ਮੋਹਨ ਭੰਡਾਰੀ ਦੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ' ਇਕ ਤ੍ਰਾਸਦਿਕ ਭਾਵ ਦੁਖਾਂਤਕ ਰਚਨਾ ਹੈ। ਇਹ ਕਹਾਣੀ ਉਹਨਾਂ ਪ੍ਰਤਿਭਾਸ਼ਾਲੀ ਗ਼ਰੀਬ ਲੋਕਾਂ ਦੀ ਦਾਸਤਾਨ ਹੈ ਜਿਨ੍ਹਾਂ ਦੀ ਪ੍ਰਤਿਭਾ ਗ਼ਰੀਬੀ ਕਾਰਨ ਮਿੱਟੀ ਦੀ ਧੂਲ ਵਿੱਚ ਮਿਲ ਕੇ ਰਹਿ ਜਾਂਦੀ ਹੈ। ਕਹਾਣੀ ਦਾ ਪਾਤਰ ਬਦਰੂ ਮਹਾਂਕਵੀ ਟੈਗੋਰ ਵਾਂਗ ਬਣਨਾ ਲੋਚਦਾ ਹੈ ਪਰ ਉਸ ਦੇ ਹਾਲਾਤ ਉਸ ਨੂੰ ਇੱਕ ਬਦਰੂ ਘੁਮਿਆਰ ਜੋ ਗਧਿਆਂ ਦੁਆਰਾ ਭਾਰ ਢੋਹਣ ਦਾ ਕੰਮ ਕਰਦਾ ਹੈ ਤੋਂ ਵੱਧ ਪਛਾਣ ਬਣਾਉਣ ਕਾਮਯਾਬ ਨਹੀਂ ਹੋਣ ਦਿੰਦੇ। ਤਲਖ਼ ਯਥਾਰਥ ਤੋਂ ਨਿਜਾਤ ਪਾਉਣ ਲਈ ਬਦਰੂ ਸੁਪਨਿਆਂ, ਖ਼ਿਆਲਾਂ ਤੇ ਯਾਦਾਂ ਦੀ ਦੁਨੀਆ ਵਿੱਚ ਜ਼ਿਆਦਾ ਸਮਾਂ ਬਤੀਤ ਕਰਦਾ ਹੈ। ਇਹ ਕਹਾਣੀ ਇਕੱਲੇ ਬਦਰੂ ਨਹੀਂ ਲੱਖਾਂ ਹੀ ਉਹਨਾਂ ਗ਼ਰੀਬਾਂ ਦੀ ਕਹਾਣੀ ਹੈ ਜਿੰਨ੍ਹਾਂ ਵਿੱਚ ਪ੍ਰਤਿਭਾ ਹੋਣ ਦੇ ਬਾਵਜੂਦ ਉਹ ਆਪਣੇ ਸੁਪਨਿਆਂ ਨੂੰ ਪੂਰਾ ਨਹੀਂ ਕਰ ਸਕਦੇ। ਬਦਰੂ ਦੀ ਅਤ੍ਰਿਪਤੀ, ਹੀਣਤਾ ਅਤੇ ਸੁਪਨੇ ਟੁੱਟਣ ਦਾ ਦੁਖਾਂਤ ਸਮੁੱਚੇ ਗ਼ਰੀਬ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਜੋ ਖ਼ੁਦ ਨੂੰ ਬਿਹਤਰ ਮਨੁੱਖ ਬਣਾਉਣ ਦਾ ਸੁਪਨਾ ਲੈਂਦੇ ਹਨ।

## 1.9.4 ਸਿੱਟਾ

ਕਥਾ ਪੰਜਾਬ ਕਹਾਣੀ ਸੰਗ੍ਰਹਿ ਵਿੱਚ ਦਰਜ ਉਪਰੋਕਤ ਤਿੰਨੇ ਕਹਾਣੀਆਂ 'ਮਾਈ ਸੱਧਰਾਂ', 'ਆਪਣੀ ਆਪਣੀ ਸੀਮਾ' ਅਤੇ 'ਮੈਨੂੰ ਟੈਗੋਰ ਬਣਾ ਦੇ ਮਾਂ...!' ਵੱਖੋ-ਵੱਖਰੇ ਵਿਸ਼ਿਆਂ ਨਾਲ ਸੰਬੰਧਿਤ ਹਨ। ਮਾਈ ਸੱਧਰਾਂ ਕਹਾਣੀ ਨਿਮਨ ਪੱਧਰ ਤੇ ਜੀਵਨ ਬਸ਼ਰ ਕਰ ਰਹੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਦੀ ਸੂਝ ਦਿੰਦੀ ਹੈ। ਜਿਸ ਵਿੱਚ ਦੋਵੇਂ ਔਰਤਾਂ ਨੂੰ ਆਪਣੇ ਪੇਟ ਦੀ ਭੁੱਖ ਮਿਟਾਉਣ ਖ਼ਾਤਰ ਕਿਸੇ ਦੀ ਸਰੀਰਕ ਭੁੱਖ ਦਾ ਸ਼ਿਕਾਰ ਬਣਨਾ ਪੈਂਦਾ ਹੈ। ਮਾਈ ਸੱਧਰਾਂ ਦੇ ਆਪਣੇ ਪਰਿਵਾਰ ਲਈ ਕਿੱਤੇ ਬਲੀਦਾਨ, ਸੰਘਰਸ਼ ਅਤੇ ਝੱਲੇ ਤਸੀਹਿਆਂ ਨੂੰ ਕਹਾਣੀਕਾਰ ਨੇ ਬਾਖ਼ੂਬੀ ਢੰਗ ਨਾਲ ਸਾਹਮਣੇ ਲਿਆਂਦਾ ਹੈ। 'ਆਪਣੀ ਆਪਣੀ ਸੀਮਾ' ਕਹਾਣੀ ਔਰਤ-ਮਰਦ ਦੇ ਇੱਕ ਦੂਜੇ ਪ੍ਰਤੀ ਨਜ਼ਰੀਏ ਦੀ ਗੱਲ ਕਰਦੀ ਹੈ। ਕਹਾਣੀ ਦਾ ਮਰਦ ਪਾਤਰ ਬੇਨਾਮ ਹੋਣ ਦਾ ਕਾਰਨ ਇਹ ਹੈ ਕਿ ਉਹ ਸਮੁੱਚੀ ਮਰਦ ਜਾਤੀ ਦੇ ਔਰਤ ਪ੍ਰਤੀ ਪਰੰਪਰਾਗਤ ਦ੍ਰਿਸ਼ਟੀਕੋਣ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਕਹਾਣੀ ਇਕ ਪੜ੍ਹੀ-ਲਿਖੀ ਤੇ ਆਪਣੇ ਸੁਪਨਿਆਂ ਲਈ ਸੰਘਰਸ਼ ਕਰਦੀ ਔਰਤ ਦੀ ਦ੍ਰਿੜ੍ਹਤਾ ਤੇ ਦਲੇਰੀ ਨੂੰ ਬਿਆਨ ਕਰਦੀ ਹੈ। ਤੀਜੀ ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...!' ਬਦਰੂ ਦੇ ਪਾਤਰ ਰਾਹੀਂ ਉਹਨਾਂ ਲੋਕਾਂ ਦੀ ਬਾਤ ਪਾਉਂਦੀ ਹੈ ਜੋ ਪ੍ਰਤਿਭਾਸ਼ਾਲੀ ਹੋਣ ਦੇ ਬਾਵਜੂਦ ਗ਼ਰੀਬ ਆਰਥਿਕ ਤੇ ਸਮਾਜਿਕ ਸਥਿਤੀ ਕਾਰਨ ਆਪਣੀ ਪ੍ਰਤਿਭਾ ਨੂੰ ਉਭਾਰਨ ਵਿੱਚ ਨਾਕਾਮਯਾਬ ਰਹਿੰਦੇ ਹਨ। ਗ਼ਰੀਬੀ ਦੀਆਂ ਬੇੜੀਆਂ ਉਹਨਾਂ ਦੇ ਸੁਪਨਿਆਂ ਤੱਕ ਪਹੁੰਚਣ ਵਿੱਚ ਵੱਡੀ ਰੁਕਾਵਟ ਬਣਦੀਆਂ ਹਨ। ਤਿੰਨੇ ਕਹਾਣੀਆਂ ਸਾਨੂੰ ਸਮਾਜ ਦੀਆਂ ਵੱਖੋ-ਵੱਖਰੀਆਂ ਤਲਖ਼ ਹਕੀਕਤਾਂ ਤੋਂ ਵਾਕਫ਼ ਕਰਵਾਉਂਦੀਆਂ ਹਨ।

## 1.9.5 ਅਭਿਆਸ ਲਈ ਪ੍ਰਸ਼ਨ

ਛੋਟੇ ਪ੍ਰਸ਼ਨ

1. 'ਆਪਣੀ ਆਪਣੀ ਸੀਮਾ ਕਹਾਣੀ' ਦਾ ਲੇਖਕ ਕੌਣ ਹੈ?
2. ਬਦਰੂ ਕਿਸ ਸ਼ਖ਼ਸੀਅਤ ਵਰਗਾ ਬਣਨਾ ਚਾਹੁੰਦਾ ਹੈ ?
3. ਜੋਮਾਂ ਮਾਈ ਸੱਧਰਾਂ ਬਾਰੇ ਕਿਸ ਤਰ੍ਹਾਂ ਦੀ ਸੋਚ ਰੱਖਦੀ ਹੈ ?

4. ਮੋਹਨ ਭੰਡਾਰੀ ਨੂੰ ਕਿਸ ਕਿਤਾਬ ਲਈ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ?
5. ਦਰਸ਼ੀ ਨੌਕਰੀ ਕਿਉਂ ਕਰਨਾ ਚਾਹੁੰਦੀ ਹੈ?

ਵੱਡੇ ਪ੍ਰਸ਼ਨ

1. ਕਹਾਣੀ 'ਮਾਈ ਸੱਧਰਾਂ' ਦਾ ਸਾਰ ਪੇਸ਼ ਕਰੋ?
2. ਕਹਾਣੀ 'ਮੈਨੂੰ ਟੈਗੋਰ ਬਣਾ ਦੇ ਮਾਂ...!' ਵਿੱਚ ਪੇਸ਼ ਘਟਨਾਵਾਂ ਨੂੰ ਵਿਸਥਾਰ ਵਿਚ ਬਿਆਨ ਕਰੋ?
3. ਕਹਾਣੀ 'ਆਪਣੀ ਆਪਣੀ ਸੀਮਾ' ਦਾ ਵਿਸ਼ਾ-ਵਸਤੂ ਲਿਖੋ?
4. ਕਹਾਣੀ 'ਮਾਈ ਸੱਧਰਾਂ' ਵਿੱਚ ਪੇਸ਼ ਵਿਚਾਰਾਂ ਨੂੰ ਵਿਸਥਾਰ ਵਿੱਚ ਦੱਸੋ?

**1.9.6 ਪੁਸਤਕ ਸੂਚੀ**

1. ਡਾ. ਹਰਿਭਜਨ ਸਿੰਘ (ਸੰਪਾ.) ਕਥਾ ਪੰਜਾਬ, ਨੈਸ਼ਨਲ ਬੁੱਕ ਟਰੱਸਟ, ਦਿੱਲੀ, 2023

2. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1992

3. ਬਲਦੇਵ ਸਿੰਘ ਧਾਲੀਵਾਲ, ਵਿਸ਼ਵੀਕਰਨ ਅਤੇ ਪੰਜਾਬੀ ਕਹਾਣੀ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

4. ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.